ਚੜ੍ਹਦੀਕਲਾ ਪੜ੍ਹੋ
ਚੜ੍ਹਦੀਕਲਾ 'ਚ ਰਹੋ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ ਲਈ
ਆਪਣੇ ਅਖ਼ਬਾਰ ਏਜੰਟ ਤੋਂ ਚੜ੍ਹਦੀਕਲਾ ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'
DAILY CHARHDIKALA, CHANDIGARH
ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਸੰਪਾਦਕ : ਦਮਨਦੀਪ ਸਿੰਘ

(Thursday, 4 June 2026) ਚੰਡੀਗੜ੍ਹ, ਵੀਰਵਾਰ, 4 ਜੂਨ, 2026, 21 ਜੇਠ ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083

ਚੜ੍ਹਦੀਕਲਾ
ਦੇ ਪੱਤਰਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਈ ਵੀ ਪ੍ਰੈੱਸ ਨੋਟ, ਖ਼ਬਰ ਜਾਂ ਇਸ਼ਤਿਹਾਰ
news@charhdikala.com
ਉੱਤੇ ਹੀ ਭੇਜਿਆ ਜਾਵੇ ਜੀ

PRGI (RNI) Regd. No. CHPUN/25/A1790 ਸਾਲ (Year) 2 ਅੰਕ ਨੰਬਰ (Volume No.) 153 ਮੁੱਲ : 2.00 ਰੁਪਏ ਫ਼ੋਨ: +91-92168-07500 E-mail: news@charhdikala.com

## ਮੋਹਾਲੀ, ਡੇਰਾਬੱਸੀ ਤੇ ਖਰੜ ਦੀਆਂ ਅਦਾਲਤਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਮੋਹਾਲੀ, 3 ਜੂਨ (ਚ. ਨ. ਸ.): ਮੋਹਾਲੀ, ਡੇਰਾਬੱਸੀ ਅਤੇ ਖਰੜ ਦੀਆਂ ਅਦਾਲਤਾਂ ਨੂੰ ਈ-ਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ ਤੋਂ ਬਾਅਦ ਪੂਰੇ ਜ਼ਿਲ੍ਹੇ ਵਿੱਚ ਹੜਕੰਪ ਮੱਚ ਗਿਆ ਹੈ। ਇਹ ਧਮਕੀ ਭਰਪੂਰ ਈ-ਮੇਲ ਲੰਘੀ 1 ਜੂਨ ਨੂੰ ਪ੍ਰਾਪਤ ਹੋਈ ਸੀ, ਜਿਸ ਤੋਂ ਬਾਅਦ ਸੁਰੱਖਿਆ ਨੂੰ ਮੁੱਖ ਰੱਖਦਿਆਂ ਅਦਾਲਤੀ ਕੰਪਲੈਕਸਾਂ ਵਿੱਚ 3 ਜੂਨ ਤੋਂ 5 ਜੂਨ ਤੱਕ ਆਮ ਲੋਕਾਂ ਦੀ ਐਂਟਰੀ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਹਨ। ਹੁਣ ਅਦਾਲਤਾਂ ਦੇ ਅੰਦਰ ਸਿਰਫ਼ ਮੁਲਾਜ਼ਮਾਂ, ਲਿਟੀਗੈਂਟਸ ਅਤੇ ਸਰਕਾਰੀ ਸਟਾਫ਼ ਨੂੰ ਹੀ ਜਾਣ ਦੀ ਇਜਾਜ਼ਤ ਹੋਵੇਗੀ।



ਅੱਜ ਸਵੇਰੇ ਮੋਹਾਲੀ ਅਦਾਲਤ ਵਿੱਚ ਸੁਰੱਖਿਆ ਕਾਰਨਾਂ ਕਰਕੇ ਐਂਟਰੀ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਗਈ ਸੀ। ਬੰਬ ਨਿਰੋਧਕ ਦਸਤੇ ਅਤੇ ਐਂਟੀ-ਸਬੋਤਾਜ ਟੀਮ ਵੱਲੋਂ ਸਵੇਰ ਤੋਂ ਹੀ ਪੂਰੇ ਕੋਰਟ ਕੰਪਲੈਕਸ ਨੂੰ ਬਾਰੀਕੀ ਨਾਲ ਸਕੈਨ ਅਤੇ ਸੈਨੀਟਾਈਜ਼ ਕੀਤਾ ਗਿਆ। ਪੁਲਿਸ ਪ੍ਰਸ਼ਾਸਨ ਵੱਲੋਂ ਪੂਰੀ ਇਮਾਰਤ ਨੂੰ ਸੁਰੱਖਿਅਤ ਐਲਾਨਣ ਤੋਂ ਬਾਅਦ ਦੁਪਹਿਰ 12 ਵਜੇ ਤੋਂ ਬਾਅਦ ਹੀ ਅਦਾਲਤਾਂ ਦਾ ਸਰਕਾਰੀ ਕੰਮਕਾਜ ਮੁੜ ਸ਼ੁਰੂ ਹੋ ਸਕਿਆ। ਸੁਰੱਖਿਆ ਦੇ ਮੱਦੇਨਜ਼ਰ ਨਿਆਂਇਕ ਅਧਿਕਾਰੀਆਂ (ਜੱਜਾਂ) ਨੇ ਆਪਣੇ ਪੀ.ਐੱਸ.ਓ. ਅਤੇ ਨਾਇਬ ਕੋਰਟਾਂ ਨੂੰ ਕਿਸੇ ਵੀ ਸ਼ੱਕੀ ਵਸਤੂ ਜਾਂ ਹਰਕਤ 'ਤੇ ਤਿੱਖੀ ਨਜ਼ਰ ਰੱਖਣ ਅਤੇ ਵਧੇਰੇ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਮੋਹਾਲੀ ਜ਼ਿਲ੍ਹੇ ਦੀਆਂ ਅਦਾਲਤਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਦੀ ਇਹ ਤੀਜੀ ਘਟਨਾ ਹੈ, ਜਿਸ ਕਾਰਨ ਨਿਆਂਇਕ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਇਸ ਤੋਂ ਪਹਿਲਾਂ ਵੀ ਅਜਿਹੀਆਂ ਧਮਕੀਆਂ ਦੇ ਮਾਮਲੇ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਗਈ ਸੀ, ਪਰ ਵਾਰ-ਵਾਰ ਅਜਿਹੀਆਂ ਘਟਨਾਵਾਂ ਦਾ ਸਾਹਮਣੇ ਆਉਣਾ ਅਤੇ ਸਰਕਾਰ ਵੱਲੋਂ ਕੋਈ ਪੁਖ਼ਤਾ ਹੱਲ ਨਾ ਲੱਭਿਆ ਜਾਣਾ ਸੁਰੱਖਿਆ ਪ੍ਰਬੰਧਾਂ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ।

## 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਦਾਇਰਾ ਵਧਿਆ, ਪ੍ਰਾਈਵੇਟ ਹਸਪਤਾਲਾਂ 'ਚ ਹੁਣ 17 ਹੋਰ ਬਿਮਾਰੀਆਂ ਦਾ ਹੋਵੇਗਾ ਮੁਫ਼ਤ ਇਲਾਜ

ਚੰਡੀਗੜ੍ਹ, 3 ਜੂਨ (ਚ. ਨ. ਸ.): ਲੋਕਾਂ ਤੱਕ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਢੰਗ ਨਾਲ ਪਹੁੰਚਾਉਣ ਅਤੇ ਸਰਕਾਰੀ ਹਸਪਤਾਲਾਂ ਉੱਤੇ ਵਧ ਰਹੇ ਬੋਝ ਨੂੰ ਘਟਾਉਣ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦਿਆਂ ਭਗਵੰਤ ਮਾਨ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ 17 ਹੋਰ ਮੈਡੀਕਲ ਪ੍ਰਕਿਰਿਆਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਯੋਜਨਾ ਦਾ ਦਾਇਰਾ ਵਧਾ ਕੇ ਇਕੱਲੇ ਰਹਿਣ ਵਾਲੇ ਵਿਅਕਤੀਆਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਫ਼ੈਸਲਾ ਰਾਜ ਦੀ ਸਿਹਤ ਬੀਮਾ ਯੋਜਨਾ ਦੇ ਵਿਸਥਾਰ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਪੰਜਾਬ ਦੇ ਅਣਗਿਣਤ ਪਰਿਵਾਰਾਂ ਲਈ ਹਸਪਤਾਲ ਜਾਣਾ ਅਕਸਰ ਲੰਬੀਆਂ ਕਤਾਰਾਂ, ਭੀੜ-ਭੜੱਕੇ ਵਾਲੇ ਵਾਰਡਾਂ ਅਤੇ ਇਲਾਜ ਲਈ ਲੰਬੀ ਉਡੀਕ ਕਰਨਾ ਮੰਨਿਆ ਜਾਂਦਾ ਹੈ। ਇਸ ਬੋਝ ਨੂੰ ਘਟਾਉਣ ਦੇ ਉਦੇਸ਼ ਨਾਲ ਰਾਜ ਸਰਕਾਰ ਨੇ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਹੋਰ ਵਸੀਹ ਬਣਾਉਂਦਿਆਂ ਉਨ੍ਹਾਂ 17 ਮੈਡੀਕਲ ਪ੍ਰਕਿਰਿਆਵਾਂ ਨੂੰ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਕਰਵਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜੋ ਪਹਿਲਾਂ ਸਿਰਫ਼ ਸਰਕਾਰੀ ਹਸਪਤਾਲਾਂ ਤੱਕ ਸੀਮਤ ਸਨ।

ਇਸ ਫ਼ੈਸਲੇ ਨਾਲ ਕੇਵਲ ਸਰਕਾਰੀ ਹਸਪਤਾਲਾਂ ਲਈ ਰਾਖਵੀਆਂ ਪ੍ਰਕਿਰਿਆਵਾਂ ਦੀ ਸੂਚੀ ਹੋਰ ਛੋਟੀ ਹੋ ਗਈ ਹੈ ਅਤੇ ਹੁਣ ਲਾਭਪਾਤਰੀਆਂ ਨੂੰ ਕਾਫ਼ੀ ਵੱਡੇ ਸਿਹਤ ਸੇਵਾ ਨੈੱਟਵਰਕ ਤੋਂ ਇਲਾਜ ਕਰਵਾਉਣ ਦਾ ਮੌਕਾ ਮਿਲੇਗਾ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਨਾਲ ਖ਼ਾਸ ਕਰਕੇ ਉਨ੍ਹਾਂ ਜ਼ਿਲ੍ਹਿਆਂ ਵਿੱਚ ਸਿਹਤ ਸੇਵਾਵਾਂ ਦੀ ਉਪਲੱਬਧਤਾ ਵਿੱਚ ਸੁਧਾਰ ਹੋਵੇਗਾ, ਜਿੱਥੇ ਮਾਹਿਰ ਡਾਕਟਰੀ ਸੇਵਾਵਾਂ ਸੀਮਤ ਹਨ ਜਾਂ ਸਰਕਾਰੀ ਹਸਪਤਾਲਾਂ ਉੱਤੇ ਜ਼ਿਆਦਾ ਮਰੀਜਾਂ ਦੀ ਨਿਰਭਰਤਾ ਹੈ । ਉਨ੍ਹਾਂ ਕਿਹਾ, ਇਸ ਨਾਲ ਵੱਡੇ ਸਰਕਾਰੀ ਹਸਪਤਾਲਾਂ ਉੱਤੇ ਦਬਾਅ ਘਟੇਗਾ, ਉਡੀਕ ਸਮਾਂ ਘਟੇਗਾ ਅਤੇ ਮਰੀਜ਼ਾਂ ਨੂੰ ਸਮੇਂ ਸਿਰ ਇਲਾਜ ਮਿਲ ਸਕੇਗਾ।ਨਵੀਆਂ ਮਨਜ਼ੂਰਸ਼ੁਦਾ ਪ੍ਰਕਿਰਿਆਵਾਂ ਵੱਖ-ਵੱਖ ਮੈਡੀਕਲ ਵਿਸ਼ੇਸ਼ਤਾਵਾਂ ਨਾਲ ਸਬੰਧਤ ਹਨ, ਜਿਸ ਨਾਲ ਲੋਕਾਂ ਨੂੰ ਭੀੜ-ਭੜੱਕੇ ਵਾਲੇ ਵੱਡੇ ਹਸਪਤਾਲਾਂ ਵਿੱਚ ਖੱਜਲ-ਖੁਆਰ ਹੋਣ ਦੀ ਬਜਾਏ ਆਪਣੇ ਘਰ ਦੇ ਨੇੜੇ ਹੀ ਇਲਾਜ ਮਿਲ ਸਕੇਗਾ।

ਕੰਨ, ਨੱਕ ਅਤੇ ਗਲਾ ਇਲਾਜ ਦੇ ਤਹਿਤ ਹੁਣ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨੱਕ ਦੀ ਹੱਡੀ ਦੇ ਫ੍ਰੈਕਚਰ ਦੀ ਸੈਟਿੰਗ ਅਤੇ ਐਡੀਨੋਇਡੈਕਟੋਮੀ ਵਰਗੇ ਅਪ੍ਰੇਸ਼ਨ



ਕਰਵਾਏ ਜਾ ਸਕਣਗੇ । ਇਹ ਆਮ ਅਪ੍ਰੇਸ਼ਨ ਹਨ ਜਿਨ੍ਹਾਂ ਵਿੱਚ ਖ਼ਾਸ ਤੌਰ 'ਤੇ ਬੱਚਿਆਂ ਅਤੇ ਹਾਦਸਿਆਂ ਦੇ ਪੀੜਤਾਂ ਲਈ ਸਮੇਂ ਸਿਰ ਇਲਾਜ ਜ਼ਰੂਰੀ ਹੁੰਦਾ ਹੈ। ਜਨਰਲ ਸਰਜਰੀ ਦੇ ਖੇਤਰ ਵਿੱਚ ਸਭ ਤੋਂ ਵੱਡਾ ਵਿਸਥਾਰ ਕੀਤਾ ਗਿਆ ਹੈ। ਹਾਈਡ੍ਰੋਸੀਲ ਆਪਰੇਸ਼ਨ, ਫੋੜੇ ਦਾ ਇਲਾਜ, ਐਪੈਂਡਿਕਸ ਸਰਜਰੀ ਅਤੇ ਓਪਨ ਅਤੇ ਲੈਪ੍ਰੋਸਕੋਪਿਕ ਦੋਵੇਂ ਤਰ੍ਹਾਂ ਦੀ ਗਾਲ ਬਲੈਡਰ ਸਰਜਰੀਆਂ ਹੁਣ ਯੋਜਨਾ ਤਹਿਤ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਉਪਲੱਬਧ ਹੋਣਗੀਆਂ। ਇਸ ਨਾਲ ਮਰੀਜ਼ਾਂ ਦੀ ਉਡੀਕ ਘਟੇਗੀ ਅਤੇ ਘਰ ਦੇ ਨੇੜੇ ਇਲਾਜ ਦਾ ਲਾਭ ਮਿਲੇਗਾ।ਮਹਿਲਾ ਸਿਹਤ ਸੇਵਾਵਾਂ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਗਈ ਹੈ। ਵਿਸਥਾਰਿਤ ਸੂਚੀ ਵਿੱਚ 12 ਹਫ਼ਤਿਆਂ ਤੋਂ ਵੱਧ ਸਮੇਂ ਦੀ ਗਰਭ ਪਾਤ ਸਬੰਧੀ ਪ੍ਰਕਿਰਿਆ, ਹਿਸਟੈਰੋਟੋਮੀ, ਗਰਭ ਅਵਸਥਾ ਨਾਲ ਜੁੜੀਆਂ ਸਮੱਸਿਆਵਾਂ ਲਈ ਹਸਪਤਾਲ ਵਿੱਚ ਦਾਖ਼ਲਾ ਅਤੇ ਨਾਬਾਲਗ ਲੜਕੀਆਂ, ਅਣਵਿਆਹੀਆਂ ਯੌਨ ਤੌਰ 'ਤੇ ਨਿਸ਼ਕ੍ਰਿਆ ਮਹਿਲਾਵਾਂ ਅਤੇ ਯੌਨ ਸ਼ੋਸ਼ਣ ਦੀਆਂ ਪੀੜਤਾਵਾਂ ਦੀ ਐਨੇਸਥੀਸੀਆ ਅਧੀਨ ਜਾਂਚ ਨੂੰ ਸ਼ਾਮਲ ਕੀਤਾ ਗਿਆ ਹੈ।ਇਨ੍ਹਾਂ ਸੇਵਾਵਾਂ ਦੇ ਸ਼ਾਮਲ ਹੋਣ ਨਾਲ ਲੋੜਵੰਦ ਅਤੇ ਕਮਜ਼ੋਰ ਵਰਗਾਂ ਨੂੰ ਹੋਰ ਆਸਾਨੀ ਨਾਲ ਤੇ ਸਮੇਂ-ਸਿਰ ਇਲਾਜ ਮਿਲ ਸਕੇਗਾ। ਇਸੇ ਤਰ੍ਹਾਂ ਨੇਤਰ ਰੋਗ ਅਤੇ ਆਰਥੋਪੀਡਿਕ ਸੇਵਾਵਾਂ ਨੂੰ ਵੀ ਮਜ਼ਬੂਤ ਕੀਤਾ ਗਿਆ ਹੈ। ਹੁਣ ਪਟੈਰਿਜੀਅਮ ਐਕਸੀਜ਼ਨ ਅਤੇ ਐਂਟਰੋਪੀਅਨ ਕਰੈਕਸ਼ਨ ਵਰਗੀਆਂ ਅੱਖਾਂ ਨਾਲ ਸਬੰਧਤ ਪ੍ਰਕਿਰਿਆਵਾਂ ਵੀ ਨਿੱਜੀ ਹਸਪਤਾਲਾਂ ਵਿੱਚ ਕਰਵਾਈਆਂ ਜਾ ਸਕਣਗੀਆਂ। ਇਸ ਐਲਾਨ ਦੇ ਨਾਲ ਯੋਜਨਾ ਦੇ ਦਾਇਰੇ ਦਾ ਇੱਕ ਹੋਰ ਮਹੱਤਵਪੂਰਨ ਵਿਸਥਾਰ ਕੀਤਾ ਗਿਆ ਹੈ। ਹੁਣ ਇਕੱਲੇ ਰਹਿਣ ਵਾਲੇ ਵਿਅਕਤੀ , ਜਿਨ੍ਹਾਂ ਵਿੱਚ ਸੀਨੀਅਰ ਸਿਟੀਜ਼ਨ, ਵਿਧਵਾਵਾਂ ਅਤੇ ਸੁਤੰਤਰ ਤੌਰ 'ਤੇ ਰਹਿਣ ਵਾਲੇ ਹੋਰ ਵਿਅਕਤੀ ਸ਼ਾਮਲ ਹਨ, ਵੀ ਇਸ ਯੋਜਨਾ ਦਾ ਲਾਭ ਲੈ ਸਕਣਗੇ। ਰਾਜ ਸਿਹਤ ਏਜੰਸੀ ਦੀ ਰਿਪੋਰਟ ਅਨੁਸਾਰ, ਮੌਜੂਦਾ ਸਮੇਂ ਵਿੱਚ ਲਗਪਗ 65 ਲੱਖ ਪਰਿਵਾਰ ਇਸ ਯੋਜਨਾ ਤਹਿਤ ਕਵਰ ਕੀਤੇ ਜਾ ਚੁੱਕੇ ਹਨ। ਇਸ ਵੇਲੇ 824 ਹਸਪਤਾਲ, ਜਿਨ੍ਹਾਂ ਵਿੱਚ ਸਰਕਾਰੀ, ਕੇਂਦਰ ਸਰਕਾਰ ਦੇ ਅਤੇ ਸੂਚੀਬੱਧ ਨਿੱਜੀ ਹਸਪਤਾਲ ਸ਼ਾਮਲ ਹਨ, ਯੋਜਨਾ ਤਹਿਤ ਇਲਾਜ ਪ੍ਰਦਾਨ ਕਰ ਰਹੇ ਹਨ। ਲਗਭਗ 2,300 ਬੀਮਾਰੀਆਂ ਅਤੇ ਮੈਡੀਕਲ ਪ੍ਰਕਿਰਿਆਵਾਂ ਨੂੰ ਕਵਰ ਕਰਨ ਵਾਲੀ ਅਤੇ ਲਗਾਤਾਰ ਵਿਕਸਤ ਹੁੰਦੀ ਹੋਈ ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਦੇ ਲੋਕਾਂ ਲਈ ਇੱਕ ਮਹੱਤਵਪੂਰਨ ਸਿਹਤ ਸੁਰੱਖਿਆ ਕਵਚ ਬਣ ਚੁੱਕੀ ਹੈ।

## ਗਿਆਨ ਸਾਗਰ ਟਰੱਸਟ ਦੀਆਂ ਜਾਇਦਾਦਾਂ ਜ਼ਬਤ

### ਸੰਸਥਾਵਾਂ ਦੇ ਭਵਿੱਖ 'ਤੇ ਲੱਗਿਆ ਪ੍ਰਸ਼ਨ ਚਿੰਨ੍ਹ

ਬਨੂੜ, 3 ਜੂਨ (ਚ. ਨ. ਸ.): ਈ ਡੀ ਵੱਲੋਂ ਗਿਆਨ ਸਾਗਰ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ ਦੀਆਂ ਜਾਇਦਾਦਾਂ ਨੂੰ ਪਰਲਜ਼ ਮਾਮਲੇ ਸਬੰਧੀ ਅਸਥਾਈ ਤੌਰ 'ਤੇ ਜ਼ਬਤ (ਅਟੈਚ) ਕਰਨ ਨਾਲ ਗਿਆਨ ਸਾਗਰ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਭਵਿੱਖ 'ਤੇ ਮੁੜ ਖ਼ਤਰਾ ਮੰਡਰਾਉਣ ਲੱਗ ਪਿਆ ਹੈ। ਇਸ ਅਚਨਚੇਤ ਕਾਰਵਾਈ ਕਾਰਨ ਕਾਲਜ ਦੇ ਅਧਿਆਪਕਾਂ, ਗੈਰ-ਅਧਿਆਪਨ ਅਮਲੇ ਅਤੇ ਵਿਦਿਆਰਥੀਆਂ ਵਿੱਚ ਭਾਰੀ ਚਿੰਤਾ ਅਤੇ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਹੈ। ਇਸ ਟਰੱਸਟ ਦੀ ਨਿਗਰਾਨੀ ਹੇਠ ਸਿਰਫ਼ ਮੈਡੀਕਲ ਕਾਲਜ ਹੀ ਨਹੀਂ, ਬਲਕਿ ਡੈਂਟਲ, ਫਿਜ਼ੀਓਥੈਰੇਪੀ, ਨਰਸਿੰਗ ਅਤੇ ਕਈ ਹੋਰ ਪੈਰਾ-ਮੈਡੀਕਲ ਕੋਰਸਾਂ ਨਾਲ ਸਬੰਧਿਤ ਮਹੱਤਵਪੂਰਨ ਸੰਸਥਾਵਾਂ ਚੱਲ ਰਹੀਆਂ ਹਨ। ਗਿਆਨ ਸਾਗਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਇਸ ਸਮੇਂ ਐੱਮ ਬੀ ਬੀ ਐੱਸ ਅਤੇ ਪੋਸਟ-ਗ੍ਰੈਜੂਏਟ ਦੇ ਸੈਂਕੜੇ ਵਿਦਿਆਰਥੀ ਉਚੇਰੀ ਸਿੱਖਿਆ ਪੂਰੀ ਕਰ ਰਹੇ ਹਨ। ਜਾਇਦਾਦਾਂ ਅਟੈਚ ਹੋਣ ਨਾਲ ਸੰਸਥਾਵਾਂ ਦੇ ਬੈਂਕ ਖਾਤਿਆਂ ਦੇ ਫਰੀਜ਼ ਹੋਣ ਜਾਂ ਉਨ੍ਹਾਂ ਦੇ ਸੰਚਾਲਨ ਸਬੰਧੀ ਗੰਭੀਰ ਅਨਿਸ਼ਚਿਤਤਾ ਬਣ ਗਈ ਹੈ, ਜਿਸ ਕਾਰਨ ਸਟਾਫ਼ ਨੂੰ ਆਪਣੀਆਂ ਤਨਖਾਹਾਂ ਅਤੇ ਨੌਕਰੀਆਂ ਦੇ ਸੁਰੱਖਿਅਤ ਰਹਿਣ ਦਾ ਡਰ ਸਤਾ ਰਿਹਾ ਹੈ। ਈ ਡੀ ਮੁਤਾਬਕ ਇਨ੍ਹਾਂ ਸੰਸਥਾਵਾਂ ਦੇ ਨਿਰਮਾਣ ਅਤੇ ਸੰਚਾਲਨ ਵਿੱਚ ਨਿਵੇਸ਼ਕਾਂ ਤੋਂ ਇਕੱਠੀ ਕੀਤੀ ਗਈ ਕਰੋੜਾਂ ਰੁਪਏ ਦੀ ਰਾਸ਼ੀ ਦੀ ਵਰਤੋਂ ਕੀਤੀ ਗਈ ਸੀ, ਜਿਸ ਦੇ ਖੁਲਾਸੇ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ। ਫਿਲਹਾਲ ਕਾਲਜ ਪ੍ਰਸ਼ਾਸਨ ਦਾ ਕੋਈ ਵੀ ਉੱਚ ਅਧਿਕਾਰੀ ਬੋਲਣ ਨੂੰ ਤਿਆਰ ਨਹੀਂ ਹੈ। ਸਾਰੇ ਸਬੰਧਿਤ ਪੱਖ ਈ ਡੀ ਵੱਲੋਂ ਜ਼ਬਤ ਪੀ ਏ ਸੀ ਐੱਲ ਦੀਆਂ 14 ਜਾਇਦਾਦਾਂ ਬਾਰੇ ਅਧਿਕਾਰਤ ਬਿਆਨ ਦੀ ਉਡੀਕ ਕਰ ਰਹੇ ਹਨ। ਸੰਸਥਾ ਦੇ ਸਾਬਕਾ ਅਧਿਕਾਰੀ ਮੁਤਾਬਕ ਜੇ ਮਾਮਲਾ ਜਲਦੀ ਨਾ ਸੁਲਝਿਆ ਤਾਂ ਇਹ ਫੈਸਲਾ ਗਿਆਨ ਸਾਗਰ ਦੀਆਂ ਸਾਰੀਆਂ ਸੰਸਥਾਵਾਂ ਲਈ ਵੱਡਾ ਸੰਕਟ ਖੜ੍ਹਾ ਕਰ ਸਕਦਾ ਹੈ।

## ਭਾਜਪਾ ਕਿਸਾਨਾਂ ਦੇ ਹਿੱਤਾਂ ਨੂੰ ਸਰਵਉੱਚ ਤਰਜੀਹ ਦੇਵੇਗੀ : ਢਿੱਲੋਂ

### ਪੰਜਾਬ ਭਾਜਪਾ ਦੇ ਨਵ-ਨਿਯੁਕਤ ਪ੍ਰਦੇਸ਼ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅਹੁਦਾ ਸੰਭਾਲਿਆ

ਚੰਡੀਗੜ੍ਹ, 3 ਜੂਨ (ਚ. ਨ. ਸ.): ਪੰਜਾਬ ਭਾਜਪਾ ਦੇ ਨਵ-ਨਿਯੁਕਤ ਪ੍ਰਦੇਸ਼ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਬੁੱਧਵਾਰ ਨੂੰ ਅਹੁਦਾ ਸੰਭਾਲਦੇ ਹੀ ਕਿਸਾਨਾਂ, ਉਦਯੋਗ ਤੇ ਨਸ਼ਿਆਂ ਦੇ ਮੁੱਦੇ ਨੂੰ ਆਪਣੀ ਤਰਜੀਹ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਖੇਤੀਬਾੜੀ ਨੂੰ ਮਜ਼ਬੂਤ ਕਰਨ, ਖੇਤੀ ਆਧਾਰਤ ਉਦਯੋਗਾਂ ਨੂੰ ਉਤਸ਼ਾਹਤ ਕਰਨ ਤੇ ਨਸ਼ਿਆਂ ਖ਼ਿਲਾਫ਼ ਫ਼ੈਸਲਾਕੁੰਨ ਲੜਾਈ ਲੜਨ ਦੀ ਲੋੜ ਹੈ। ਨਾਲ ਹੀ ਦਾਅਵਾ ਕੀਤਾ ਕਿ ਭਾਜਪਾ ਨੇ ਸੂਬੇ 'ਚ ਮਜ਼ਬੂਤ ਸਿਆਸੀ ਅਧਾਰ ਤਿਆਰ ਕਰ ਲਿਆ ਹੈ ਤੇ ਆਉਣ ਵਾਲੇ ਸਮੇਂ 'ਚ ਇਸ ਦਾ ਹੋਰ ਵਿਸਥਾਰ ਕੀਤਾ ਜਾਵੇਗਾ।



ਢਿੱਲੋਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਸਿਆਸੀ ਜੀਵਨ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ ਅਤੇ ਹਰ ਵਾਰ ਮੁਸ਼ਕਲ ਹਾਲਾਤ 'ਚੋਂ ਨਿਕਲ ਕੇ ਸਫ਼ਲਤਾ ਹਾਸਲ ਕੀਤੀ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਪੰਜਾਬ ਵਿੱਚ ਵੀ ਭਾਜਪਾ ਨਵੀਂ ਊਰਜਾ ਨਾਲ ਅੱਗੇ ਵਧੇਗੀ। ਉਨ੍ਹਾਂ ਪਾਰਟੀ ਦੇ ਸਾਬਕਾ ਪ੍ਰਦੇਸ਼ ਪ੍ਰਧਾਨਾਂ ਅਤੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਸਦਕਾ ਭਾਜਪਾ ਨੂੰ ਸੂਬੇ ਵਿੱਚ ਮਜ਼ਬੂਤ ਮੰਚ ਮਿਲਿਆ ਹੈ। ਕਿਸਾਨਾਂ ਦੇ ਮੁੱਦੇ 'ਤੇ ਜ਼ੋਰ ਦਿੰਦਿਆਂ ਢਿੱਲੋਂ ਨੇ ਕਿਹਾ ਕਿ ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਕਿਸਾਨਾਂ ਦੇ ਹਿੱਤਾਂ ਨੂੰ ਸਰਵਉੱਚ ਤਰਜੀਹ ਦੇਵੇਗੀ। ਉਨ੍ਹਾਂ ਕਿਹਾ ਕਿ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਤੇ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਠੋਸ ਯਤਨ ਕੀਤੇ ਜਾਣਗੇ, ਤਾਂ ਜੋ ਕਿਸਾਨਾਂ ਦੀ ਆਮਦਨ ਵਧ ਸਕੇ। ਉਦਯੋਗਿਕ ਵਿਕਾਸ ਨੂੰ ਲੈ ਕੇ ਢਿੱਲੋਂ ਨੇ ਕਿਹਾ ਕਿ ਪੰਜਾਬ 'ਚ ਖੇਤੀ ਆਧਾਰਿਤ ਉਦਯੋਗਾਂ ਦੀਆਂ ਅਪਾਰ ਸੰਭਾਵਨਾਵਾਂ ਹਨ। ਉਨ੍ਹਾਂ ਯਾਦ ਦਿਵਾਇਆ ਕਿ ਖੇਤਰ 'ਚ ਪਹਿਲਾਂ ਵੀ ਖੇਤੀ ਨਾਲ ਜੁੜੇ ਉਦਯੋਗ ਸਥਾਪਿਤ ਹੋਏ ਹਨ ਅਤੇ ਭਵਿੱਖ'ਚ ਅਜਿਹੇ ਉਦਯੋਗਾਂ ਨੂੰ ਹੋਰ ਹੁਲਾਰਾ ਦਿੱਤਾ ਜਾਵੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਖੇਤੀਬਾੜੀ ਸਿਰਫ਼ ਉਤਪਾਦਨ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ, ਬਲਕਿ ਉਸ ਨਾਲ ਜੁੜੇ ਉਤਪਾਦਾਂ ਰਾਹੀਂ ਵੱਡੇ ਪੱਧਰ 'ਤੇ ਮੁੱਲ ਵਾਧਾ (ਵੈਲਯੂ ਐਡੀਸ਼ਨ) ਕੀਤਾ ਜਾ ਸਕਦਾ ਹੈ।

ਉਨ੍ਹਾਂ ਪੰਜਾਬ ਨੂੰ ਉਦਯੋਗਿਕ ਤੌਰ 'ਤੇ ਅੱਗੇ ਵਧਾਉਣ ਲਈ ਹਾਈ-ਟੈਕ ਸੈਕਟਰ 'ਤੇ ਵੀ ਜ਼ੋਰ ਦਿੱਤਾ। ਢਿੱਲੋਂ ਨੇ ਕਿਹਾ ਕਿ ਸੈਮੀਕੰਡਕਟਰ ਵਰਗੇ ਆਧੁਨਿਕ ਉਦਯੋਗਾਂ ਨੂੰ ਆਕਰਸ਼ਿਤ ਕਰਨ ਦੀ ਦਿਸ਼ਾ ਵਿੱਚ ਯਤਨ ਕੀਤੇ ਜਾਣਗੇ, ਜਿਸ ਨਾਲ ਪੰਜਾਬ ਨੂੰ ਦੇਸ਼ ਦੇ ਪ੍ਰਮੁੱਖ ਉਦਯੋਗਿਕ ਸੂਬਿਆਂ ਵਿੱਚ ਸ਼ਾਮਲ ਕੀਤਾ ਜਾ ਸਕੇ।ਨਸ਼ਿਆਂ ਦੇ ਮੁੱਦੇ 'ਤੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਭਾਜਪਾ ਪ੍ਰਦੇਸ਼ ਪ੍ਰਧਾਨ ਨੇ ਕਿਹਾ ਕਿ ਇਸ ਸਮੱਸਿਆ ਨੇ ਸੂਬੇ ਦੇ ਹਜ਼ਾਰਾਂ ਪਰਿਵਾਰਾਂ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਸਖ਼ਤ ਕਾਰਵਾਈ ਅਤੇ ਵਿਕਾਸ ਆਧਾਰਿਤ ਨੀਤੀਆਂ ਰਾਹੀਂ ਇਸ ਚੁਣੌਤੀ ਦਾ ਮੁਕਾਬਲਾ ਕੀਤਾ ਜਾਵੇਗਾ। ਢਿੱਲੋਂ ਦੀ ਨਿਯੁਕਤੀ ਨਾਲ ਭਾਜਪਾ ਵਰਕਰਾਂ ਅਤੇ ਸਥਾਨਕ ਆਗੂਆਂ ਦੁਆਰਾ ਸੰਗਠਨ ਨੂੰ ਮਜ਼ਬੂਤ ਕੀਤਾ ਜਾਵੇਗਾ।

## ਦਿੱਲੀ ਦੇ ਰੈਸਟੋਰੈਂਟ 'ਚ ਅੱਗ ਲੱਗਣ ਨਾਲ 21 ਮੌਤਾਂ

ਨਵੀਂ ਦਿੱਲੀ 3 ਜੂਨ (ਚ. ਨ. ਸ.): ਬੁੱਧਵਾਰ ਸਵੇਰੇ ਦਿੱਲੀ ਦੇ ਮਾਲਵੀਆ ਨਗਰ ਵਿੱਚ ਲੈਮਨ ਗ੍ਰੀਨ ਨਾਮਕ ਇੱਕ ਰੈਸਟੋਰੈਂਟ ਵਿੱਚ ਅੱਗ ਲੱਗਣ ਨਾਲ 21 ਲੋਕਾਂ ਦੀ ਮੌਤ ਹੋ ਗਈ ਹੈ । ਰੈਸਟੋਰੈਂਟ ਦੇ ਬੇਸਮੈਂਟ ਵਿੱਚੋਂ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਬਚਾਇਆ ਗਿਆ। ਜਿਸ ਇਮਾਰਤ ਵਿੱਚ ਅੱਗ ਲੱਗੀ ਉਹ ਪੰਜ ਮੰਜ਼ਿਲਾ ਇਮਾਰਤ ਹੈ। ਦਿੱਲੀ ਫਾਇਰ ਸਰਵਿਸ ਅਨੁਸਾਰ ਸਵੇਰੇ 9:45 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਬੇਸਮੈਂਟ ਵਿੱਚੋਂ ਬਚਾਏ ਗਏ ਤਿੰਨ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਅੱਗ ਬੁਝਾਊ ਦਸ ਗੱਡੀਆਂ ਨੇ ਇਮਾਰਤ ਵਿੱਚ ਲੱਗੀ ਅੱਗ ਬੁਝਾਈ ਜਦਕਿ ਬਚਾਅ ਕਾਰਜ ਜਾਰੀ ਹਨ। ਸਥਾਨਕ ਲੋਕਾਂ ਦੇ ਅਨੁਸਾਰ ਇਮਾਰਤ ਦੀ ਜ਼ਮੀਨੀ ਮੰਜ਼ਿਲ 'ਤੇ ਅੱਗ ਲੱਗੀ ਅਤੇ ਜਦੋਂ ਉੱਥੇ ਦਾ ਸ਼ੀਸ਼ਾ ਟੁੱਟ ਗਿਆ ਤਾਂ ਅੱਗ ਬੇਸਮੈਂਟ ਵਿੱਚ ਫੈਲ ਗਈ।



ਇਸ ਘਟਨਾ 'ਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦੁਖੀ ਪਰਿਵਾਰਾਂ ਨਾਲ ਮੇਰੀ ਡੂੰਘੀ ਸੰਵੇਦਨਾ ਹੈ ਅਤੇ ਮੈਂ ਜ਼ਖਮੀਆਂ ਦੀ ਜਲਦੀ ਸਿਹਤਯਾਬੀ ਦੀ ਪ੍ਰਾਰਥਨਾ ਕਰਦਾ ਹਾਂ। ਉਨ੍ਹਾਂ ਅੱਗੇ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ, ਦਿੱਲੀ ਸਰਕਾਰ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਅਸੀਂ ਇਸ ਦੁਖਾਂਤ ਤੋਂ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ।

## ਰਿਸ਼ਵਤ ਲੈਂਦਾ ਸਹਾਇਕ ਸਬ-ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

ਚੰਡੀਗੜ੍ਹ/ਫਿਰੋਜ਼ਪੁਰ, 3 ਜੂਨ (ਤਿਵਾੜੀ): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਸੀਆਈਏ ਸਟਾਫ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ ਗੁਰਜੀਤ ਸਿੰਘ ਉਰਫ਼ ਗੋਲਡੀ ਨੂੰ 1,30,000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ। ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਨੌਰੰਗ ਕੇ ਲੇਲੀ ਜ਼ਿਲ੍ਹਾ ਫਿਰੋਜ਼ਪੁਰ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਪਸ਼ੂਆਂ ਦੀ ਖਰੀਦੋ-ਫਰੋਖ਼ਤ ਦਾ ਕਾਰੋਬਾਰ ਕਰਦਾ ਹੈ ਅਤੇ ਉਸ ਦੇ ਰਿਸ਼ਤੇਦਾਰ ਖ਼ਿਲਾਫ਼ ਸੀਆਈਏ ਵੱਲੋਂ ਫਿਰੋਜ਼ਪੁਰ ਛਾਉਣੀ ਵਿਖੇ ਕੇਸ ਦਰਜ ਕੀਤਾ ਗਿਆ ਸੀ। ਇਸ ਸਬੰਧ 'ਚ ਦੋਸ਼ੀ ਸਹਾਇਕ ਸਬ-ਇੰਸਪੈਕਟਰ (ਏਐਸਆਈ) ਸ਼ਿਕਾਇਤਕਰਤਾ ਨੂੰ ਮਿਲਿਆ ਅਤੇ ਧਮਕੀ ਦਿੱਤੀ ਕਿ ਇਸ ਮਾਮਲੇ 'ਚ ਉਸਦੇ ਰਿਸ਼ਤੇਦਾਰ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਦੋਸ਼ੀ ਏਐਸਆਈ ਗੁਰਜੀਤ ਸਿੰਘ ਨੇ ਇਸ ਮਾਮਲੇ 'ਚ ਉਸਦੇ ਰਿਸ਼ਤੇਦਾਰ ਦੀ ਗ੍ਰਿਫ਼ਤਾਰੀ ਟਾਲਣ ਅਤੇ ਉਸੀ ਜ਼ਮਾਨਤ ਲਈ ਰਾਹ ਪੱਧਰਾ ਕਰਨ ਬਦਲੇ 2.5 ਲੱਖ ਰੁਪਏ ਰਿਸ਼ਵਤ ਮੰਗ ਕੀਤੀ। ਦੋਸ਼ੀ ਏਐਸਆਈ ਨੇ ਇਹ ਵੀ ਦਾਅਵਾ ਕੀਤਾ ਕਿ ਇਹ ਰਕਮ ਸੀਆਈਏ ਸਟਾਫ ਦੇ ਇੰਚਾਰਜ ਮੋਹਿਤ ਧਵਨ ਨੂੰ ਸੌਂਪੀ ਜਾਣੀ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਦੀ ਬੇਨਤੀ 'ਤੇ ਸੌਦਾ ਆਖਰਕਾਰ 2.3 ਲੱਖ ਰੁਪਏ 'ਚ ਤੈਅ ਹੋ ਗਿਆ। ਸ਼ਿਕਾਇਤਕਰਤਾ ਨੇ ਦੋਸ਼ੀ ਅਧਿਕਾਰੀ ਨੂੰ ਇੱਕ ਲੱਖ ਰੁਪਏ ਰਿਸ਼ਵਤ ਦੀ ਰਕਮ ਪਹਿਲੀ ਕਿਸ਼ਤ ਵਜੋਂ ਦਿੱਤੀ ਸੀ।ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਫਲਾਇੰਗ ਸਕੁਐਡ ਮੋਹਾਲੀ ਕੋਲ ਪਹੁੰਚ ਕੀਤੀ। ਉਸਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਏਐਸਆਈ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ 'ਚ ਸ਼ਿਕਾਇਤਕਰਤਾ ਤੋਂ 1,30,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧ 'ਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਮੋਹਾਲੀ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਯੂ. ਕੇ. 'ਚ ਸਿੱਖ ਧਾਰਮਿਕ ਚਿੰਨ੍ਹ ਕ੍ਰਿਪਾਨ 'ਤੇ ਪਾਬੰਦੀ ਦੀ ਉੱਠੀ ਮੰਗ

ਲੰਡਨ, 3 ਜੂਨ (ਚ. ਨ. ਸ.): ਯੂਕੇ ਵਿੱਚ 18 ਸਾਲਾ ਗੋਰੇ ਨੌਜਵਾਨ ਹੈਨਰੀ ਨੋਵਾਕ ਦੇ ਕਤਲ ਮਾਮਲੇ ਤੋਂ ਬਾਅਦ ਸਿੱਖ ਧਾਰਮਿਕ ਚਿੰਨ੍ਹ 'ਕ੍ਰਿਪਾਨ' ਨੂੰ ਲੈ ਕੇ ਨਵੀਂ ਸਿਆਸੀ ਬਹਿਸ ਛਿੜ ਗਈ ਹੈ। ਕੁਝ ਸਿਆਸੀ ਆਗੂਆਂ ਅਤੇ ਰੀਫੋਮ ਯੂਕੇ ਪਾਰਟੀ ਵੱਲੋਂ ਕਿਰਪਾਨ ਸਬੰਧੀ ਕਾਨੂੰਨੀ ਛੋਟਾਂ ਦੀ ਸਮੀਖਿਆ ਅਤੇ ਪਾਬੰਦੀ ਦੀ ਮੰਗ ਕੀਤੀ ਜਾ ਰਹੀ ਹੈ।

ਇਹ ਮਾਮਲਾ ਉਸ ਵੇਲੇ ਚਰਚਾ ਵਿੱਚ ਆਇਆ, ਜਦੋਂ ਸਾਊਥਹੈਂਪਟਨ ਕ੍ਰਾਊਨ ਕੋਰਟ ਨੇ ਵਿਕਰਮ ਡਿਗਵਾ ਨੂੰ ਹੈਨਰੀ ਨੋਵਾਕ ਦੇ ਕਤਲ ਦਾ ਦੋਸ਼ੀ ਕਰਾਰ ਦਿੱਤਾ। ਅਦਾਲਤ ਵਿੱਚ ਸੁਣਵਾਈ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੋਸ਼ੀ ਕੋਲ ਇੱਕ ਛੋਟੀ ਧਾਰਮਿਕ ਕ੍ਰਿਪਾਨ ਤੋਂ ਇਲਾਵਾ ਇੱਕ ਵੱਡਾ ਧਾਰਦਾਰ ਹਥਿਆਰ ਵੀ ਸੀ, ਜਿਸ ਦੀ ਵਰਤੋਂ ਕਤਲ ਵਿੱਚ ਕੀਤੀ ਗਈ। ਘਟਨਾ ਤੋਂ ਬਾਅਦ ਹੈਮਪਸਾਇਰ ਦੀ ਪੁਲਸ ਐਂਡ ਕਰਾਈਮ ਕਮਿਸ਼ਨਰ ਡੋਨਾ ਜੋਨਜ਼ ਨੇ ਧਾਰਮਿਕ ਕਾਰਨਾਂ ਕਰਕੇ ਮਿਲੀਆਂ ਚਾਕੂ ਕਾਨੂੰਨਾਂ ਦੀਆਂ ਛੋਟਾਂ ਦੀ ਸਮੀਖਿਆ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਜਨਤਕ ਸੁਰੱਖਿਆ ਨਾਲ ਜੁੜੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਦੂਜੇ ਪਾਸੇ ਰੀਫੋਮ ਯੂਕੇ ਦੇ ਆਗੂ ਨਾਇਜਲ ਫਰਾਜ ਨੇ ਵੀ ਕ੍ਰਿਪਾਨ ਨੂੰ ਲੈ ਕੇ ਸਖ਼ਤ ਟਿੱਪਣੀਆਂ ਕੀਤੀਆਂ ਹਨ, ਜਿਸ ਕਾਰਨ ਸਿਆਸੀ ਅਤੇ ਭਾਈਚਾਰਕ ਪੱਧਰ 'ਤੇ ਤਿੱਖੀ ਪ੍ਰਤੀਕਿਰਿਆ ਸਾਹਮਣੇ ਆਈ ਹੈ। ਇੰਗਲੈਂਡ ਦੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਕਤਲ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਹੈ ਕਿ ਇੱਕ ਵਿਅਕਤੀ ਦੇ ਅਪਰਾਧ ਨੂੰ ਸਿੱਖ ਧਰਮ ਜਾਂ ਕਿਰਪਾਨ ਦੀ ਮਰਯਾਦਾ ਨਾਲ ਜੋੜਨਾ ਗਲਤ ਹੈ।

## ਸੀਬੀਐਸਈ ਦੇ ਵੈਰੀਫਿਕੇਸ਼ਨ ਤੇ ਮੁੜ-ਮੁਲਾਂਕਣ ਪੋਰਟਲ 'ਤੇ ਵਧਿਆ ਟਰੈਫ਼ਿਕ

### ਇੱਕੋ ਸਮੇਂ 14 ਹਜ਼ਾਰ ਤੋਂ ਵੱਧ ਯੂਜ਼ਰਸ ਹੋਏ ਸਰਗਰਮ

ਨਵੀਂ ਦਿੱਲੀ, 3 ਜੂਨ (ਚ. ਨ.ਸ.): ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਵੱਲੋਂ ਚਲਾਇਆ ਜਾ ਰਿਹਾ ਨੰਬਰਾਂ ਦੀ ਪੜਤਾਲ ਅਤੇ ਮੁੜ-ਮੁਲਾਂਕਣ ਪੋਰਟਲ ਇਸ ਵੇਲੇ ਭਾਰੀ ਟਰੈਫ਼ਿਕ ਦਾ ਸਾਹਮਣਾ ਕਰ ਰਿਹਾ ਹੈ। ਬੋਰਡ ਵੱਲੋਂ ਜਾਰੀ ਅਧਿਕਾਰਤ ਜਾਣਕਾਰੀ ਮੁਤਾਬਕ ਮੰਗਲਵਾਰ ਰਾਤ 10 ਵਜੇ ਤੱਕ ਇਸ ਪੋਰਟਲ 'ਤੇ ਲਗਭਗ 14,000 ਵਿਦਿਆਰਥੀ ਇੱਕੋ ਸਮੇਂ ਸਰਗਰਮ ਸਨ, ਜਦੋਂ ਕਿ ਹੁਣ ਤੱਕ 28,000 ਤੋਂ ਵੱਧ ਬਿਨੈ-ਪੱਤਰ ਸਫ਼ਲਤਾਪੂਰਵਕ ਜਮ੍ਹਾਂ ਕੀਤੇ ਜਾ ਚੁੱਕੇ ਹਨ। ਬੋਰਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਵਿਦਿਆਰਥੀਆਂ ਵੱਲੋਂ ਮਿਲੇ ਫ਼ੀਡਬੈਕ ਨੂੰ ਗੰਭੀਰਤਾ ਨਾਲ ਲੈਂਦਿਆਂ ਪੋਰਟਲ ਦੇ ਡਿਜੀਟਲ ਢਾਂਚੇ ਨੂੰ ਅਪਗ੍ਰੇਡ ਕੀਤਾ ਗਿਆ ਹੈ ਤਾਂ ਜੋ ਵਰਤੋਂਕਾਰਾਂ ਦੀ ਭਾਰੀ ਗਿਣਤੀ ਕਾਰਨ ਸਿਸਟਮ ਕਰੈਸ਼ ਨਾ ਹੋਵੇ। ਨਵੇਂ ਸੁਧਾਰਾਂ ਤਹਿਤ ਸਿਸਟਮ ਵਿੱਚ 'ਸੈਸ਼ਨ ਟਾਈਮ ਲਿਮਿਟ' ਨੂੰ ਵਧਾ ਦਿੱਤਾ ਗਿਆ ਹੈ। ਇਸ ਕਦਮ ਨਾਲ ਹੁਣ ਫਾਰਮ ਭਰਨ ਵੇਲੇ ਵਾਰ-ਵਾਰ ਹੋਣ ਵਾਲੀ ਲੌਗ-ਆਊਟ ਦੀ ਸਮੱਸਿਆ ਖ਼ਤਮ ਹੋ ਗਈ ਹੈ ਅਤੇ ਵਿਦਿਆਰਥੀਆਂ ਦਾ ਅਨੁਭਵ ਪਹਿਲਾਂ ਨਾਲੋਂ ਬਿਹਤਰ ਹੋਇਆ ਹੈ। ਸੀਬੀਐੱਸਈ ਮੁੱਖ ਦਫ਼ਤਰ ਨੇ ਪੁਸ਼ਟੀ ਕੀਤੀ ਹੈ ਕਿ ਬੋਰਡ ਦੀਆਂ ਤਕਨੀਕੀ ਟੀਮਾਂ 24 ਘੰਟੇ ਇਸ ਪਲੇਟਫਾਰਮ ਦੀ ਨਿਗਰਾਨੀ ਕਰ ਰਹੀਆਂ ਹਨ ਤਾਂ ਜੋ ਇਸ ਦੀ ਸੁਰੱਖਿਆ ਅਤੇ ਭਰੋਸੇਯੋਗਤਾ ਬਣੀ ਰਹੇ। ਨਤੀਜਿਆਂ ਵਿੱਚ ਸੁਧਾਰ ਜਾਂ ਸਪੱਸ਼ਟਤਾ ਦੇ ਚਾਹਵਾਨ ਹਜ਼ਾਰਾਂ ਵਿਦਿਆਰਥੀਆਂ ਲਈ ਇਹ ਪ੍ਰਕਿਰਿਆ ਬੇਹੱਦ ਅਹਿਮ ਹੈ। ਵਿਦਿਅਕ ਮਾਹਰਾਂ ਦਾ ਕਹਿਣਾ ਹੈ ਕਿ ਅਕਾਦਮਿਕ ਕੈਲੰਡਰ ਦੇ ਰੁਝੇਵਿਆਂ ਦਰਮਿਆਨ ਬੋਰਡ ਵੱਲੋਂ ਇੰਨੇ ਵੱਡੇ ਪੱਧਰ 'ਤੇ ਡਿਜੀਟਲ ਟਰੈਫ਼ਿਕ ਨੂੰ ਸਫ਼ਲਤਾਪੂਰਵਕ ਸੰਭਾਲਣਾ ਇੱਕ ਵੱਡੀ ਪ੍ਰਾਪਤੀ ਹੈ।ਮਾਹਰਾਂ ਮੁਤਾਬਕ ਸੀਬੀਐੱਸਈ ਦੇ ਇਹ ਅਗੇਤੇ ਕਦਮ ਪ੍ਰੀਖਿਆ ਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਦਰਸਾਉਂਦੇ ਹਨ। ਕਈ ਵਿਸ਼ਿਆਂ ਵਿੱਚ ਮੁੜ-ਮੁਲਾਂਕਣ ਦੀ ਵਧਦੀ ਮੰਗ ਕਾਰਨ ਇਸ ਸਾਲ ਪੋਰਟਲ ਦੀ ਕਾਰਗੁਜ਼ਾਰੀ ਬੇਹੱਦ ਮਹੱਤਵਪੂਰਨ ਮੰਨੀ ਜਾ ਰਹੀ ਹੈ। ਦੂਜੇ ਪਾਸੇ, ਵਿਦਿਆਰਥੀਆਂ ਅਤੇ ਮਾਪਿਆਂ ਨੇ ਵੀ ਬੋਰਡ ਦੇ ਇਸ ਭਰੋਸੇ ਦਾ ਸਵਾਗਤ ਕੀਤਾ ਹੈ ਕਿ ਸਿਸਟਮ ਵਿੱਚ ਕੋਈ ਤਕਨੀਕੀ ਖ਼ਰਾਬੀ ਨਹੀਂ ਆਉਣ ਦਿੱਤੀ ਜਾਵੇਗੀ।

## ਚੰਡੀਗੜ੍ਹ ਦੇ ਬਜ਼ੁਰਗ ਜੋੜੇ ਨੂੰ 'ਡਿਜੀਟਲ ਅਰੈਸਟ' ਕਰ ਕੇ ਢਾਈ ਕਰੋੜ ਰੁਪਏ ਲੁੱਟੇ

ਚੰਡੀਗੜ੍ਹ, 3 ਜੂਨ (ਚ. ਨ. ਸ.): ਚੰਡੀਗੜ੍ਹ ਦੇ ਸੈਕਟਰ 47 ਤੋਂ ਸਾਈਬਰ ਠੱਗੀ ਦਾ ਇੱਕ ਬੇਹੱਦ ਹੈਰਾਨੀਜਨਕ ਅਤੇ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇੱਥੇ ਰਹਿਣ ਵਾਲੇ ਇੱਕ ਬਜ਼ੁਰਗ ਜੋੜੇ ਨੂੰ ਸਾਈਬਰ ਠੱਗਾਂ ਨੇ ਆਪਣਾ ਸ਼ਿਕਾਰ ਬਣਾਉਂਦੇ ਹੋਏ ਕਰੀਬ 2.5 ਕਰੋੜ ਰੁਪਏ ਦੀ ਵੱਡੀ ਰਕਮ ਠੱਗ ਲਈ।

ਮਿਲੀ ਜਾਣਕਾਰੀ ਮੁਤਾਬਕ, ਸ਼ਾਤਰ ਠੱਗਾਂ ਨੇ ਬਜ਼ੁਰਗ ਜੋੜੇ ਨੂੰ ਡਰਾ-ਧਮਕਾ ਕੇ ਕਈ ਘੰਟਿਆਂ ਤੱਕ ਆਪਣੇ ਘਰ ਵਿੱਚ ਹੀ 'ਡਿਜੀਟਲ ਅਰੈਸਟ' ਕਰਕੇ ਰੱਖਿਆ। ਇਸ ਦੌਰਾਨ ਉਨ੍ਹਾਂ ਨੂੰ ਕਿਸੇ ਨਾਲ ਵੀ ਸੰਪਰਕ ਨਹੀਂ ਕਰਨ ਦਿੱਤਾ ਗਿਆ ਅਤੇ ਡਰ ਦਾ ਮਾਹੌਲ ਪੈਦਾ ਕਰਕੇ ਕਰੋੜਾਂ ਰੁਪਏ ਦੀ ਠੱਗੀ ਨੂੰ ਅੰਜਾਮ ਦਿੱਤਾ ਗਿਆ।

ਜਦੋਂ ਬਜ਼ੁਰਗ ਜੋੜੇ ਨੂੰ ਆਪਣੇ ਨਾਲ ਹੋਈ ਇਸ ਵੱਡੀ ਧੋਖਾਧੜੀ ਅਤੇ ਲੁੱਟ ਦਾ ਅਹਿਸਾਸ ਹੋਇਆ, ਤਾਂ ਉਹ ਬੁਰੀ ਤਰ੍ਹਾਂ ਦਹਿਸ਼ਤ ਵਿੱਚ ਆ ਗਏ। ਪੀੜਤ ਜੋੜੇ ਵੱਲੋਂ ਤੁਰੰਤ ਇਸ ਦੀ ਸ਼ਿਕਾਇਤ ਸਥਾਨਕ ਪੁਲਿਸ ਨੂੰ ਦਿੱਤੀ ਗਈ ਹੈ।

ਸ਼ਿਕਾਇਤ ਮਿਲਣ ਤੋਂ ਬਾਅਦ ਚੰਡੀਗੜ੍ਹ ਪੁਲਿਸ ਦੇ ਸਾਈਬਰ ਸੈੱਲ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੀੜਤਾਂ ਕੋਲੋਂ ਸਾਰੇ ਜ਼ਰੂਰੀ ਵੇਰਵੇ ਅਤੇ ਬੈਂਕ ਡਿਟੇਲਜ਼ ਹਾਸਲ ਕਰ ਲਈਆਂ ਹਨ ਅਤੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ।

## ਕੁਵੈਤ ਏਅਰਪੋਰਟ 'ਤੇ ਹੋਏ ਭਿਆਨਕ ਡਰੋਨ ਹਮਲੇ 'ਚ ਭਾਰਤੀ ਨਾਗਰਿਕ ਦੀ ਮੌਤ, ਦੂਤਘਰ ਨੇ ਕੀਤੀ ਪੁਸ਼ਟੀ

ਤਹਿਰਾਨ, 3 ਜੂਨ (ਚ. ਨ. ਸ.): ਮਿਡਲ ਈਸਟ 'ਚ ਅਮਰੀਕਾ ਤੇ ਇਰਾਨ ਵਿਚਾਲੇ ਮੁੜ ਵਧਿਆ ਤਣਾਅ ਇਕ ਵਾਰ ਫ਼ਿਰ ਤੋਂ ਜੰਗ ਦਾ ਰੂਪ ਧਾਰਦਾ ਜਾ ਰਿਹਾ ਹੈ। ਇਸੇ ਦੌਰਾਨ ਇਰਾਨ ਨੇ ਕੁਵੈਤ ਦੇ ਅੰਤਰਰਾਸ਼ਟਰੀ ਏਅਰਪੋਰਟ 'ਤੇ ਇਕ ਭਿਆਨਕ ਡਰੋਨ ਹਮਲਾ ਕਰ ਦਿੱਤਾ ਹੈ, ਜਿਸ 'ਚ ਕੁਝ ਨਾਗਰਿਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਮਿਲੀ ਸੀ। ਪਰ ਹੁਣ ਇਸ ਹਮਲੇ 'ਚ ਕੁਵੈਤ ਸਥਿਤ ਭਾਰਤੀ ਦੂਤਘਰ ਨੇ ਇਕ ਭਾਰਤੀ ਨਾਗਰਿਕ ਦੀ ਮੌਤ ਦੀ ਪੁਸ਼ਟੀ ਕੀਤੀ ਹੈ, ਜਿਸ ਕਾਰਨ ਭਾਰਤੀ ਭਾਈਚਾਰੇ 'ਚ ਦੁੱਖ ਤੇ ਗੁੱਸਾ ਦੇਖਿਆ ਜਾ ਰਿਹਾ ਹੈ। ਭਾਰਤੀ ਦੂਤਾਵਾਸ ਨੇ ਬਿਆਨ ਜਾਰੀ ਕਰਦਿਆਂ ਇਸ ਹਮਲੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਦੂਤਾਵਾਸ ਦੇ ਅਧਿਕਾਰੀਆਂ ਮੁਤਾਬਕ, ਉਹ ਸਥਾਨਕ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਦੇ ਲਗਾਤਾਰ ਸੰਪਰਕ ਵਿੱਚ ਹਨ ਤਾਂ ਜੋ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ। ਇਸ ਦੇ ਨਾਲ ਹੀ ਮ੍ਰਿਤਕ ਭਾਰਤੀ ਨਾਗਰਿਕ ਦੇ ਪਰਿਵਾਰ ਨਾਲ ਸੰਪਰਕ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਮ੍ਰਿਤਕ ਦੇਹ ਨੂੰ ਜਲਦ ਤੋਂ ਜਲਦ ਭਾਰਤ ਭੇਜਣ ਲਈ ਲੋੜੀਂਦੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।



ਇਸ ਹਮਲੇ ਤੋਂ ਬਾਅਦ ਕੁਵੈਤ ਹਵਾਈ ਅੱਡੇ 'ਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ ਅਤੇ ਹਰੇਕ ਆਉਣ-ਜਾਣ ਵਾਲੇ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਫਿਲਹਾਲ ਹਮਲੇ ਮਗਰੋਂ ਏਅਰਪੋਰਟ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ ਤੇ ਫਲਾਈਟਾਂ ਨੂੰ ਅਗਲੇ ਹੁਕਮਾਂ ਤੱਕ ਰੋਕ ਦਿੱਤਾ ਗਿਆ ਹੈ। ਦੂਤਾਵਾਸ ਨੇ ਕੁਵੈਤ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਨੂੰ ਸਾਵਧਾਨ ਰਹਿਣ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਦੂਤਾਵਾਸ ਦੇ ਹੈਲਪਲਾਈਨ ਨੰਬਰ 'ਤੇ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

## ਰਵਨੀਤ ਸਿੰਘ ਬਿੱਟੂ ਦੇ ਵਿਧਾਨ ਸਭਾ ਚੋਣ ਲੜਨ ਦੇ ਸੰਕੇਤ

ਚੰਡੀਗੜ੍ਹ, 3 ਜੂਨ (ਚ. ਨ. ਸ.): ਕੇਂਦਰੀ ਰੇਲ ਰਾਜ ਮੰਤਰੀ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਪੰਜਾਬ ਦੀ ਰਾਜਨੀਤੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੇ ਸੰਕੇਤ ਦਿੰਦੇ ਹੋਏ ਵਿਧਾਨ ਸਭਾ ਚੋਣਾਂ ਲੜਨ ਦੀ ਇੱਛਾ ਪ੍ਰਗਟਾਈ ਹੈ। ਬਿੱਟੂ ਨੇ ਕਿਹਾ ਕਿ ਉਸਨੇ ਆਪਣੇ ਸੂਟਕੇਸ ਪੈਕ ਕਰਕੇ ਵਾਹਨਾਂ ਵਿੱਚ ਲੱਦ ਲਏ ਹਨ, ਅਤੇ ਹੁਣ ਪੂਰਾ ਧਿਆਨ ਪਾਰਟੀ ਸੰਗਠਨ ਅਤੇ ਪੰਜਾਬ ਵਿੱਚ ਜਨਤਾ ਵਿੱਚ ਕੰਮ ਕਰਨ 'ਤੇ ਹੋਵੇਗਾ। ਇਸ ਬਿਆਨ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੀਆਂ ਤਿਆਰੀਆਂ ਦੇ ਸੰਦਰਭ ਵਿੱਚ ਜੋੜਿਆ ਜਾ ਰਿਹਾ ਹੈ। ਮੀਡੀਆ ਨਾਲ ਗੱਲ ਕਰਦੇ ਹੋਏ ਬਿੱਟੂ ਨੇ ਕਿਹਾ ਕਿ ਉਹ ਪਿਛਲੇ 17 ਸਾਲਾਂ ਤੋਂ ਦਿੱਲੀ ਦੀ ਰਾਜਨੀਤੀ ਵਿੱਚ ਸਰਗਰਮ ਹਨ, ਪਰ ਹੁਣ ਉਨ੍ਹਾਂ ਦੀ ਇੱਛਾ ਪੰਜਾਬ ਦੀ ਧਰਤੀ 'ਤੇ ਵਾਪਸ ਆਉਣਾ ਅਤੇ ਸਿੱਧੇ ਤੌਰ 'ਤੇ ਲੋਕਾਂ ਦੀ ਸੇਵਾ ਕਰਨਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਨੂੰ ਵਿਕਾਸ ਦੇ ਰਾਹ 'ਤੇ ਲਿਜਾਣ ਲਈ ਭਾਜਪਾ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ ਅਤੇ ਉਹ ਇਸ ਦਿਸ਼ਾ ਵਿੱਚ ਸਹੀ ਢੰਗ ਨਾਲ ਕੰਮ ਕਰਨ ਦਾ ਇਰਾਦਾ ਰੱਖਦੇ ਹਨ।

ਬਿੱਟੂ ਨੇ ਟਿੱਪਣੀ ਕੀਤੀ ਕਿ ਮੈਂ 17 ਸਾਲਾਂ ਤੋਂ ਦਿੱਲੀ ਵਿੱਚ ਹਾਂ। ਹੁਣ, ਮੇਰੀ ਇੱਛਾ ਪੰਜਾਬ ਦੀ ਧਰਤੀ 'ਤੇ ਵਾਪਸ ਆਉਣਾ ਅਤੇ ਸੂਬੇ ਦੀ ਸੇਵਾ ਕਰਨਾ ਹੈ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਟੀਮ ਅਤੇ ਮੈਂ ਆਪਣੇ ਸੂਟਕੇਸ ਪੈਕ ਕਰ ਲਏ ਹਨ, ਅਤੇ ਹੁਣ ਅਸੀਂ ਪੰਜਾਬ ਦੇ ਹਰ ਕੋਨੇ ਵਿੱਚ ਕੰਮ ਕਰਾਂਗੇ।

# ਵਾਰਡ ਨੰਬਰ 11 ਤੋਂ ਜਿੱਤੇ ਆਜ਼ਾਦ ਉਮੀਦਵਾਰ ਨੇ ਗੁਰਦੁਆਰਾ ਬਰੋਟਾ ਸਾਹਿਬ ਵਿਖੇ ਸ਼ੁਕਰਾਨਾ ਸਮਾਗਮ ਕਰਵਾਇਆ



ਸ੍ਰੀ ਕੀਰਤਪੁਰ ਸਾਹਿਬ, 3 ਜੂਨ (ਬੀ ਐਸ ਰਾਣਾ) : ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਦੇ ਵਾਰਡ ਨੰਬਰ 11 ਤੋਂ ਜਿੱਤੇ ਆਜ਼ਾਦ ਉਮੀਦਵਾਰ ਜਗਤਾਰ ਸਿੰਘ ਸੈਣੀ ਵੱਲੋਂ ਅੱਜ ਆਪਣੇ ਪਿੰਡ ਭਗਵਾਲਾ ਗੁਰਦੁਆਰਾ ਬਰੋਟਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਆਪਣੀ ਜਿੱਤ ਲਈ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਧਾਰਮਿਕ ਸਮਾਗਮ ਕਰਵਾਇਆ ਜਿਸ ਵਿੱਚ ਸਭ ਤੋਂ ਪਹਿਲਾਂ ਪਿਛਲੇ ਦਿਨ ਤੋਂ ਆਰੰਭ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੰਪੂਰਨਤਾ ਦੇ ਭੋਗ ਪਾਏ ਗਏ। ਉਪਰੰਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਜਿੰਦਰ ਸਿੰਘ ਕਲਿਆਣਪੁਰ ਵੱਲੋਂ ਸੰਗਤ ਨੂੰ ਰਸਭਿੰਨੇ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਇਲਾਕੇ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਜਗਤਾਰ ਸਿੰਘ ਸੈਣੀ ਦਾ ਸਿਰੋਪਾ ਸਾਹਿਬ ਪਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਜਗਤਾਰ ਸਿੰਘ ਹਲਵਾਈ ਨੇ ਵਾਰਡ ਨੰਬਰ-11 ਦੀ ਸਮੂਹ ਸੰਗਤ ਅਤੇ ਧਾਰਮਿਕ ਸਮਾਗਮ ਵਿੱਚ ਪੁੱਜੀਆਂ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਵਾਹਿਗੁਰੂ ਪਰਮਾਤਮਾ ਨੇ ਉਸ ਨੂੰ ਵਾਰਡ ਨੰਬਰ-11 ਦੀ ਸਮੂਹ ਸੰਗਤ ਦੇ ਜਰੀਏ ਜੋ ਜਿੱਤ ਬਖ਼ਸ਼ਿਸ਼ ਕੀਤੀ ਹੈ ਉਹ ਉਸ ਲਈ ਉਸ ਵਾਹਿਗੁਰੂ ਪਰਮਾਤਮਾ ਅਤੇ ਸਮੂਹ ਸੰਗਤ ਦਾ ਕੋਟਿਨ ਕੋਟ ਧੰਨਵਾਦ ਤੇ ਸ਼ੁਕਰਾਨਾ ਕਰਦਾ ਹੈ। ਜਗਤਾਰ ਸਿੰਘ ਨੇ ਕਿਹਾ ਕਿ ਉਹ ਕੌਂਸਲਰ ਬਣ ਕੇ ਸਭ ਤੋਂ ਪਹਿਲਾਂ ਵਾਰਡ ਨੰਬਰ 11 ਦੇ ਅਧੂਰੇ ਪਏ ਕਾਰਜਾਂ ਨੂੰ ਪੂਰਾ ਕਰਵਾਏਗਾ , ਇਸ ਤੋਂ ਇਲਾਵਾ ਆਪਣੇ ਵਾਰਡ ਦੇ ਹੋਣ ਵਾਲੇ ਵੱਖ-ਵੱਖ ਕੰਮਾਂ ਦੀ ਰੂਪ ਰੇਖਾ ਤਿਆਰ ਕਰਕੇ ਇਹਨਾਂ ਦੇ ਕੰਮ ਵੀ ਜਲਦ ਸ਼ੁਰੂ ਕਰਵਾਏ ਜਾਣਗੇ, ਸੜਕ ਦਾ ਅਧੂਰਾ ਪਿਆ ਕੰਮ ਜਲਦ ਪੂਰਾ ਕਰਵਾਇਆ ਜਾਵੇਗਾ। ਉਹਨਾਂ ਵਾਰਡ ਨੰਬਰ-11 ਦੇ ਸਮੂਹ ਵੋਟਰਾਂ ਨੂੰ ਕਿਹਾ ਕਿ ਉਹ ਜਨਤਾ ਦੀ ਸੇਵਾ ਲਈ ਦਿਨ ਰਾਤ ਹਾਜ਼ਰ ਹੈ ਜਦੋਂ ਵੀ ਉਸ ਦੇ ਵਾਰਡ ਦੇ ਕਿਸੇ ਵੀ ਵਿਅਕਤੀ ਨੂੰ ਉਸ ਦੀ ਲੋੜ ਹੈ ਤਾਂ ਉਹ ਬਿਨਾਂ ਸੰਕੋਚ ਤੋਂ ਉਹਨਾਂ ਦੇ ਘਰ ਆ ਸਕਦਾ ਹੈ। ਇਸ ਮੌਕੇ ਜਰਨੈਲ ਸਿੰਘ, ਲਖਵੀਰ ਸਿੰਘ, ਭੁਪਿੰਦਰ ਸਿੰਘ, ਦਲਜੀਤ ਸਿੰਘ ਕੁਲਵਿੰਦਰ ਸਿੰਘ, ਰਜਿੰਦਰ ਸਿੰਘ ਰਾਣਾ, ਬਲਵੀਰ ਸਿੰਘ ਭੀਰੀ,ਦੀਪ ਏਐਸਆਈ, ਐਡਵੋਕੇਟ ਬਿਕਰਮ ਠਾਕੁਰ, ਸੁਰਿੰਦਰ ਪਾਲ ਕੌੜਾ ਸਾਬਕਾ ਪ੍ਰਧਾਨ ਨਗਰ ਪੰਚਾਇਤ, ਤੇਜਵੀਰ ਸਿੰਘ ਜਗੀਰਦਾਰ ਸਾਬਕਾ ਕੌਂਸਲਰ, ਬਰਜਿੰਦਰ ਪਾਲ ਸਿੰਘ ਨੰਬਰਦਾਰ, ਕਮਲ ਚੰਦ, ਰਾਕੇਸ਼ ਸੈਣੀ, ਨਰਿੰਦਰ ਸਿੰਘ, ਰਮਨ ਕੀਰਤਪੁਰੀਆ, ਇਕਬਾਲ ਸਿੰਘ, ਧਰਮ ਚੰਦ, ਪਰਮਜੀਤ ਸਿੰਘ, ਨਿਰੰਜਨ ਸਿੰਘ, ਗੁਰਮੇਲ ਸਿੰਘ ਆਦਿ ਹਾਜ਼ਰ ਸਨ।

# ਨਾਂਦੇੜ ਪੁਲਿਸ ਵੱਲੋਂ ਸਿੱਖੀ ਕਕਾਰ ਜ਼ਬਤ ਕਰਨਾ ਸਿੱਖੀ ਭਾਵਨਾਵਾਂ ਨੂੰ ਸੱਟ ਮਾਰਨਾ : ਮਾਨ

ਮੰਡੀ ਗੋਬਿੰਦਗੜ੍ਹ, 3 ਜੂਨ (ਸੂਦ)-ਮਹਾਰਾਸਟਰ ਸੂਬੇ ਵਿਚ ਸਾਡੇ ਮਹਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਜੋ ਲੰਮੇ ਸਮੇਂ ਤੋਂ ਸਾਡੇ ਸਿੱਖੀ ਕਕਾਰਾ ਵਿਚ ਸ਼ਾਮਿਲ ਕ੍ਰਿਪਾਨ ਬਣਾਉਂਦੇ ਆ ਰਹੇ ਸਨ ਉਨ੍ਹਾਂ ਨੂੰ ਸਿੱਖ ਸੰਗਤ ਬਹੁਤ ਪਿਆਰ ਤੇ ਸਤਿਕਾਰ ਨਾਲ ਆਪਣੇ ਘਰਾਂ ਵਿਚ ਸਜਾਉਂਦੀ ਹੈ। ਉਸ ਸਿੱਖ ਧਰਮ ਦੇ ਅੰਦਰੂਨੀ ਮਾਮਲਿਆਂ ਵਿਚ ਨਾਂਦੇੜ ਪੁਲਿਸ ਨੇ ਸਿੱਧਾ ਦਖਲ ਦੇ ਕੇ ਕ੍ਰਿਪਾਨਾਂ ਬਣਾਉਣ ਵਾਲਿਆਂ ਅਤੇ ਉਥੇ ਕ੍ਰਿਪਾਨਾਂ ਸੰਗਤਾਂ ਨੂੰ ਦੇਣ ਵਾਲਿਆਂ ਉਤੇ ਤਿੱਖਾ ਹਥਿਆਰ ਕਹਿ ਕੇ ਕੇਸ ਦਰਜ ਕੀਤੇ ਹਨ ਅਤੇ 4,796 ਦੇ ਕਰੀਬ ਕ੍ਰਿਪਾਨਾਂ ਕਥਿਤ ਗੈਰ-ਕਾਨੂੰਨੀ ਤੇ ਗੈਰ ਧਾਰਮਿਕ ਤੌਰ 'ਤੇ ਜਬਤ ਕਰਕੇ ਸਿੱਖ ਮਨਾਂ 'ਤੇ ਆਤਮਾਵਾ ਨੂੰ ਡੂੰਘੀ ਠੇਸ ਪਹੁੰਚਾਉਣ ਦੀ ਦੁੱਖਦਾਇਕ ਕਾਰਵਾਈ ਕੀਤੀ ਹੈ। ਉਨ੍ਹਾਂ ਇਸ ਦੀ ਸਖ਼ਤ ਸਬਦਾਂ ਵਿਚ ਨਿੰਦਾ ਕਰਦੇ ਹੋਏ ਇਸ ਨੂੰ ਸਿੱਧੇ ਤੌਰ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆ ਉਤੇ ਵੱਡਾ ਹਮਲਾ ਕਰਨ ਦੇ ਤੁੱਲ ਅਸਹਿ ਕਾਰਵਾਈ ਦੱਸਿਆ। ਉਨ੍ਹਾਂ ਕਿਹਾ ਕਿ ਸਿੱਖ ਕੌਮ ਕਦਾਚਿਤ ਇਸ ਨੂੰ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਮਹਾਂਰਾਸ਼ਟਰ ਸਰਕਾਰ ਨੇ ਨਾਂਦੇੜ ਪੁਲਿਸ ਦੀ ਇਸ ਬਜਰ ਗੁਸਤਾਖੀ ਨੂੰ ਸੁਧਾਰ ਕੇ ਸਾਡੀਆਂ ਜਬਤ ਕੀਤੀਆਂ ਕ੍ਰਿਪਾਨਾਂ ਵਾਪਸ ਨਾ ਕੀਤੀਆਂ ਅਤੇ ਦਰਜ ਕੀਤੇ ਕੇਸ ਖਾਰਜ ਨਾ ਕੀਤੇ ਤਾਂ ਸਿੱਖ ਕੌਮ ਦੇ ਰੋਹ ਲਈ ਸਰਕਾਰ ਅਤੇ ਨਾਂਦੇੜ ਪੁਲਿਸ ਸਿਧੇ ਤੌਰ 'ਤੇ ਜ਼ੁੰਮੇਵਾਰ ਹੋਵੇਗੀ।

ਉਨ੍ਹਾਂ ਕਿਹਾ ਕਿ ਸਿੱਖ ਕਦੀ ਵੀ ਕਿਸੇ ਵੀ ਧਰਮ, ਕੌਮ, ਫਿਰਕੇ, ਕਬੀਲੇ ਦੀਆਂ ਧਾਰਮਿਕ ਰਵਾਇਤਾਂ ਵਿਚ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਨਹੀਂ ਕਰਦੇ ਸਗੋਂ ਸਾਰੀਆਂ ਦੀਆਂ ਮਰਿਯਾਦਾਵਾਂ ਤੇ ਧਰਮਾਂ ਦਾ ਸਤਿਕਾਰ ਕਰਦੇ। ਉਨ੍ਹਾਂ ਕਿਹਾ ਕਿ ਜਦੋਂ ਸਿੱਖ ਕੌਮ ਵੱਲੋਂ ਕਦੀ ਵੀ ਗੈਰ-ਧਾਰਮਿਕ ਜਾਂ ਗੈਰ-ਕਾਨੂੰਨੀ ਅਮਲ ਨਹੀ ਹੋਇਆ ਤਾਂ ਸਤਿਕਾਰਿਤ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਕੀਤੇ ਗਏ ਕਕਾਰਾਂ ਵਿਚ ਸ਼ਾਮਿਲ ਕ੍ਰਿਪਾਨ ਨਾਲ ਕੀਤੀ ਜਾ ਰਹੀ ਅਪਮਾਨਿਤ ਕਾਰਵਾਈ ਦੀ ਬਦੌਲਤ ਸਿੱਖਾਂ ਵਿਚ ਵੱਡੀ ਬੇਚੈਨੀ ਤੇ ਰੋਹ ਪੈਦਾ ਹੋਇਆ ਹੈ, ਇਸ ਲਈ ਬਿਹਤਰ ਹੋਵੇਗਾ ਕਿ ਨਾਂਦੇੜ ਪੁਲਿਸ ਅਤੇ ਮਹਾਂਰਾਸ਼ਟਰ ਸਰਕਾਰ ਇਸ ਮਸਲੇ ਦਾ ਤੁਰੰਤ ਹੱਲ ਕਰੇ।

# ਸੀਨੀਅਰ ਸਿਟੀਜ਼ਨਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾਣ : ਡਿਪਟੀ ਕਮਿਸ਼ਨਰ




ਫ਼ਤਹਿਗੜ੍ਹ ਸਾਹਿਬ, 3 ਜੂਨ (ਹਰਪ੍ਰੀਤ ਕੌਰ ਟਿਵਾਣਾ) : ਸੀਨੀਅਰ ਸਿਟੀਜ਼ਨ ਸਾਡੇ ਸਮਾਜ ਦਾ ਅਨਮੋਲ ਖਜ਼ਾਨਾ ਹਨ, ਇਨ੍ਹਾਂ ਦੀ ਸੰਭਾਲ ਕਰਨਾ ਸਾਡਾ ਫਰਜ਼ ਹੈ। ਇਸ ਲਈ ਸੀਨੀਅਰ ਸਿਟੀਜ਼ਨਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬਜ਼ੁਰਗ ਨਾਗਰਿਕਾਂ ਦੀ ਦੇਖ-ਭਾਲ ਅਤੇ ਭਲਾਈ ਲਈ ਬਣਾਈ ਗਈ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੀਨੀਅਰ ਸਿਟੀਜ਼ਨਾਂ ਦੀ ਭਲਾਈ ਲਈ ਪੈਨਸ਼ਨ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਤਾਂ ਜੋ ਸਾਡੇ ਬਜ਼ੁਰਗ ਆਪਣਾ ਜੀਵਨ ਨਿਰਵਾਹ ਚੰਗੇ ਤਰੀਕੇ ਨਾਲ ਕਰ ਸਕਣ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਲੀਡ ਬੈਂਕ ਮੈਨੇਜਰ ਨੂੰ ਹਦਾਇਤ ਕੀਤੀ ਕਿ ਬੈਂਕਾਂ ਵਿੱਚ ਆਪਣੇ ਕੰਮ ਕਾਰ ਕਰਵਾਉਣ ਲਈ ਜਾਣ ਵਾਲੇ ਬਜ਼ੁਰਗਾਂ ਦੇ ਕੰਮ ਤਰਜੀਹੀ ਆਧਾਰ 'ਤੇ ਕਰਨ ਨੂੰ ਯਕੀਨੀ ਬਣਾਇਆ ਜਾਵੇ। ਉਹਨਾਂ ਸਮੂਹ ਕਾਰਜ ਸਾਧਕ ਅਫਸਰਾਂ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਦੇ ਖੇਤਰ ਵਿਚ ਪੈਂਦੇ ਸੀਨੀਅਰ ਸਿਟੀਜ਼ਨ ਹੋਮਜ਼ ਦੀ ਲਗਾਤਾਰ ਸਾਫ ਸਫਾਈ ਕਰਵਾਈ ਜਾਵੇ ਤਾਂ ਜੋ ਬਜ਼ੁਰਗਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਹਨਾਂ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਕਿਹਾ ਗਿਆ ਉਹ ਸਕੂਲਾਂ ਵਿੱਚ ਸਵੇਰ ਦੀ ਸਭਾ ਮੌਕੇ ਬੱਚਿਆਂ ਨੂੰ ਬਜ਼ੁਰਗਾਂ ਦਾ ਮਾਨ ਸਤਿਕਾਰ ਕਰਨ ਸਬੰਧੀ ਪ੍ਰੇਰਿਤ ਕਰਨ। ਮੀਟਿੰਗ ਵਿੱਚ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ਼੍ਰੀਮਤੀ ਜੋਬਨਦੀਪ ਕੌਰ, ਡੀ.ਐਸ.ਪੀ.ਸ੍ਰੀ ਹਰਤੇਸ਼ ਕੌਸ਼ਿਕ, ਸਹਾਇਕ ਸਿਵਲ ਸਰਜਨ ਡਾ: ਕੇ ਡੀ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਰਵਿੰਦਰ ਕੌਰ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

ਫ਼ਤਹਿਗੜ੍ਹ ਸਾਹਿਬ, 3 ਜੂਨ (ਹਰਪ੍ਰੀਤ ਕੌਰ ਟਿਵਾਣਾ) :ਪੰਜਾਬ ਸਰਕਾਰ ਦੇ 'ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਮਿਸ਼ਨ' ਅਧੀਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫਤਹਿਗੜ੍ਹ ਸਾਹਿਬ ਵਿਖੇ 04 ਜੂਨ ਦਿਨ ਵੀਰਵਾਰ ਨੂੰ ਸਵੇਰੇ 9.30 ਵਜੇ ਪਲੇਸਮੈਂਟ ਕੈਂਪ ਲਗਾਇਆ ਜਾਣਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ੍ਰੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ 'ਹੋਲਿਸਟਰ ਫੀਡ ਕੰਪਨੀ' ਵੱਲੋਂ ਸੇਲਜ਼ ਅਫਸਰ ਦੀਆਂ ਅਸਾਮੀਆਂ ਦੀ ਸਿੱਧੀ ਭਰਤੀ ਲਈ ਇੰਟਰਵਿਊ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਆਸਾਮੀ ਲਈ ਕੇਵਲ ਪੁਰਸ ਉਮੀਦਵਾਰ ਕਿਸੇ ਵੀ ਸਟ੍ਰੀਮ ਵਿੱਚ ਗ੍ਰੈਜੂਏਸ਼ਨ ਪਾਸ ਹੋਣਾ ਚਾਹੀਦਾ ਹੈ। ਚੁਣੇ ਗਏ ਉਮੀਦਵਾਰਾਂ ਨੂੰ ਪੰਜਾਬ ਵਿੱਚ ਹੀ ਨੌਕਰੀ ਕਰਨ ਦਾ ਮੌਕਾ ਮਿਲੇਗਾ ਅਤੇ ਕੰਪਨੀ ਵੱਲੋਂ ਚੰਗੀ ਤਨਖਾਹ ਦੇ ਨਾਲ-ਨਾਲ ਭੱਤੇ ਵੀ ਦਿੱਤੇ ਜਾਣਗੇ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਯੋਗ ਅਤੇ ਲੋੜਵੰਦ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸੁਨਹਿਰੀ ਮੌਕੇ ਦਾ ਵੱਧ ਤੋਂ ਵੱਧ ਲਾਹਾ ਲੈਣ। ਇੰਟਰਵਿਊ ਵਿੱਚ ਭਾਗ ਲੈਣ ਵਾਲੇ ਪ੍ਰਾਰਥੀ ਆਪਣੇ ਨਾਲ ਆਪਣਾ ਬਾਇਓਡਾਟਾ, ਵਿਦਿਅਕ ਯੋਗਤਾ ਦੇ ਸਰਟੀਫਿਕੇਟ ਅਤੇ ਆਧਾਰ ਕਾਰਡ ਜ਼ਰੂਰ ਲੈ ਕੇ ਆਉਣ।

# ਡਿਪਟੀ ਕਮਿਸ਼ਨਰ ਨੇ ਐਮ/ਐਸ ਬਾਜਵਾ ਗਲੋਬਲ ਸਰਵਿਸਿਜ਼ ਦਾ ਲਾਇਸੰਸ ਕੀਤਾ ਰੱਦ

ਫਤਹਿਗੜ੍ਹ ਸਾਹਿਬ, 3 ਜੂਨ (ਹਰਪ੍ਰੀਤ ਕੌਰ ਟਿਵਾਣਾ) : ਡਿਪਟੀ ਕਮਿਸ਼ਨਰ-ਕਮ-ਲਾਇਸੈਂਸਿੰਗ ਅਥਾਰਟੀ ਫ਼ਤਹਿਗੜ੍ਹ ਸਾਹਿਬ ਡਾ: ਸੋਨਾ ਥਿੰਦ ਨੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ 2012 (ਪੰਜਾਬ ਐਕਟ 2 ਆਫ 2013) ਦੇ ਸੈਕਸ਼ਨ 6 (1)(ਜੀ) ਤਹਿਤ ਮਿਸ ਸਿਮਰਨਜੀਤ ਕੌਰ ਪੁੱਤਰੀ ਸ੍ਰੀ ਪ੍ਰੀਤਮ ਸਿੰਘ ਵਾਸੀ ਪਿੰਡ ਤਲਾਣੀਆਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਨਾਮ ਤੇ ਚੱਲ ਰਹੇ ਐਮ/ਐਸ ਬਾਜਵਾ ਗਲੋਬਲ ਸਰਵਿਸਜ, ਫਤਹਿ ਕੰਪਲੈਕਸ, ਨੇੜੇ ਜੋਤੀ ਸਰੂਪ ਚੌਂਕ ਫਤਹਿਗੜ੍ਹ ਸਾਹਿਬ ਵੀਜਾ ਕੰਸਲਟੈਂਸੀ ਦਾ ਲਾਇਸੰਸ ਨੰ:60/$3-1, ਮਿਤੀ 12.04.2021 ਰੱਦ ਕਰ ਦਿੱਤਾ ਹੈ। ਡਿਪਟੀ ਕਮਿਸ਼ਨਰ-ਕਮ-ਲਾਇਸੈਂਸਿੰਗ ਅਥਾਰਟੀ ਵੱਲੋਂ ਜਾਰੀ ਦਫਤਰੀ ਹੁਕਮ ਵਿੱਚ ਦਰਜ ਹੈ ਕਿ ਲਾਇਸੰਸ ਦੀ ਮਿਆਦ ਖਤਮ ਹੋਣ ਤੋਂ ਦੋ ਮਹੀਨੇ ਪਹਿਲਾਂ ਲਾਇਸੰਸ ਰੀਨਿਊ ਕਰਵਾਉਣ ਲਈ ਅਪਲਾਈ ਕਰਨਾ ਹੁੰਦਾ ਹੈ, ਪਰ ਲਾਇਸੰਸੀ ਵੱਲੋਂ ਲਾਇਸੰਸ ਰੀਨਿਊ ਕਰਵਾਉਣ ਲਈ ਅਪਲਾਈ ਨਹੀ ਕੀਤਾ ਗਿਆ। ਦਫ਼ਤਰ ਡਿਪਟੀ ਕਮਿਸ਼ਨਰ ਵੱਲੋਂ ਮਿਤੀ 08 ਮਈ 2026 ਰਾਹੀਂ ਲਾਇਸੰਸੀ ਨੂੰ ਇੱਕ ਹਫਤੇ ਦੇ ਅੰਦਰ-ਅੰਦਰ ਲਾਇਸੰਸ ਰੀਨੀਊ ਕਰਨ ਲਈ ਅਪਲਾਈ ਕਰਨ ਸਬੰਧੀ ਨੋਟਿਸ ਜਾਰੀ ਕੀਤਾ ਗਿਆ ਸੀ ਪ੍ਰੰਤੂ ਮਿਸ ਸਿਮਰਨਜੀਤ ਕੌਰ ਵਲੋਂ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ ਬਾਅਦ ਤਕਰੀਬਨ 15 ਦਿਨ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਲਾਇਸੰਸ ਰੀਨਿਊ ਕਰਾਉਣ ਲਈ ਕੋਈ ਦਰਖਾਸਤ ਪੇਸ਼ ਨਹੀਂ ਕੀਤੀ ਗਈ ਇਸ ਲਈ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਇਹ ਲਾਇਸੰਸ ਰੱਦ ਕੀਤਾ ਗਿਆ ਹੈ।

# ਪੰਜਾਬ 'ਚ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਲਿਆਵੇਗੀ ਭਾਜਪਾ: ਤਰੁਣ ਚੁੱਘ

ਚੰਡੀਗੜ੍ਹ,3 ਜੂਨ (ਚ.ਨ.ਸ.): ਅੱਜ ਪੰਜਾਬ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੱਲੋਂ ਅਹੁਦਾ ਸੰਭਾਲਿਆ ਗਿਆ। ਇਸ ਮੌਕੇ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਸਭ ਤੋਂ ਪਹਿਲਾਂ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਕਾਰਜਕਾਰੀ ਪ੍ਰਧਾਨ ਰਹੇ ਅਸ਼ਵਨੀ ਸ਼ਰਮਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ ਦਾ ਸਮਾਂ ਪੰਜਾਬ ਵਿਚ ਭਾਜਪਾ ਲਈ ਇਕ ਨਵੀਂ ਪੁਲਾਂਘ ਵਾਲਾ ਰਿਹਾ, ਜਿਨ੍ਹਾਂ ਨੇ ਬੜੀ ਬਾਖੂਬੀ ਪਾਰਟੀ ਦੀ ਗੱਲ ਲੋਕਾਂ ਦੇ ਦਿਲਾਂ ਤੱਕ ਪਹੁੰਚਾਈ ਤੇ ਮੀਡੀਆ ਅਤੇ ਸੋਸ਼ਲ ਮੀਡੀਆ ਵਿਚ ਪਾਰਟੀ ਦੀ ਮੌਜੂਦਗੀ ਪ੍ਰਮੁਖਤਾ ਨਾਲ ਦਰਜ ਕਰਵਾਈ।

ਇਸ ਦੇ ਨਾਲ ਹੀ ਉਨ੍ਹਾਂ ਨੇ ਨਵ-ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ ਨੂੰ ਆਪਣਾ ਜਰਨੈਲ ਚੁਣ ਲਿਆ ਹੈ ਤੇ ਉਨ੍ਹਾਂ ਦੀ ਅਗਵਾਈ ਵਿਚ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਿਹਤ ਤੇ ਸਿੱਖਿਆ ਕ੍ਰਾਂਤੀ ਦੇ ਨਾਂ 'ਤੇ



ਪੰਜਾਬੀਆਂ ਨਾਲ ਧੋਖਾ ਕੀਤਾ ਅਤੇ ਪੰਜਾਬ ਨੂੰ ਲੁੱਟ ਲਿਆ। ਅੱਜ ਭਾਜਪਾ ਚੰਡੀਗੜ੍ਹ ਤੋਂ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਵਿਚ ਇਸ ਸਰਕਾਰ ਦੇ ਜਾਣ ਦਾ ਬਿਗੁਲ ਵਜਾ ਰਹੀ ਹੈ।

ਤਰੁਣ ਚੁੱਘ ਨੇ ਪੰਜਾਬ ਵਿਚ ਹੋਏ ਗ੍ਰਨੇਡ ਹਮਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੇ ਅੱਜ ਪੰਜਾਬ ਵਿਚ ਪੁਲਸ ਹੀ ਸੁਰੱਖਿਅਤ ਨਹੀਂ ਤਾਂ ਆਮ ਨਾਗਰਿਕ ਕਿੱਥੇ ਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੱਜ ਡਰ ਦੇ ਮਾਹੌਲ ਵਿਚ ਹੈ, ਭਾਰਤੀ ਜਨਤਾ ਪਾਰਟੀ ਇਸ ਡਰ ਦੇ ਮਾਹੌਲ ਨੂੰ ਖ਼ਤਮ ਕਰੇਗੀ। ਚੁੱਘ ਨੇ ਕਿਹਾ ਕਿ ਪੰਜਾਬ ਵਿਚ 'ਯੁੱਧ ਨਸ਼ਿਆਂ ਵਿਰੁੱਧ' 2 ਵਾਰ ਫ਼ੇਲ੍ਹ ਹੋਇਆ ਹੈ।

ਉਨ੍ਹਾਂ ਕਿਹਾ ਕਿ ਕੇਵਲ ਢਿੱਲੋਂ ਦੀ ਲੀਡਰਸ਼ਿਪ ਵਿਚ ਪੂਰੀ ਪਾਰਟੀ ਇਕ ਆਵਾਜ਼ ਵਿਚ ਕਹਿ ਰਹੀ ਹੈ ਕਿ ਅਸੀਂ ਪੰਜਾਬ ਨੂੰ ਨਸ਼ਾ ਮੁਕਤ ਕਰਾਂਗੇ। ਨਸ਼ਾ ਵੇਚਣ ਵਾਲੇ ਤੇ ਨਸ਼ਾ ਲਿਆਉਣ ਵਾਲੇ ਦੋਵੇਂ ਬਖਸ਼ੇ ਨਹੀਂ ਜਾਣਗੇ। ਅੱਜ ਆਮ ਲੋਕਾਂ ਦੀ ਆਵਾਜ਼ ਹੈ ਕਿ ਭਾਰਤੀ ਜਨਤਾ ਪਾਰਟੀ ਹੀ ਪੰਜਾਬ ਨੂੰ ਅੱਗੇ ਲੈ ਕੇ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਸਥਾਪਤ ਕਰੇਗੀ।

# 28 ਸਾਲਾਂ ਬਾਅਦ ਖੰਨਾ ਰੇਲ ਹਾਦਸੇ ਦੇ ਪੀੜਤ ਦਾਦੇ ਨੂੰ ਮਿਲਿਆ ਇਨਸਾਫ਼

ਚੰਡੀਗੜ੍ਹ,3 ਜੂਨ (ਚ.ਨ.ਸ.): ਦੇਸ਼ ਦੇ ਸਭ ਤੋਂ ਭਿਆਨਕ ਰੇਲ ਹਾਦਸਿਆਂ ਵਿੱਚ ਸ਼ਾਮਲ ਸਾਲ 1998 ਦੇ ਖੰਨਾ ਰੇਲ ਹਾਦਸੇ ਦੇ ਮਾਮਲੇ ਵਿੱਚ ਲਗਭਗ 28 ਸਾਲਾਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਮਹੱਤਵਪੂਰਨ ਫੈਸਲਾ ਸੁਣਾਇਆ ਹੈ। ਅਦਾਲਤ ਨੇ ਪੋਤੀ ਦੀ ਮੌਤ 'ਤੇ ਉਸ ਦੇ ਦਾਦੇ ਨੂੰ ਦਿੱਤੇ ਗਏ 4 ਲੱਖ ਰੁਪਏ ਦੇ ਮੁਆਵਜ਼ੇ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਕਿਸੇ ਵਿਅਕਤੀ ਦੀ ਨਿਰਭਰਤਾ ਸਿਰਫ਼ ਆਰਥਿਕ ਸਹਾਇਤਾ ਤੱਕ ਸੀਮਤ ਨਹੀਂ ਹੁੰਦੀ, ਸਗੋਂ ਪਰਿਵਾਰ ਦੇ ਅੰਦਰ ਮਿਲਣ ਵਾਲੇ ਪਿਆਰ, ਸਨੇਹ, ਦੇਖਭਾਲ ਅਤੇ ਸੁਰੱਖਿਆ ਨੂੰ ਵੀ ਨਿਰਭਰਤਾ ਦਾ ਮਹੱਤਵਪੂਰਨ ਆਧਾਰ ਮੰਨਿਆ ਜਾਵੇਗਾ। ਜਸਟਿਸ ਪੰਕਜ ਜੈਨ ਨੇ ਇਹ ਫੈਸਲਾ ਸੁਣਾਉਂਦੇ ਹੋਏ ਕੇਂਦਰ ਸਰਕਾਰ ਦੀ ਉਸ ਦਲੀਲ ਨੂੰ ਖ਼ਾਰਜ ਕਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਦਾਦਾ ਆਪਣੀ ਪੋਤੀ 'ਤੇ ਆਰਥਿਕ ਤੌਰ 'ਤੇ ਨਿਰਭਰ ਨਹੀਂ ਸੀ, ਇਸ ਲਈ ਉਸ ਨੂੰ ਮੁਆਵਜ਼ੇ ਦਾ ਦਾਅਵਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ।ਮਾਮਲੇ ਦੀ ਸ਼ੁਰੂਆਤ 26 ਨਵੰਬਰ 1998 ਨੂੰ ਹੋਏ ਖੰਨਾ ਰੇਲ ਹਾਦਸੇ ਨਾਲ ਹੋਈ ਸੀ। ਇਸ ਦੁਰਘਟਨਾ ਵਿੱਚ ਦਾਅਵੇਦਾਰ ਦੀ ਪੋਤੀ ਸਮੇਤ ਪਰਿਵਾਰ ਦੇ ਕਈ ਮੈਂਬਰ ਮਾਰੇ ਗਏ ਸਨ। ਹਾਦਸਾ ਖੰਨਾ-ਲੁਧਿਆਣਾ ਰੇਲਵੇ ਲਾਈਨ 'ਤੇ ਤੜਕਸਾਰ ਉਸ ਸਮੇਂ ਹੋਇਆ ਸੀ, ਜਦੋਂ ਕੋਲਕਾਤਾ ਜਾ ਰਹੀ ਸਿਆਲਦਹ ਐਕਸਪ੍ਰੈਸ ਆਪਣੇ ਮਾਰਗ 'ਤੇ ਪਹਿਲਾਂ ਤੋਂ ਪਟਰੀ ਤੋਂ ਉਤਰੀ ਅੰਮ੍ਰਿਤਸਰ ਜਾਣ ਵਾਲੀ ਟ੍ਰੇਨ ਦੇ ਛੇ ਡੱਬਿਆਂ ਨਾਲ ਟਕਰਾ ਗਈ ਸੀ। ਉਸ ਸਮੇਂ ਦੋਵਾਂ ਟ੍ਰੇਨਾਂ ਵਿੱਚ ਕਰੀਬ 2500 ਯਾਤਰੀ ਸਵਾਰ ਦੱਸੇ ਗਏ ਸਨ। ਇਸ ਹਾਦਸੇ ਵਿੱਚ ਘੱਟੋ-ਘੱਟ 212 ਲੋਕਾਂ ਦੀ ਮੌਤ ਹੋਈ ਸੀ ਅਤੇ ਇਸ ਨੂੰ ਭਾਰਤ ਦੇ ਸਭ ਤੋਂ ਭਿਆਨਕ ਰੇਲ ਹਾਦਸਿਆਂ ਵਿੱਚ ਗਿਣਿਆ ਜਾਂਦਾ ਹੈ। ਪੋਤੀ ਦੀ ਮੌਤ ਤੋਂ ਬਾਅਦ ਰੇਲਵੇ ਕਲੇਮ ਟ੍ਰਿਬਿਊਨਲ ਨੇ ਦਾਦੇ ਦੇ ਪੱਖ ਵਿੱਚ 4 ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਸੀ।

# ਨੌਜਵਾਨ ਨੌਕਰੀਆਂ ਪਿੱਛੇ ਭੱਜਣ ਦੀ ਥਾਂ ਖ਼ੁਦ ਨੌਕਰੀਆਂ ਦੇਣ ਵਾਲੇ ਬਣਨ : ਕਟਾਰੀਆ

## ਰਾਜਪਾਲ ਨੇ ਚੰਡੀਗੜ੍ਹ 'ਵਰਸਿਟੀ ਵਿਖੇ 'ਸੀਯੂ ਸਕਾਲਰਜ਼ ਸਮਿਟ 2026' 'ਚ ਕੀਤੀ ਸ਼ਿਰਕਤ

ਮੋਹਾਲੀ, 3 ਜੂਨ (ਚ.ਨ.ਸ.): ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਨੌਜਵਾਨਾਂ ਨੂੰ ਨੌਕਰੀਆਂ ਪਿੱਛੇ ਭੱਜਣ ਦੀ ਥਾਂ ਖੁਦ ਨੌਕਰੀਆਂ ਦੇਣ ਵਾਲੇ ਬਣਨ ਲਈ ਪ੍ਰੇਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਆਤਮ-ਨਿਰਭਰ ਅਤੇ ਸਮਰੱਥ ਬਣਾਉਣ ਲਈ ਦੇਸ਼ ਵਿੱਚ ਸਟਾਰਟਅੱਪ ਇੰਡੀਆ, ਸਟੈਂਡ ਅੱਪ ਇੰਡੀਆ, ਸਕਿੱਲ ਇੰਡੀਆ, ਡਿਜੀਟਲ ਇੰਡੀਆ, ਪੀਐਮ ਈ-ਵਿੱਦਿਆ, ਸਵੈਮ, ਨੈਸ਼ਨਲ ਡਿਜੀਟਲ ਲਾਈਬ੍ਰੇਰੀ, ਅਟਲ ਇਨੋਵੇਸ਼ਨ ਮਿਸ਼ਨ ਅਤੇ ਪੀਐਮ ਵਿੱਦਿਆ ਲਕਸ਼ਮੀ ਵਰਗੀਆਂ ਅਨੇਕਾਂ ਸਰਕਾਰੀ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਖ਼ੁਦ ਆਪਣੇ ਪੈਰਾਂ 'ਤੇ ਖੜ੍ਹੀ ਹੋ ਸਕੇ।

ਇਸ ਤੋਂ ਪਹਿਲਾਂ ਉਨ੍ਹਾਂ ਨੇ ਅੱਜ ਚੰਡੀਗੜ੍ਹ ਯੂਨੀਵਰਸਿਟੀ ਦੇ ਵੱਕਾਰੀ 'ਸੀਯੂ ਸਕਾਲਰਜ਼ ਸਮਿਟ 2026' ਦੇ ਤੀਜੇ ਐਡੀਸ਼ਨ ਦਾ ਉਦਘਾਟਨ ਕੀਤਾ। ਇਸ ਮੌਕੇ ਵਿਗਿਆਨੀ ਪ੍ਰੋਫੈਸਰ (ਡਾ.) ਵਾਈ.ਵੀ.ਐਨ. ਕ੍ਰਿਸ਼ਨਾਮੂਰਤੀ (ਸਾਬਕਾ ਡਾਇਰੈਕਟਰ-ਆਈਆਈਆਰਐਸ, ਐਨਆਰਐਸਸੀ, ਐਨਈਆਰਐਲ ਅਤੇ ਆਈਆਈਐਸਟੀ), ਬਾਲੀਵੁੱਡ ਦੇ ਮਸ਼ਹੂਰ




ਅਦਾਕਾਰ ਚੰਕੀ ਪਾਂਡੇ, ਬਾਲੀਵੁੱਡ ਅਦਾਕਾਰ ਅਤੇ ਕਾਮੇਡੀਅਨ ਕੀਕੂ ਸ਼ਾਰਦਾ, ਇੰਡੋ-ਕੈਨੇਡੀਅਨ ਅਦਾਕਾਰ ਅਤੇ ਪ੍ਰੋਡਿਊਸਰ ਰਜਤ ਬੇਦੀ, ਟਾਟਾ ਕੰਸਲਟੈਂਸੀ ਸਰਵਿਸਿਜ਼ ਲਿਮਟਿਡ (ਟੀਸੀਐਸ) ਦੇ ਹੈੱਡ ਆਪ੍ਰੇਸ਼ਨਜ਼ ਮੈਨੇਜਮੈਂਟ ਤੇ ਸੀਐਸਆਰ ਸੁਸ਼ੀਲ ਖੋਸਲਾ, ਗ੍ਰਾਂਟ ਥੋਰਨਟਨ ਭਾਰਤ ਐਲਐਲਪੀ ਦੇ ਚੀਫ਼ ਲਰਨਿੰਗ ਆਫੀਸਰ ਅੰਕਿਤ ਝਾਂਬ ਅਤੇ ਫਰੈਕਟਲ ਦੇ ਏਪੀਏਸੀ ਅਤੇ ਜੀਸੀਸੀ, ਉਤਪਾਦ, ਗ੍ਰੋਥ ਤੇ ਸਟ੍ਰੈਟੇਜੀ ਰਿਸ਼ੀ ਸੇਠ, ਫਿਲਿਪਸ ਇੰਡੀਆ ਦੇ ਸੀਐਫਓ ਦੇਵ ਤ੍ਰਿਪਾਠੀ ਅਤੇ ਅਮੈਰੀਕਨ ਐਕਸਪ੍ਰੈਸ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਟੈਲੇਂਟ ਐਕਵਾਜ਼ੀਸ਼ਨ ਡਾਇਰੈਕਟਰ ਡਾ. ਸਚਿਨ ਗੁਲਾਟੀ, ਚੰਡੀਗੜ੍ਹ ਯੂਨੀਵਰਸਿਟੀ ਦੇ ਸੀਨੀਅਰ ਮੈਨੇਜਿੰਗ ਡਾਇਰੈਕਟਰ ਦੀਪਇੰਦਰ ਸਿੰਘ ਸੰਧੂ, ਚਾਂਸਲਰ ਦੇ ਸਲਾਹਕਾਰ ਪ੍ਰੋ. (ਡਾ.) ਆਰਐਸ ਬਾਵਾ ਸਮੇਤ ਉਦਯੋਗਿਕ ਅਤੇ ਅਕਾਦਮਿਕ ਜਗਤ ਦੀਆਂ ਹੋਰ ਉੱਘੀਆਂ ਸ਼ਖ਼ਸੀਅਤਾਂ ਮੌਜੂਦ ਸਨ।

ਕਾਬਲੀਅਤ ਅਤੇ ਹੁਨਰ ਨੂੰ ਬਣਦਾ ਮਾਣ ਸਤਿਕਾਰ ਦੇਣ ਦੀ ਚੰਡੀਗੜ੍ਹ ਯੂਨੀਵਰਸਿਟੀ ਦੀ ਨਿਵੇਕਲੀ ਕੋਸ਼ਿਸ਼ ਤਹਿਤ 'ਸੀਯੂ ਸਕਾਲਰਜ਼ ਸਮਿਟ 2026' ਦੀ ਸ਼ੁਰੂਆਤ ਯੂਨੀਵਰਸਿਟੀ ਦੇ ਐਡਮਿਸ਼ਨ-ਕਮ-ਸਕਾਲਰਸ਼ਿਪ ਐਂਟਰੈਂਸ ਟੈਸਟ 'ਚੰਡੀਗੜ੍ਹ ਯੂਨੀਵਰਸਿਟੀ ਕੌਮਨ ਐਂਟਰੈਂਸ ਟੈਸਟ 2026' ਦੇ ਟੌਪਰਾਂ ਨੂੰ ਸਨਮਾਨਿਤ ਕਰਨ ਦੇ ਨਾਲ ਹੋਈ। ਇਸ ਸਮਿਟ ਵਿੱਚ ਦੇਸ਼-ਵਿਦੇਸ਼ ਦੀਆਂ ਨਾਮੀ ਕੰਪਨੀਆਂ ਦੇ ਸੀਈਓ, ਪ੍ਰੈਜ਼ੀਡੈਂਟ/ਵਾਈਸ ਪ੍ਰੈਜ਼ੀਡੈਂਟ, ਉਦਯੋਗ ਜਗਤ ਦੇ ਲੀਡਰ ਅਤੇ ਪ੍ਰਸਿੱਧ ਬਾਲੀਵੁੱਡ ਕਲਾਕਾਰਾਂ ਨੇ ਹਿੱਸਾ ਲਿਆ। ਇਨ੍ਹਾਂ ਦਿੱਗਜ ਹਸਤੀਆਂ ਨੇ ਵਿਦਿਆਰਥੀਆਂ ਨਾਲ ਆਪਣੇ ਅਨੁਭਵ ਅਤੇ ਵਿਚਾਰ ਸਾਂਝੇ ਕੀਤੇ, ਤਾਂ ਜੋ ਤੇਜ਼ੀ ਨਾਲ ਬਦਲ ਰਹੀ ਇੰਡਸਟਰੀ ਦੇ ਮੁਤਾਬਕ ਵਿਦਿਆਰਥੀ ਆਪਣੇ ਆਪ ਨੂੰ ਭਵਿੱਖ ਦੀਆਂ ਨਵੀਆਂ ਅਤੇ ਬਦਲਦੀਆਂ ਨੌਕਰੀਆਂ ਲਈ ਤਿਆਰ ਕਰ ਸਕਣ।

# ਪ੍ਰਨੀਤ ਕੌਰ ਵੱਲੋਂ ਭਾਜਪਾ ਪ੍ਰਧਾਨ ਕੇਵਲ ਢਿੱਲੋਂ ਨੂੰ ਪੂਰਨ ਸਮਰਥਨ ਦਾ ਐਲਾਨ

## 2027 ਦੀਆਂ ਵਿਧਾਨ ਸਭਾ ਚੋਣਾਂ ਲਈ ਇੱਕਜੁੱਟ ਹੋਣ ਦਾ ਸੱਦਾ

ਚੰਡੀਗੜ੍ਹ,3 ਜੂਨ (ਚ.ਨ.ਸ.): ਪੰਜਾਬ ਦੇ ਪੂਰਵ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਏ ਜਾਣ 'ਤੇ ਚੁੱਕੇ ਗਏ ਸਵਾਲਾਂ ਤੋਂ ਕੁਝ ਦਿਨਾਂ ਬਾਅਦ, ਉਨ੍ਹਾਂ ਦੀ ਪਤਨੀ ਅਤੇ ਸਾਬਕਾ ਸੰਸਦ ਮੈਂਬਰ ਪਰਨੀਤ ਕੌਰ ਨੇ ਅੱਜ ਨਵੇਂ ਸੂਬਾ ਪ੍ਰਧਾਨ ਨੂੰ ਆਪਣਾ ਪੂਰਾ ਸਮਰਥਨ ਦੇਣ ਦਾ ਅਹਿਦ ਲਿਆ ਹੈ। ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਈ ਬੀਬੀ ਪ੍ਰਨੀਤ ਕੌਰ ਨੇ ਅੱਜ ਕੇਵਲ ਸਿੰਘ ਢਿੱਲੋਂ ਦੇ ਤਾਜਪੋਸ਼ੀ ਸਮਾਗਮ ਦੌਰਾਨ ਇਹ ਸਪੱਸ਼ਟ ਸੰਦੇਸ਼ ਦਿੱਤਾ। ਇਸ ਸਮਾਗਮ ਦੌਰਾਨ ਸਟੇਜ 'ਤੇ ਲੱਗੀ ਇੱਕ ਵੱਡੀ ਫ਼ਲੈਕਸ ਸ਼ੀਟ ਸਿਆਸੀ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣੀ ਰਹੀ, ਜਿਸ ਵਿੱਚ ਭਾਜਪਾ ਦੇ ਕੌਮੀ ਸਕੱਤਰ ਤਰੁਣ ਚੁੱਘ ਅਤੇ ਸਾਬਕਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦੇ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਪ੍ਰਮੁੱਖਤਾ ਨਾਲ ਲਗਾਈ ਗਈ ਸੀ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਹਾਲੀਆ ਮੱਤਭੇਦਾਂ ਦੇ ਬਾਵਜੂਦ ਪਾਰਟੀ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੂੰ ਕਿੰਨੀ ਅਹਿਮੀਅਤ ਦੇ ਰਹੀ ਹੈ।

ਕੇਵਲ ਸਿੰਘ ਢਿੱਲੋਂ ਦੇ ਅਹੁਦਾ ਸੰਭਾਲਣ ਮੌਕੇ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਨੀਤ ਕੌਰ ਨੇ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਅੰਦਰ ਇੱਕਜੁੱਟਤਾ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਸਿੱਧੇ ਤੌਰ 'ਤੇ ਢਿੱਲੋਂ ਨੂੰ ਮੁਖਾਤਿਬ ਹੁੰਦਿਆਂ ਕਿਹਾ, ਹਾਈਕਮਾਂਡ ਨੇ ਤੁਹਾਡੇ 'ਤੇ ਭਰੋਸਾ ਜਤਾਇਆ ਹੈ। ਅਸੀਂ ਸਾਰੇ ਇੱਥੇ ਤੁਹਾਡਾ ਸਵਾਗਤ ਅਤੇ ਸਮਰਥਨ ਕਰਨ ਲਈ ਇਕੱਠੇ ਹੋਏ ਹਾਂ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਤੋਂ ਪਹਿਲਾਂ ਜਿਨ੍ਹਾਂ ਨੇ ਵੀ ਪਾਰਟੀ ਨੂੰ ਮਜ਼ਬੂਤ ਕੀਤਾ, ਉਹ ਉਨ੍ਹਾਂ ਦਾ ਧੰਨਵਾਦ ਕਰਦੇ ਹਨ। ਹੁਣ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ 2027 ਦੀਆਂ ਚੋਣਾਂ ਜਿੱਤਣ ਲਈ ਕੰਮ ਕਰਨਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਕੇਵਲ ਸਿੰਘ ਢਿੱਲੋਂ ਦੀ ਸੂਬਾ ਪ੍ਰਧਾਨ ਵਜੋਂ ਕਾਮਯਾਬੀ 'ਤੇ ਸ਼ੱਕ ਜ਼ਾਹਰ ਕੀਤਾ ਸੀ। ਕੈਪਟਨ ਨੇ ਮੰਨਿਆ ਸੀ ਕਿ ਢਿੱਲੋਂ ਕਦੇ ਉਨ੍ਹਾਂ ਦੇ ਨਜ਼ਦੀਕੀ ਰਹੇ ਸਨ, ਪਰ ਪਿਛਲੇ ਕਈ ਸਾਲਾਂ ਤੋਂ ਉਨ੍ਹਾਂ ਦੀ ਕੋਈ ਮੁਲਾਕਾਤ ਨਹੀਂ ਹੋਈ। ਉਨ੍ਹਾਂ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਨੂੰ ਵੀ ਸਿਰੇ ਤੋਂ ਨਕਾਰ ਦਿੱਤਾ ਸੀ ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕੈਪਟਨ ਨੇ ਹੀ ਪ੍ਰਧਾਨਗੀ ਲਈ ਢਿੱਲੋਂ ਦੇ ਨਾਂ ਦੀ ਸਿਫ਼ਾਰਸ਼ ਕੀਤੀ ਸੀ। ਇਸ ਸਭ ਦੇ ਬਾਵਜੂਦ ਪਰਨੀਤ ਕੌਰ ਵੱਲੋਂ ਖੁੱਲ੍ਹ ਕੇ ਢਿੱਲੋਂ ਦੇ ਪੱਖ ਵਿੱਚ ਨਿੱਤਰਨਾ ਭਾਜਪਾ ਦੇ ਅੰਦਰੂਨੀ ਸਮੀਕਰਨਾਂ ਵੱਲ ਇਸ਼ਾਰਾ ਕਰਦਾ ਹੈ।

# ਕੰਨਿਆ ਸਕੂਲ 'ਚ ਸਿੱਖਿਆ ਕ੍ਰਾਂਤੀ ਸਬੰਧੀ ਸਨਮਾਨ ਸਮਾਰੋਹ ਕਰਵਾਇਆ



ਅਮਲੋਹ, 3 ਜੂਨ (ਜਸਵੰਤ ਸਿੰਘ): ਪੀ ਐਮ. ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਮਲੋਹ ਵਿਖੇ ਪ੍ਰਿੰਸੀਪਲ ਪ੍ਰੇਮ ਲਤਾ ਦੀ ਅਗਵਾਈ ਵਿਚ ਸਿੱਖਿਆ ਕ੍ਰਾਂਤੀ ਸਬੰਧੀ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਜੱਸੜ ਫਾਊਂਡੇਸ਼ਨ ਵਲੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਰਸ਼ਨ ਸਿੰਘ ਚੀਮਾ ਦੇ ਯਤਨਾਂ ਸਦਕਾ ਸਕੂਲ ਲਈ ਵੱਡਾ ਵਾਟਰ ਕੂਲਰ ਦਿੱਤਾ ਗਿਆ। ਜੱਸੜ ਫਾਊਂਡੇਸ਼ਨ ਦੇ ਪ੍ਰਗਟ ਸਿੰਘ ਬੰਗਾ ਨੇ ਜੱਸੜ ਪਰਿਵਾਰ ਵਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਬਾਰੇ ਚਾਨਣਾ ਪਾਇਆ। ਐਸ ਐਮ.ਸੀ. ਕਮੇਟੀ ਦੇ ਚੇਅਰਮੈਨ ਕੁਲਦੀਪ ਕੁਮਾਰ ਦੀਪਾ ਨੇ ਨੀਤੀ ਆਯੋਗ ਦੀ ਰਿਪੋਰਟ ਵਿਚ ਸਿੱਖਿਆ ਸਬੰਧੀ ਪੰਜਾਬ ਦੇ ਪਹਿਲੇ ਨੰਬਰ ਤੇ ਆਉਣ 'ਤੇ ਜਾਣਕਾਰੀ ਦਿੱਤੀ। ਪ੍ਰਿੰਸੀਪਲ ਅਤੇ ਸਟਾਫ ਵਲੋਂ ਦਰਸ਼ਨ ਸਿੰਘ ਚੀਮਾ, ਪਰਗਟ ਸਿੰਘ ਬੱਗਾ ਅਤੇ ਕੁਲਦੀਪ ਕੁਮਾਰ ਦੀਪਾ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਛੇਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਪਹਿਲੇ ਤਿੰਨ ਸਥਾਨ ਲੈਣ ਵਾਲੇ ਵਿਦਿਆਰਥੀਆਂ ਦਾ ਸਰਟੀਫਿਕੇਟ ਅਤੇ ਬੋਰਡ ਜਮਾਤਾਂ ਦੀ ਮੈਰਿਟ ਵਿਚ ਆਏ ਵਿਦਿਆਰਥੀਆਂ ਨੂੰ ਤਮਗਾ ਅਤੇ ਯਾਦਗਾਰੀ ਚਿੰਨਾਂ ਨਾਲ ਸਨਮਾਨਿਤ ਕੀਤਾ। ਇਸ ਮੌਕੇ ਲੈਕਚਰਾਰ ਕੁਲਦੀਪ ਸਿੰਘ ਫ਼ਤਹਿਪੁਰ, ਬਲਜੀਤ ਸਿੰਘ, ਮੀਨੂੰ ਬਾਲਾ, ਸਤਵਿੰਦਰ ਕੌਰ, ਸੁਪਿੰਦਰ ਸਿੰਘ, ਕੁਲਬੀਰ ਸਿੰਘ ਮੀਆਂਪੁਰ, ਸੁਖਚੈਨ ਸਿੰਘ ਖਨਿਆਣ, ਕਿਰਨਜੀਤ ਕੌਰ, ਤ੍ਰਿਪਤਾ ਰਾਣੀ, ਬਲਵਿੰਦਰ ਸਿੰਘ, ਪ੍ਰਦੀਪ ਕੁਮਾਰ, ਗੌਰਵ ਸ਼ਰਮਾ, ਬਲਜੀਤ ਸਿੰਘ, ਗੁਰਜੀਤ ਕੌਰ, ਨੀਰੂ ਬਾਲਾ, ਮਨਪ੍ਰੀਤ ਕੌਰ, ਕੁਲਦੀਪ ਕੌਰ, ਸੁਖਵਿੰਦਰ ਕੌਰ, ਆਦਰਬ ਬਾਲਾ, ਮੋਨਿਕਾ ਰਾਣੀ, ਮਨਦੀਪ ਕੌਰ, ਰਣਜੀਤ ਕੌਰ, ਅਮਨਦੀਪ ਕੌਰ, ਦੀਪਿਕਾ ਰਾਣੀ, ਕਵਿਤਾ, ਨੀਤੂ, ਨੀਤਿਕਾ, ਕੁਲਵੀਰ ਕੌਰ, ਸਰਿਤਾ ਚਾਹਲ ਅਤੇ ਸੁਖਬੀਰਪਾਲ ਸਿੰਘ ਆਦਿ ਮੌਜੂਦ ਸਨ।

ਦਮਨਦੀਪ ਸਿੰਘ ਪ੍ਰਿੰਟਰ, ਪਬਲਿਸ਼ਰ ਅਤੇ ਐਡੀਟਰ ਨੇ ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, 593, ਐਸ.ਐਸ.ਟੀ. ਨਗਰ, ਪਟਿਆਲਾ ਦੇ ਕੀਪਰ ਪਰਮਜੀਤ ਸਿੰਘ ਤੋਂ ਛਪਵਾ ਕੇ ਦਫ਼ਤਰ 'ਰੋਜ਼ਾਨਾ ਚੜ੍ਹਦੀਕਲਾ', 3205 ਸੈਕਟਰ 44-ਡੀ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ। ਮਾਲਕ: ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, ਪ੍ਰਾਈਵੇਟ ਲਿਮਟਿਡ।

PRGI (RNI) Regd. No. CHPUN/25/A1790

Printed, Published & Edited by Damandeep Singh on behalf of Charhdikala Printing Press Pvt. Ltd. Printed at Charhdikala Printing Press, 593, SST Nagar, Patiala keeper Paramjit Singh, Published at Office Daily Charhdikala, 3205, Sector 44-D, Chandigarh.

PRGI (RNI) Regd. No. CHPUN/25/A1790

# ਸੁਖਬੀਰ ਸਿੰਘ ਬਾਦਲ ਵਲੋਂ 55 ਵਿਧਾਨ ਸਭਾ ਹਲਕਿਆਂ 'ਚ ਹਲਕਾ ਪ੍ਰਧਾਨਾਂ ਦਾ ਐਲਾਨ, ਸੂਚੀ ਜਾਰੀ

ਚੰਡੀਗੜ੍ਹ, 3 ਜੂਨ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਵਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਤਿਆਰੀ ਖਿੱਚ ਲਈ ਗਈ ਹੈ। ਇਸ ਦੇ ਮੱਦੇਨਜ਼ਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਨਾਲ ਸਲਾਹ-ਮਸ਼ਵਰੇ ਉਪਰੰਤ ਅੱਜ ਇਸਤਰੀ ਅਕਾਲੀ ਦਲ ਦੀਆਂ 55 ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੀਆਂ ਹਲਕਾ ਪ੍ਰਧਾਨਾਂ ਦਾ ਐਲਾਨ ਕਰ ਦਿੱਤਾ। ਅੱਜ ਪਾਰਟੀ ਦੇ ਮੁੱਖ ਦਫ਼ਤਰ ਤੋਂ ਜਾਰੀ ਸੂਚੀ ਅਨੁਸਾਰ ਜਿਨ੍ਹਾਂ ਮਿਹਨਤੀ ਇਸਤਰੀ ਅਕਾਲੀ ਦਲ ਦੀਆਂ ਆਗੂਆਂ ਨੂੰ ਵੱਖ-ਵੱਖ 55 ਵਿਧਾਨ ਸਭਾ ਹਲਕਿਆਂ ਦੀਆਂ ਹਲਕਵਾਰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਉਨ੍ਹਾਂ 'ਚ ਹਲਕਾ ਅਟਾਰੀ (ਐਸ.ਸੀ) ਬੀਬੀ ਵਰਿੰਦਰ ਕੌਰ ਭਕਨਾ ਕਲਾਂ, ਹਲਕਾ ਬਾਬਾ ਬਕਾਲਾ (ਐਸ.ਸੀ) ਬੀਬੀ ਰਣਜੀਤ ਕੌਰ ਰਈਆ, ਹਲਕਾ ਅੰਮ੍ਰਿਤਸਰ ਪੱਛਮੀ (ਐਸ.ਸੀ) ਬੀਬੀ ਸੰਦੀਪ ਕੌਰ ਰੰਧਾਵਾ, ਹਲਕਾ ਰਾਮਪੁਰਾ ਫੂਲ ਬੀਬੀ ਗੁਰਵਿੰਦਰ ਕੌਰ ਭਗਤਾ ਸ਼ਾਮਲ ਹਨ। ਇਸੇ ਤਰ੍ਹਾਂ ਹਲਕਾ ਮੌੜ ਬੀਬੀ ਹਰਬੰਸ ਕੌਰ ਮੌੜ ਕਲਾਂ, ਹਲਕਾ ਭੁੱਚੋ ਮੰਡੀ (ਐਸ.ਸੀ) ਬੀਬੀ ਸੁਖਜੀਤ ਕੌਰ ਲਹਿਰਾ ਧੂਰਕੋਟ, ਹਲਕਾ ਭਦੌੜ (ਐਸ.ਸੀ) ਬੀਬੀ ਹਰਪ੍ਰੀਤ ਕੌਰ ਰੁੜੇਕੇ ਕਲਾਂ, ਹਲਕਾ ਮਹਿਲ ਕਲਾਂ (ਐਸ. ਸੀ) ਬੀਬੀ ਬਲਜੀਤ ਕੌਰ ਮਾਂਗੇਵਾਲ, ਹਲਕਾ ਜਲਾਲਾਬਾਦ ਬੀਬੀ ਪਰਮਜੀਤ ਕੌਰ ਜੰਡਵਾਲਾ ਭੀਮੇਸ਼ਾਹ, ਹਲਕਾ ਬੱਲੂਆਣਾ (ਐਸ.ਸੀ) ਨੂੰ ਪ੍ਰਧਾਨ ਲਾਇਆ ਗਿਆ ਹੈ।

ਇਸ ਦੇ ਨਾਲ ਹੀ ਬੀਬੀ ਵੀਰਪਾਲ ਕੌਰ ਗੋਬਿੰਦਗੜ੍ਹ, ਹਲਕਾ ਫਿਰੋਜ਼ਪੁਰ ਦਿਹਾਤੀ (ਐਸ.ਸੀ) ਬੀਬੀ ਮਨਜਿੰਦਰ ਕੌਰ ਤਲਵੰਡੀ ਭਾਈ, ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਬੀਬੀ ਹਰਭਜਨ ਕੌਰ ਸਰਹਿੰਦ, ਹਲਕਾ ਬੱਸੀ ਪਠਾਣਾਂ (ਐਸ.ਸੀ) ਬੀਬੀ ਕਰਮਜੀਤ ਕੌਰ ਖਮਾਣੋਂ, ਹਲਕਾ ਗੁਰਦਾਸਪੁਰ ਬੀਬੀ ਬਲਵਿੰਦਰ ਕੌਰ ਤੱਤਲੇ, ਹਲਕਾ ਕਾਦੀਆਂ ਤੋਂ ਸੰਤੋਸ਼ ਭਗਤ, ਹਲਕਾ ਬਟਾਲਾ ਤੋਂ ਬੀਬੀ ਰਣਬੀਰ ਕੌਰ ਦੇਵਤਾ, ਹਲਕਾ ਸ੍ਰੀ ਹਰਗੋਬਿੰਦਪੁਰ (ਐਸ.ਸੀ) ਬੀਬੀ ਸੁਖਵਿੰਦਰ ਕੌਰ, ਹਲਕਾ ਦੀਨਾਨਗਰ (ਐਸ.ਸੀ) ਬੀਬੀ ਮਨਜੀਤ ਕੌਰ ਪੁਰਾਣਾ ਸ਼ਾਲਾ, ਹਲਕਾ ਟਾਂਡਾ ਬੀਬੀ ਹਰਿੰਦਰ ਕੌਰ ਚਿੱਪੜਾਂ, ਹਲਕਾ ਹੁਸ਼ਿਆਰਪੁਰ ਬੀਬੀ ਪਰਮਜੀਤ ਕੌਰ ਸ਼ੇਰਗੜ੍ਹ, ਹਲਕਾ ਸ਼ਾਮਚੁਰਾਸੀ (ਐਸ.ਸੀ) ਬੀਬੀ ਰਣਜੀਤ ਕੌਰ ਕੋਟਲਾ ਨੌਧ ਸਿੰਘ, ਹਲਕਾ ਫਿਲੌਰ (ਐਸ.ਸੀ) ਬੀਬੀ ਰਣਜੀਤ ਕੌਰ ਰੁੜਕਾ ਖੁਰਦ, ਹਲਕਾ ਜਲੰਧਰ ਨੌਰਥ ਤੋਂ ਬੀਬੀ ਸਤਨਾਮ ਕੌਰ ਭੁੱਲਰ, ਹਲਕਾ ਜਲੰਧਰ ਪੱਛਮੀ (ਐਸ.ਸੀ) ਬੀਬੀ ਪੂਜਾ ਛਾਬੜਾ, ਹਲਕਾ ਜਲੰਧਰ ਸੈਂਟਰਲ ਬੀਬੀ ਰੀਟਾ ਰਾਣੀ, ਹਲਕਾ ਜਲੰਧਰ ਕੈਂਟ ਬੀਬੀ ਰਾਜਬੀਰ ਕੌਰ ਉਲੰਪੀਅਨ, ਹਲਕਾ ਕਪੂਰਥਲਾ ਬੀਬੀ ਬਲਬੀਰ ਕੌਰ ਸਿੱਧਵਾਂ, ਹਲਕਾ ਫਗਵਾੜਾ ਦਿਹਾਤੀ (ਐਸ.ਸੀ) ਬੀਬੀ ਵੀਨਾ ਰਾਣੀ ਰਾਵਲਪਿੰਡੀ ਅਤੇ ਫਗਵਾੜਾ ਸ਼ਹਿਰੀ ਤੋਂ ਬੀਬੀ ਸਰਬਜੀਤ ਕੌਰ ਸਾਬਕਾ ਐਮ.ਸੀ ਭਗਤਪੁਰਾ, ਹਲਕਾ ਗਿੱਲ (ਐਸ.ਸੀ) ਬੀਬੀ ਗੁਰਦੀਪ ਕੌਰ ਜੱਸੇਵਾਲ, ਹਲਕਾ ਦਾਖਾ ਬੀਬੀ ਸੁਖਮਿੰਦਰ ਕੌਰ ਗੁੱਜਰਵਾਲ, ਹਲਕਾ ਆਤਮ ਨਗਰ ਬੀਬੀ ਗੁਰਪ੍ਰੀਤ ਕੌਰ ਅਰੋੜਾ, ਹਲਕਾ ਪਾਇਲ (ਐਸ.ਸੀ) ਬੀਬੀ ਕਰਮਜੀਤ ਕੌਰ ਕੱਦੋਂ, ਹਲਕਾ ਲੁਧਿਆਣਾ ਦੱਖਣੀ ਬੀਬੀ ਨੀਨਾ ਵਰਮਾ ਪ੍ਰਭਾਤ ਨਗਰ ਨੂੰ ਹਲਕਾ ਪ੍ਰਧਾਨ ਲਾਇਆ ਗਿਆ ਹੈ।

ਹਲਕਾ ਲੁਧਿਆਣਾ ਸੈਂਟਰਲ ਤੋਂ ਬੀਬੀ ਗੁਰਪ੍ਰੀਤ ਕੌਰ ਸੀਬੀਆ, ਹਲਕਾ ਲੁਧਿਆਣਾ ਵੈਸਟ ਰਜਿੰਦਰ ਕੌਰ ਸੰਧੂ, ਹਲਕਾ ਬਾਘਾਪੁਰਾਣਾ ਬੀਬੀ ਖੁਸ਼ਵਿੰਦਰ ਕੌਰ ਬੰਬੀਹਾ, ਹਲਕਾ ਨਿਹਾਲ ਸਿੰਘ ਵਾਲਾ (ਐਸ.ਸੀ) ਬੀਬੀ ਸੁਖਦੀਪ ਕੌਰ ਸੈਦੋਕੇ, ਹਲਕਾ ਮਾਨਸਾ ਬੀਬੀ ਕਰਮਜੀਤ ਕੌਰ ਸਮਾਓ, ਹਲਕਾ ਬੁੱਢਲਾਡਾ (ਐਸ.ਸੀ) ਬੀਬੀ ਸੁਖਵਿੰਦਰ ਕੌਰ ਸੁੱਖੀ, ਹਲਕਾ ਸਰਦੂਲਗੜ੍ਹ ਬੀਬੀ ਲਾਭ ਕੌਰ ਮੂਸਾ, ਹਲਕਾ ਲੰਬੀ ਬੀਬੀ ਰਜਿੰਦਰਪਾਲ ਕੌਰ ਬਾਦਲ, ਹਲਕਾ ਮਲੇਰਕੋਟਲਾ ਬੀਬੀ ਸੁਰੱਈਆ ਬੇਗਮ, ਹਲਕਾ ਰਾਜਪੁਰਾ ਬੀਬੀ ਕਰਮਜੀਤ ਕੌਰ ਰਾਜਪੁਰਾ, ਹਲਕਾ ਨਾਭਾ (ਐਸ.ਸੀ) ਬੀਬੀ ਏਕਤਾ ਬਾਂਸਲ, ਹਲਕਾ ਪਠਾਨਕੋਟ ਤੋਂ ਬੀਬੀ ਨਰਿੰਦਰ ਕੌਰ ਭੜੋਲੀ ਕਲਾਂ, ਹਲਕਾ ਸੁਜਾਨਪੁਰ ਬੀਬੀ ਅਨੂਪੂਰਨਾ ਧਾਰ ਕਲਾਂ, ਹਲਕਾ ਭੋਆ (ਐਸ.ਸੀ) ਬੀਬੀ ਅਮਨਦੀਪ ਕੌਰ ਮਲਕਪੁਰ, ਹਲਕਾ ਰੂਪਨਗਰ ਬੀਬੀ ਚਰਨਜੀਤ ਕੌਰ ਮਲਕਪੁਰ, ਹਲਕਾ ਸ੍ਰੀ ਚਮਕੌਰ ਸਾਹਿਬ (ਐਸ.ਸੀ) ਬੀਬੀ ਰਣਦੀਪ ਕੌਰ ਬਹਿਰਾਮਪੁਰ ਜ਼ਿਮੀਦਾਰਾ, ਹਲਕਾ ਬਲਾਚੌਰ ਬੀਬੀ ਸੁਰਿੰਦਰ ਕੌਰ ਆਸਰੋਂ, ਹਲਕਾ ਸੰਗਰੂਰ ਬੀਬੀ ਜਸਵਿੰਦਰ ਕੌਰ ਨਕਟੇ, ਹਲਕਾ ਧੂਰੀ ਬੀਬੀ ਮਨਜੀਤ ਕੌਰ ਔਲਖ, ਹਲਕਾ ਦਿੜ੍ਹਬਾ (ਐਸ.ਸੀ) ਬੀਬੀ ਹਰਜਿੰਦਰ ਕੌਰ ਨੰਗਲਾਂ, ਹਲਕਾ ਲਹਿਰਾਗਾਗਾ ਬੀਬੀ ਚਰਨਜੀਤ ਕੌਰ ਲਹਿਰਾ ਅਤੇ ਹਲਕਾ ਤਰਨਤਾਰਨ ਬੀਬੀ ਪਰਮਿੰਦਰ ਕੌਰ (ਐਮ. ਸੀ) ਦੇ ਨਾਮ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਬਾਕੀ ਵਿੰਗਾਂ ਦੇ ਹਲਕਾ ਪ੍ਰਧਾਨਾਂ ਦਾ ਐਲਾਨ ਵੀ ਜਲਦੀ ਕਰ ਦਿੱਤਾ ਜਾਵੇਗਾ।

# ਵਾਈਸ ਚੇਅਰਮੈਨ ਨੇ ਮੁੱਖ ਮੰਤਰੀ ਤੀਰਥ ਯਾਤਰਾ ਬੱਸ ਪਿੰਡ ਕੋਹਲੇ ਮਾਜਰਾ ਤੋਂ ਕੀਤੀ ਰਵਾਨਾ




ਰਾਜਪੁਰਾ, 3 ਜੂਨ (ਸੰਜੀਵ ਕੁਮਾਰ): ਪੰਜਾਬ ਸਰਕਾਰ ਵੱਲੋਂ ਚਲਾਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਪਿੰਡ ਕੋਹਲੇ ਮਾਜਰਾ ਤੋਂ ਵਿਰਾਸਤ ਸੇਵਾ ਸੰਗਠਨ ਤਹਿਤ ਬਲਾਕ ਸੰਮਤੀ ਸ਼ੰਭੂ ਕਲਾ ਦੇ ਵਾਈਸ ਚੇਅਰਮੈਨ ਭੁਪਿੰਦਰ ਸਿੰਘ ਭਿੰਦਾ ਖਾਨਪੁਰ ਗੰਡਿਆਂ ਵੱਲੋਂ ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਸਿੰਘ ਘਨੌਰ ਦੇ ਯਤਨਾਂ ਸਦਕਾ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂਧਾਮਾਂ ਸਮੇਤ ਹੋਰਨਾਂ ਗੁਰਧਾਮਾਂ ਦੇ ਦਰਸ਼ਨਾਂ ਲਈ ਸੰਗਤਾਂ ਨੂੰ ਰਵਾਨਾ ਕੀਤਾ। ਇਸ ਮੌਕੇ ਵਾਈਸ ਚੇਅਰਮੈਨ ਭੁਪਿੰਦਰ ਸਿੰਘ ਭਿੰਦਾ ਵੱਲੋਂ ਗੁਰੂਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੇ ਗਲਾਂ ਦੇ ਵਿੱਚ ਹਾਰ ਪਾ ਕੇ ਉਹਨਾਂ ਦਾ ਸਨਮਾਨ ਕੀਤਾ ਗਿਆ। ਉਹਨਾਂ ਦੱਸਿਆ ਕਿ ਪਿੰਡਾਂ ਤੇ ਸ਼ਹਿਰਾਂ ਦੇ ਵਿੱਚ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਦੇ ਤਹਿਤ ਲੋਕਾਂ ਦੇ ਵਿੱਚ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਹਨਾਂ ਦੱਸਿਆ ਕਿ ਬੀਤੇ ਕਈ ਦਿਨਾਂ ਤੋਂ ਹਲਕਾ ਘਨੌਰ ਦੇ ਦਰਜਨਾਂ ਪਿੰਡਾਂ ਤੋਂ ਉਹਨਾਂ ਵੱਲੋਂ ਸ਼ਰਧਾਲੂਆਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਦੇ ਲਈ ਬੱਸਾਂ ਦੇ ਰਾਹੀਂ ਰਵਾਨਾ ਕੀਤਾ ਜਾ ਚੁੱਕਿਆ ਹੈ ਅਤੇ ਰਹਿੰਦੇ ਪਿੰਡਾਂ ਦੇ ਸ਼ਰਧਾਲੂਆਂ ਨੂੰ ਵੀ ਜਲਦ ਗੁਰੂਧਾਮਾਂ ਦੇ ਦਰਸ਼ਨਾਂ ਦੇ ਲਈ ਭੇਜਿਆ ਜਾਵੇਗਾ। ਇਸ ਦੌਰਾਨ ਟੀਮ ਦੇ ਵੱਲੋਂ ਵਾਈਸ ਚੇਅਰਮੈਨ ਭੁਪਿੰਦਰ ਸਿੰਘ ਭਿੰਦਾ ਦਾ ਵੀ ਸਿਰੋਪਾਓ ਪਾ ਕੇ ਸਨਮਾਨ ਕਰਦਿਆਂ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਗੁਰਪਾਲ ਸਿੰਘ, ਨਿਹਾਲ ਸਿੰਘ, ਪਰਦੀਪ ਕੁਮਾਰ, ਮੇਜਰ ਸਿੰਘ ਹੈਪੀ, ਬਲਜਿੰਦਰ ਸਿੰਘ, ਟਹਿਲ ਸਿੰਘ ਨੰਬਰਦਾਰ, ਗੁਰਜੀਤ ਸਿੰਘ, ਨੈਬ ਸਿੰਘ, ਕਰਨੈਲ ਸਿੰਘ, ਲਾਭ ਸਿੰਘ, ਬਾਲ ਸਿੰਘ, ਗੁਰਦਾਸ ਪਟਵਾਰੀ, ਗੁਰਦਾਸ ਸਿੰਘ ਭੁਪਿੰਦਰ ਸਿੰਘ ਸਮੇਤ ਪਿੰਡ ਵਾਸੀ ਹਾਜ਼ਰ ਸਨ।

# ਭਗਤ ਪੂਰਨ ਸਿੰਘ ਨੇ ਮਨੁੱਖਤਾ ਨੂੰ ਸੇਧ ਦਿੱਤੀ: ਵਿਜੈ ਪ੍ਰਤਾਪ

ਅੰਮ੍ਰਿਤਸਰ, 3 ਜੂਨ (ਚ.ਨ.ਸ): ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਦੇ 122ਵੇਂ ਜਨਮ ਦਿਨ ਨੂੰ ਸਮਰਪਿਤ ਤਿੰਨ ਰੋਜ਼ਾ ਪ੍ਰੋਗਰਾਮਾਂ ਦੀ ਸ਼ੁਰੂਆਤ ਅੱਜ ਪਿੰਗਲਵਾੜਾ ਦੇ ਵਿਹੜੇ ਵਿੱਚ ਹੋ ਗਈ। ਅੱਜ ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਹੋਈ। ਪਹਿਲੇ ਦਿਨ ਦੇ ਪ੍ਰੋਗਰਾਮ ਵਿੱਚ ਵਾਤਾਵਰਨ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ 'ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਕੁਦਰਤ ਦੀ ਸੰਭਾਲ' ਵਿਸ਼ੇ 'ਤੇ ਸੈਮੀਨਾਰ ਕੀਤਾ ਗਿਆ। ਵਿਧਾਇਕ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਭਗਤ ਜੀ ਨੇ ਮਨੁੱਖਤਾ ਨੂੰ ਨਵੀਂ ਸੇਧ ਦਿੱਤੀ। ਪਿੰਗਲਵਾੜਾ ਸੰਸਥਾ ਦੀ ਮੁਖੀ ਡਾ. ਇੰਦਰਜੀਤ ਕੌਰ ਨੇ ਕਿਹਾ ਕਿ ਭਗਤ ਪੂਰਨ ਸਿੰਘ ਨੇ 100 ਸਾਲ ਪਹਿਲਾਂ ਹੀ ਦੁਨੀਆਂ ਨੂੰ ਖ਼ਰਾਬ ਹੋਣ ਵਾਲੇ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ ਸੀ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਕਿਹਾ ਕਿ ਭਗਤ ਪੂਰਨ ਸਿੰਘ ਵਾਤਾਵਰਨ ਦੇ ਸੱਚੇ ਪਹਿਰੇਦਾਰ ਸਨ। ਉਨ੍ਹਾਂ ਦੇ 122ਵੇਂ ਜਨਮ ਦਿਨ ਮੌਕੇ ਵਾਤਾਵਰਨ ਦੀ ਸੰਭਾਲ ਕਰਨਾ ਹੀ ਉਨ੍ਹਾਂ ਪ੍ਰਤੀ ਸੱਚੀ-ਸੁੱਚੀ ਸ਼ਰਧਾਂਜਲੀ ਹੈ। ਖ਼ਰਾਬ ਹੋ ਰਹੇ ਵਾਤਾਵਰਨ ਕਾਰਨ ਮਨੁੱਖਾਂ ਤੇ ਜੀਵ-ਜੰਤੂਆਂ ਦੀ ਹੋਂਦ ਖ਼ਤਰੇ ਵਿੱਚ ਪੈ ਰਹੀ ਹੈ। ਵਾਤਾਵਰਨ ਦੀ ਸੰਭਾਲ ਵਾਸਤੇ ਗੁਰਬਾਣੀ ਵਿੱਚ ਵੀ ਜ਼ੋਰ ਦਿੱਤਾ ਗਿਆ ਹੈ। ਸਾਬਕਾ ਜਥੇ. ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਭਗਤ ਪੂਰਨ ਸਿੰਘ ਨੇ 1927 ਤੋਂ ਲੋਕਾਂ ਨੂੰ ਵਾਤਾਵਰਨ ਦੀ ਸੰਭਾਲ ਪ੍ਰਤੀ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਵੱਲੋਂ ਉਸ ਵੇਲੇ ਪ੍ਰਗਟਾਇਆ ਫ਼ਿਕਰ ਅੱਜ ਸੱਚ ਸਾਬਤ ਹੋ ਰਿਹਾ ਹੈ। ਇਸ ਦੌਰਾਨ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਨੁਮਾਇੰਦੇ ਸੂਬੇਦਾਰ ਬਲਬੀਰ ਸਿੰਘ, ਡਾ. ਸਰਬਜੀਤ ਸਿੰਘ ਛੀਨਾ, ਪ੍ਰਿੰਸੀਪਲ ਕੁਲਵੰਤ ਸਿੰਘ ਨੇ ਵੀ ਸੰਬੋਧਨ ਕੀਤਾ। ਸੈਮੀਨਾਰ ਦੀ ਪ੍ਰਧਾਨਗੀ ਕਰ ਰਹੇ ਵਿਧਾਇਕ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਭਗਤ ਪੂਰਨ ਸਿੰਘ ਨੇ ਪ੍ਰੇਰਨਾਦਾਇਕ ਜੀਵਨ ਜਿਊਂਦਿਆਂ ਮਨੁੱਖਤਾ ਨੂੰ ਨਵੀਂ ਸੇਧ ਦਿੱਤੀ। ਆਉਂਦੇ ਸਮੇਂ ਵਿੱਚ ਜ਼ਮੀਨੀ ਪਾਣੀ ਮਨੁੱਖ ਨੂੰ ਵਰਤੋਂ ਲਈ ਮਿਲਣਾ ਮੁਸ਼ਕਿਲ ਹੋ ਜਾਵੇਗਾ। ਦਿਨੋਂ-ਦਿਨ ਵੱਧ ਰਿਹਾ ਧਰਤੀ ਦਾ ਤਾਪਮਾਨ ਮਨੁੱਖਾਂ, ਜੀਵ-ਜੰਤੂਆਂ, ਪੌਦਿਆਂ, ਫ਼ਸਲਾਂ ਆਦਿ ਦੀ ਹੋਂਦ ਖ਼ਤਰੇ ਵਿੱਚ ਪਾ ਰਿਹਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪਿੰਗਲਵਾੜਾ ਸੰਸਥਾ ਵੱਲੋਂ ਮਨੁੱਖਤਾ ਨੂੰ ਜਾਗਰੂਕ ਕਰਨ ਲਈ ਉਪਰਾਲੇ ਚੱਲਦੇ ਰਹਿਣਗੇ।




# ਪੈਟਰੋਲ ਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਪਾ ਰਹੀਆਂ ਨੇ ਭਾਰਤੀ ਅਰਥਚਾਰੇ 'ਤੇ ਅਸਰ

## ☛ਮਾਲ-ਢੁਆਈ ਮਹਿੰਗੀ ਹੋਣ ਕਾਰਨ ਜ਼ਰੂਰੀ ਵਸਤਾਂ ਦੇ ਭਾਅ ਹੋਰ ਵਧਣਗੇ

ਨਵੀਂ ਦਿੱਲੀ, 3 ਜੂਨ (ਚ.ਨ.ਸ): ਰੇਟਿੰਗ ਏਜੰਸੀ ਕ੍ਰਿਸਿਲ ਨੇ ਅੱਜ ਆਪਣੀ ਰਿਪੋਰਟ 'ਚ ਕਿਹਾ ਕਿ ਪੈਟਰੋਲ ਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਭਾਰਤੀ ਅਰਥਚਾਰੇ 'ਤੇ ਮਹਿੰਗਾਈ ਦਾ ਨਵਾਂ ਦਬਾਅ ਪਾਉਣ ਲਈ ਤਿਆਰ ਹਨ, ਕਿਉਂਕਿ ਆਉਣ ਵਾਲੇ ਮਹੀਨਿਆਂ ਵਿੱਚ ਉਚ ਟਰਾਂਸਪੋਰਟ ਤੇ ਉਤਪਾਦਨ ਲਾਗਤਾਂ ਦਾ ਅਸਰ ਖਪਤਕਾਰਾਂ ਦੀਆਂ ਜੇਬਾਂ 'ਤੇ ਪੈਣ ਦਾ ਖਦਸ਼ਾ ਹੈ। ਰਿਪੋਰਟ ਅਨੁਸਾਰ 15 ਮਈ ਤੋਂ ਬਾਅਦ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਤਕਰੀਬਨ 7.5 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋ ਚੁੱਕਾ ਹੈ ਤੇ ਜੇ ਕੱਚੇ ਤੇਲ ਦੀਆਂ ਕੀਮਤਾਂ ਉਚੇ ਪੱਧਰ 'ਤੇ ਬਣੀਆਂ ਰਹਿੰਦੀਆਂ ਹਨ ਤਾਂ ਇਹ ਵਾਧਾ ਨੇੜ ਭਵਿੱਖ 'ਚ 10 ਰੁਪਏ ਪ੍ਰਤੀ ਲਿਟਰ ਤੱਕ ਪਹੁੰਚ ਸਕਦਾ ਹੈ। ਕ੍ਰਿਸਿਲ ਨੇ ਕਿਹਾ ਕਿ ਇਸ ਦਾ ਅਸਰ ਪੂਰੇ ਅਰਥਚਾਰੇ 'ਚ ਢੋਆ-ਢੁਆਈ ਲਾਗਤ 'ਚ ਵਾਧੇ ਰਾਹੀਂ ਦਿਸੇਗਾ, ਜਿਸ ਨਾਲ ਖਾਣ-ਪੀਣ ਦੀਆਂ ਚੀਜ਼ਾਂ ਤੇ ਹੋਰ ਵਸਤਾਂ ਦੀ ਮਹਿੰਗਾਈ ਦੋਵੇਂ ਵਧੇਗੀ।" ਰਿਪੋਰਟ ਮੁਤਾਬਿਕ ਈਂਧਣ ਕੀਮਤਾਂ 'ਚ ਵਾਧੇ ਦਾ ਸਿੱਧਾ ਅਸਰ ਮਹਿੰਗਾਈ 'ਤੇ ਪਵੇਗਾ। ਈਂਧਣ ਕੀਮਤਾਂ 'ਚ 7.5 ਰੁਪਏ ਪ੍ਰਤੀ ਲਿਟਰ 'ਚ ਵਾਧੇ ਨਾਲ ਪ੍ਰਚੂਨ ਮਹਿੰਗਾਈ ਦਰ ਤਕਰੀਬਨ 0.36 ਫੀਸਦ ਤੱਕ ਵੱਧ ਸਕਦੀ ਹੈ। ਜੇ ਈਂਧਣ ਕੀਮਤਾਂ 10 ਰੁਪਏ ਪ੍ਰਤੀ ਲਿਟਰ ਤੱਕ ਵੱਧ ਜਾਂਦੀਆਂ ਹਨ ਤਾਂ ਪ੍ਰਚੂਨ ਮਹਿੰਗਾਈ ਦਰ 'ਚ ਤਕਰੀਬਨ 0.48 ਫੀਸਦ ਤੱਕ ਵੱਧ ਸਕਦੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਈਂਧਣ ਦੀਆਂ ਕੀਮਤਾਂ ਵਧਣ ਦਾ ਸਭ ਤੋਂ ਵੱਧ ਪ੍ਰਭਾਵ ਸੜਕੀ ਆਵਾਜਾਈ 'ਤੇ ਪਵੇਗਾ ਕਿਉਂਕਿ ਇਸ ਦੀ ਲਾਗਤ ਦਾ ਤਕਰੀਬਨ 42 ਫੀਸਦ ਹਿੱਸਾ ਈਂਧਣ 'ਤੇ ਨਿਰਭਰ ਹੈ। ਇਸ ਨਾਲ ਮਾਲ-ਢੁਆਈ ਮਹਿੰਗੀ ਹੋ ਜਾਵੇਗੀ ਤੇ ਇਸ ਦਾ ਅਸਰ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੀਆਂ ਕੀਮਤਾਂ 'ਤੇ ਪਵੇਗਾ। ਸਰਕਾਰ ਥੋਕ ਮੁੱਲ ਸੂਚਕ ਅੰਕ ਹੌਲੀ-ਹੌਲੀ ਖਤਮ ਕਰਕੇ ਉਤਪਾਦਨ, ਕੱਚਾ ਮਾਲ ਤੇ ਸੇਵਾਵਾਂ ਦੀਆਂ ਕੀਮਤਾਂ ਨੂੰ ਸ਼ਾਮਲ ਕਰਨ ਵਾਲਾ ਉਤਪਾਦਕ ਮੁੱਲ ਸੂਚਕ ਅੰਕ ਲਾਗੂ ਕਰੇਗੀ। ਵਣਜ ਤੇ ਉਦਯੋਗ ਮੰਤਰਾਲੇ ਦੇ ਪ੍ਰਮੁੱਖ ਆਰਥਿਕ ਸਲਾਹਕਾਰ ਪ੍ਰਵੀਨ ਮਹਿਤੋ ਨੇ ਕਿਹਾ ਕਿ ਉਦਯੋਗ ਤੇ ਅੰਤਰਿਕ ਵਪਾਰ ਵਿਕਾਸ ਵਿਭਾਗ 15 ਜੂਨ ਨੂੰ ਨਵੇਂ ਆਧਾਰ ਸਾਲ 2022-23 ਨਾਲ ਡਬਲਿਊਪੀਆਈ ਦੀ ਸੋਧੀ ਹੋਈ ਲੜੀ ਜਾਰੀ ਕਰੇਗਾ। ਇਹ ਆਧਾਰ ਸਾਲ 2011-12 ਵਾਲੀ ਮੌਜੂਦਾ ਲੜੀ ਦੀ ਥਾਂ ਲਵੇਗੀ।




# ਗੁਰਦੁਆਰੇ ਨੇੜੇ ਨਾਜਾਇਜ਼ ਕਬਜ਼ਿਆਂ ਕਾਰਨ ਸੰਗਤ 'ਚ ਰੋਸ

## ☛ਅੰਦੋਲਨ ਦੀ ਰਣਨੀਤੀ ਲਈ ਮਹਾਂਪੰਚਾਇਤ ਦੀ ਚਿਤਾਵਨੀ

ਕੁਰੂਕਸ਼ੇਤਰ, 3 ਜੂਨ (ਚ.ਨ.ਸ): ਗੁਰਦੁਆਰਾ ਮੰਜੀ ਸਾਹਿਬ, ਕੁਟੀਆ ਗੁਰੂਦੇਵ ਨਿਵਾਸ, ਮੁੱਖ ਸਵਰਗ ਆਸ਼ਰਮ ਤੇ ਡੇਹਾ ਕਲੋਨੀ ਦੀ ਮੁੱਖ ਸੜਕ 'ਤੇ ਕਥਿਤ ਨਾਜਾਇਜ਼ ਕਬਜ਼ਿਆਂ ਤੇ ਗੰਦਗੀ ਕਾਰਨ ਇਲਾਕੇ ਦੀ ਸੰਗਤ ਵਿੱਚ ਭਾਰੀ ਰੋਸ ਹੈ। ਅੱਜ ਸਿੱਖ ਸੰਗਤ ਸਣੇ ਇਲਾਕੇ ਦੇ ਪ੍ਰਮੁੱਖ ਲੋਕਾਂ ਨੇ ਡਿਪਟੀ ਕਮਿਸ਼ਨਰ ਕੁਰੂਕਸ਼ੇਤਰ ਦੇ ਨਾਮ ਸਿਟੀ ਮੈਜਿਸਟ੍ਰੇਟ ਨੂੰ ਮੰਗ ਪੱਤਰ ਸੌਂਪਿਆ, ਜਿਸ ਵਿੱਚ ਤੁਰੰਤ ਤੇ ਪ੍ਰਭਾਵਸ਼ਾਲੀ ਕਾਰਵਾਈ ਦੀ ਮੰਗ ਕੀਤੀ ਗਈ। ਇਸ ਦੌਰਾਨ ਚਿਤਾਵਨੀ ਦਿੱਤੀ ਕਿ ਜੇ ਸਮੱਸਿਆ ਹੱਲ ਨਾ ਹੋਈ ਤਾਂ ਅੰਦੋਲਨ ਦੀ ਰਣਨੀਤੀ ਲਈ 5 ਜੂਨ ਨੂੰ ਮਹਾਂਪੰਚਾਇਤ ਹੋਵੇਗੀ। ਵਫ਼ਦ ਦੀ ਅਗਵਾਈ ਕੌਂਸਲਰ ਰਾਜੇਸ਼ ਉਪਲ, ਜਗਤਾਰ ਸਿੰਘ ਤਾਰਾ ਤੇ ਸਿੱਖ ਆਗੂ ਮਨਜੀਤ ਸਿੰਘ ਕਰ ਰਹੇ ਸਨ। ਮੰਗ ਪੱਤਰ ਵਿੱਚ ਕਿਹਾ ਗਿਆ ਕਿ ਬਰਾੜਾ ਰੋਡ ਤੇ ਡੇਹਾ ਕਲੋਨੀ ਦੀ ਮੁੱਖ ਸੜਕ 'ਤੇ ਨਾਜਾਇਜ਼ ਕਬਜ਼ਿਆਂ ਕਾਰਨ ਸਰਕਾਰੀ ਜ਼ਮੀਨਾਂ ਤੇ ਸੜਕਾਂ ਦੇ ਕਿਨਾਰੇ ਮਲਬਾ, ਪਸ਼ੂਆਂ ਦੇ ਪਿੰਜਰ ਤੇ ਹੋਰ ਰਹਿੰਦ-ਖੂੰਹਦ ਸੁੱਟੀ ਜਾ ਰਹੀ ਹੈ। ਗੰਦਗੀ ਤੇ ਬਦਬੂ ਕਾਰਨ ਸ਼ਰਧਾਲੂਆਂ ਨੂੰ ਗੁਰਦੁਆਰਾ ਸਾਹਿਬ, ਕੁਟੀਆ ਗੁਰੂਦੇਵ ਨਿਵਾਸ ਤੇ ਮੁੱਖ ਸਵਰਗ ਆਸ਼ਰਮ ਜਾਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੰਗਤ ਨੇ ਮੰਗ ਕੀਤੀ ਕਿ ਗੁਰਦੁਆਰਾ ਮੰਜੀ ਸਾਹਿਬ ਤੇ ਮੁੱਖ ਸਵਰਗ ਆਸ਼ਰਮ ਦੇ ਆਲੇ-ਦੁਆਲੇ ਸਾਰੇ ਗੈਰ-ਕਾਨੂੰਨੀ ਕਬਜ਼ਿਆਂ ਹਟਾਉਣ ਦੇ ਨਾਲ-ਨਾਲ ਸਫ਼ਾਈ ਮੁਹਿੰਮ ਚਲਾਈ ਜਾਵੇ। ਬਰਾੜਾ ਰੋਡ ਤੇ ਡੇਹਾ ਕਲੋਨੀ ਦੀਆਂ ਮੁੱਖ ਸੜਕਾਂ ਨੂੰ ਪੂਰੀ ਤਰ੍ਹਾਂ ਕਬਜ਼ੇ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ।

# ਖੇਤ ਬਚਾਓ ਅਭਿਆਨ ਤਹਿਤ ਜਾਗਰੂਕਤਾ ਪ੍ਰੋਗਰਾਮ




ਅਬੋਹਰ, 3 ਜੂਨ (ਬਖਸ਼ੀਸ਼ ਸਿੰਘ/ ਜਸਪ੍ਰੀਤ ਸਿੰਘ): ਅੱਜ ਖੇਤੀਬਾੜੀ ਵਿਗਿਆਨ ਕੇਂਦਰ (ਕੇ.ਵੀ.ਕੇ.), ਫਾਜ਼ਿਲਕਾ ਵੱਲੋਂ ਪਿੰਡ ਸੱਪਾਂ ਵਾਲੀ ਤੇ ਖੁਈਆਂ ਸਰਵਰ ਵਿਖੇ ਖੇਤ ਬਚਾਓ ਅਭਿਆਨ ਤਹਿਤ ਸੰਤੁਲਿਤ ਉਰਵਰਕ ਵਰਤੋਂ ਤੇ ਸਿੰਗਲ ਯੂਜ਼ ਪਲਾਸਟਿਕ ਦੇ ਮਾੜੇ ਪ੍ਰਭਾਵਾਂ ਵਿਸ਼ੇ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਕਿਸਾਨਾਂ ਨੂੰ ਮਿੱਟੀ ਦੀ ਉਪਜਾਊ ਸ਼ਕਤੀ ਤੇ ਸਿਹਤ ਬਣਾਈ ਰੱਖਣ ਲਈ ਸੰਤੁਲਿਤ ਤੇ ਵਿਗਿਆਨਕ ਢੰਗ ਨਾਲ ਉਰਵਰਕਾਂ ਦੀ ਵਰਤੋਂ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਗਈ। ਨਾਲ ਹੀ ਸਿੰਗਲ ਯੂਜ਼ ਪਲਾਸਟਿਕ ਦੀ ਬੇਲੋੜੀ ਵਰਤੋਂ ਨਾਲ ਵਾਤਾਵਰਨ, ਮਿੱਟੀ ਤੇ ਮਨੁੱਖੀ ਸਿਹਤ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਸਬੰਧੀ ਵਿਸਥਾਰ ਨਾਲ ਜਾਗਰੂਕ ਕੀਤਾ ਗਿਆ। ਇਸ ਮੌਕੇ ਕੇ.ਵੀ.ਕੇ. ਟੀਮ ਦੇ ਮੈਂਬਰਾਂ ਪ੍ਰਿਥਵੀਰਾਜ ਤੇ ਰਮੇਸ਼ ਕਾਂਟਵਾ ਨੇ ਕਿਸਾਨਾਂ ਨੂੰ ਵਾਤਾਵਰਨ ਸੰਭਾਲ, ਪਲਾਸਟਿਕ ਮੁਕਤ ਮਾਹੌਲ ਤੇ ਟਿਕਾਊ ਖੇਤੀ ਵਿਧੀਆਂ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਸਾਨਾਂ ਨੂੰ ਮਿੱਟੀ ਪ੍ਰੀਖਣ ਆਧਾਰਿਤ ਉਰਵਰਕ ਪ੍ਰਯੋਗ ਤੇ ਪਲਾਸਟਿਕ ਕੂੜੇ ਦੇ ਉਚਿੱਤ ਪ੍ਰਬੰਧਨ ਨੂੰ ਅਪਣਾਉਣ ਦਾ ਸੱਦਾ ਦਿੱਤਾ। ਪ੍ਰੋਗਰਾਮ ਵਿੱਚ ਕਿਸਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ ਤੇ ਇਸ ਤਰ੍ਹਾਂ ਦੀਆਂ ਜਾਗਰੂਕਤਾ ਗਤੀਵਿਧੀਆਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਆਯੋਜਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

# ਸਰੀ 'ਚ 4 ਮਹੀਨਿਆਂ ਦੌਰਾਨ 31 ਫ਼ੀਸਦੀ ਵਧੇ ਅਪਰਾਧ! ਕਤਲ ਤੇ ਗੋਲੀਬਾਰੀ ਨਾਲ ਵੀ ਜੁੜੇ ਮਾਮਲੇ

ਸਰੀ, 3 ਜੂਨ (ਚ.ਨ.ਸ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸ਼ਹਿਰ 'ਚ ਸਾਲ 2026 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਅਪਰਾਧ ਦੇ ਮਾਮਲਿਆਂ ਵਿੱਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ। ਸਰੀ ਪੁਲਿਸ ਸਰਵਿਸ (ਐਸ.ਪੀ.ਐਸ.) ਦੇ ਤਾਜ਼ਾ ਅੰਕੜਿਆਂ ਅਨੁਸਾਰ ਜਨਵਰੀ ਤੋਂ ਅਪ੍ਰੈਲ ਦੇ ਵਿੱਚਕਾਰ ਲੋਕਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਵਿੱਚ 31 ਫ਼ੀਸਦੀ ਤੇ ਜਾਇਦਾਦ ਸਬੰਧੀ ਅਪਰਾਧਾਂ ਵਿੱਚ 12 ਫ਼ੀਸਦੀ ਦਾ ਵਾਧਾ ਹੋਇਆ ਹੈ। ਸਭ ਤੋਂ ਚਿੰਤਾਜਨਕ ਅੰਕੜੇ ਕਤਲ ਤੇ ਗੋਲੀਬਾਰੀ ਨਾਲ ਜੁੜੇ ਹੋਏ ਹਨ। ਇਸ ਸਮੇਂ ਦੌਰਾਨ ਕਤਲ ਦੇ ਮਾਮਲਿਆਂ ਦੀ ਗਿਣਤੀ 2 ਤੋਂ ਵੱਧ ਕੇ 8 ਹੋ ਗਈ, ਜੋ 300 ਫ਼ੀਸਦੀ ਦਾ ਵਾਧਾ ਦਰਸਾਉਂਦੀ ਹੈ। ਉਥੇ ਹੀ ਗੋਲੀਬਾਰੀ ਦੀਆਂ ਘਟਨਾਵਾਂ 17 ਤੋਂ ਵੱਧ ਕੇ 33 ਹੋ ਗਈਆਂ, ਮਤਲਬ 94 ਫ਼ੀਸਦੀ ਦਾ ਵਾਧਾ। ਪੁਲਿਸ ਦਾ ਮੰਨਣਾ ਹੈ ਕਿ ਸੰਗਠਿਤ ਅਪਰਾਧ ਤੇ ਗੈਂਗ ਗਤੀਵਿਧੀਆਂ ਇਸ ਦੇ ਪਿੱਛੇ ਇੱਕ ਮੁੱਖ ਕਾਰਨ ਹੋ ਸਕਦੀਆਂ ਹਨ। **ਦੱਖਣੀ ਏਸ਼ੀਆਈ ਭਾਈਚਾਰੇ 'ਤੇ ਵਧਿਆ ਫ਼ਿਰੌਤੀ ਦਾ ਖ਼ਤਰਾ:** ਅੰਕੜਿਆਂ ਅਨੁਸਾਰ ਕਥਿਤ 'ਸਾਊਥ ਏਸ਼ੀਅਨ ਸੀਰੀਜ਼' ਨਾਲ ਜੁੜੇ ਫਿਰੌਤੀ ਦੇ ਮਾਮਲਿਆਂ ਵਿੱਚ ਸਭ ਤੋਂ ਵੱਧ ਵਾਧਾ ਦਰਜ ਕੀਤਾ ਗਿਆ। ਅਜਿਹੇ ਮਾਮਲਿਆਂ ਦੀ ਗਿਣਤੀ 4 ਤੋਂ ਵੱਧ ਕੇ 95 ਹੋ ਗਈ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਸਰੀ ਤੇ ਆਸ-ਪਾਸ ਦੇ ਇਲਾਕਿਆਂ ਵਿੱਚ ਭਾਰਤੀ ਤੇ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਧਮਕੀ ਭਰੇ ਫ਼ੋਨ, ਸੁਨੇਹੇ ਤੇ ਫ਼ਿਰੌਤੀ ਦੀ ਮੰਗ ਦੇ ਕਈ ਮਾਮਲੇ ਸਾਹਮਣੇ ਆਏ ਹਨ। **ਲੁੱਟ-ਖੋਹ ਤੇ ਹਮਲਿਆਂ ਦੇ ਮਾਮਲਿਆਂ 'ਚ ਵੀ ਵਾਧਾ:** ਚਾਰ ਮਹੀਨਿਆਂ ਦੌਰਾਨ ਹਮਲਿਆਂ ਦੇ ਮਾਮਲਿਆਂ ਵਿੱਚ 24 ਫ਼ੀਸਦੀ ਵਾਧਾ ਦਰਜ ਕੀਤਾ ਗਿਆ। ਇਨ੍ਹਾਂ ਦੀ ਗਿਣਤੀ 1,062 ਤੋਂ ਵੱਧ ਕੇ 1,314 ਹੋ ਗਈ। ਉਥੇ ਹੀ ਲੁੱਟ-ਖੋਹ ਦੇ ਮਾਮਲੇ 30 ਫ਼ੀਸਦੀ ਵੱਧ ਕੇ 158 ਤੱਕ ਪਹੁੰਚ ਗਏ। ਜਿਨਸੀ ਅਪਰਾਧਾਂ ਵਿੱਚ ਵੀ 16 ਫ਼ੀਸਦੀ ਦਾ ਵਾਧਾ ਦੇਖਿਆ ਗਿਆ। **ਧੋਖਾਦੇਹੀ ਦੇ ਮਾਮਲੇ ਵਧੇ:** ਡਿਜੀਟਲ ਅਪਰਾਧਾਂ ਵਿੱਚ ਵੀ ਤੇਜ਼ੀ ਦੇਖਣ ਨੂੰ ਮਿਲੀ। ਪਛਾਣ ਚੋਰੀ ਤੇ ਧੋਖਾਦੇਹੀ ਦੇ ਮਾਮਲਿਆਂ ਵਿੱਚ 59 ਫ਼ੀਸਦੀ ਦਾ ਵਾਧਾ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਆਨਲਾਈਨ ਵਿੱਤੀ ਲੈਣ-ਦੇਣ ਵਧਣ ਦੇ ਨਾਲ-ਨਾਲ ਸਾਈਬਰ ਅਪਰਾਧੀਆਂ ਦੀਆਂ ਗਤੀਵਿਧੀਆਂ ਵੀ ਤੇਜ਼ ਹੋਈਆਂ ਹਨ।



# ਦੇਸ਼ ਭਗਤ ਯੂਨੀਵਰਸਿਟੀ ਦੇ ਕੁਸ਼ਤੀ ਕੋਚ ਮਨਦੀਪ ਪੰਜਾਬ ਗ੍ਰੈਪਲਿੰਗ ਕਮੇਟੀ ਦੇ ਜੁਆਇੰਟ ਸਕੱਤਰ ਬਣੇ

ਮੰਡੀ ਗੋਬਿੰਦਗੜ੍ਹ, 3 ਜੂਨ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਕੁਸ਼ਤੀ ਕੋਚ ਮਨਦੀਪ ਨੂੰ ਪੰਜਾਬ ਗ੍ਰੈਪਲਿੰਗ ਕਮੇਟੀ ਦਾ ਜੁਆਇੰਟ ਸਕੱਤਰ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਪੰਜਾਬ ਵਿੱਚ ਗ੍ਰੈਪਲਿੰਗ ਖੇਡਾਂ ਦੇ ਵਿਕਾਸ ਤੇ ਪ੍ਰਚਾਰ-ਪ੍ਰਸਾਰ ਲਈ ਉਨ੍ਹਾਂ ਦੀ ਸਮਰਪਣ ਭਾਵਨਾ, ਵਚਨਬੱਧਤਾ ਤੇ ਮਹੱਤਵਪੂਰਨ ਯੋਗਦਾਨ ਦੀ ਮਾਨਤਾ ਹੈ। ਕਮੇਟੀ ਵੱਲੋਂ ਮਨਦੀਪ ਦੀਆਂ ਯੋਗਤਾਵਾਂ, ਖਿਡਾਰੀਆਂ, ਕੋਚਾਂ ਤੇ ਵਿਸ਼ਾਲ ਗ੍ਰੈਪਲਿੰਗ ਭਾਈਚਾਰੇ ਲਈ ਲਗਾਤਾਰ ਯਤਨਾਂ 'ਤੇ ਪ੍ਰਗਟ ਕੀਤੇ ਵਿਸ਼ਵਾਸ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਨਵੇਂ ਅਹੁਦੇ ਵਿੱਚ ਕਮੇਟੀ ਦੇ ਮੈਂਬਰਾਂ ਨਾਲ ਮਿਲ ਕੇ ਸੰਗਠਨਾਤਮਕ ਕਾਰਜਾਂ ਨੂੰ ਮਜ਼ਬੂਤ ਕਰਨ ਤੇ ਸੂਬੇ ਭਰ ਦੇ ਗ੍ਰੈਪਲਿੰਗ ਖਿਡਾਰੀਆਂ ਲਈ ਵਧੇਰੇ ਮੌਕੇ ਉਪਲਬਧ ਕਰਵਾਉਣ ਲਈ ਕੰਮ ਕਰਨਗੇ। ਉਹ ਕਮੇਟੀ ਦੀਆਂ ਗਤੀਵਿਧੀਆਂ ਤੇ ਪਹਿਲਕਦਮੀਆਂ ਦੇ ਤਾਲਮੇਲ, ਚੈਂਪੀਅਨਸ਼ਿਪਾਂ, ਟ੍ਰੇਨਿੰਗ ਕੈਂਪਾਂ ਤੇ ਖੇਡ ਸਮਾਗਮਾਂ ਦੇ ਆਯੋਜਨ, ਪੰਜਾਬ ਵਿੱਚ ਗ੍ਰੈਪਲਿੰਗ ਖੇਡਾਂ ਦੇ ਵਿਕਾਸ ਤੇ ਪ੍ਰਚਾਰ-ਪ੍ਰਸਾਰ, ਖਿਡਾਰੀਆਂ, ਜ਼ਿਲ੍ਹਾ ਇਕਾਈਆਂ ਤੇ ਹੋਰ ਹਿੱਸੇਦਾਰਾਂ ਨਾਲ ਤਾਲਮੇਲ ਬਣਾਉਣ ਦੇ ਨਾਲ-ਨਾਲ ਕਮੇਟੀ ਦੇ ਵੱਖ-ਵੱਖ ਪ੍ਰਸ਼ਾਸਕੀ ਤੇ ਅਧਿਕਾਰਕ ਕਾਰਜਾਂ ਦੀ ਜ਼ਿੰਮੇਵਾਰੀ ਨਿਭਾਉਣਗੇ। ਇਹ ਨਿਯੁਕਤੀ ਉਸ ਸਮੇਂ ਹੋਈ ਜਦੋਂ ਪੰਜਾਬ ਗ੍ਰੈਪਲਿੰਗ ਕਮੇਟੀ ਸੂਬੇ ਭਰ ਵਿੱਚ ਗ੍ਰੈਪਲਿੰਗ ਖੇਡਾਂ ਵਿੱਚ ਉਤਕ੍ਰਿਸ਼ਟਤਾ ਨੂੰ ਉਤਸ਼ਾਹਿਤ ਕਰਨ ਤੇ ਭਾਗੀਦਾਰੀ, ਮੁਕਾਬਲੇਬਾਜ਼ੀ ਤੇ ਪ੍ਰਤਿਭਾ ਵਿਕਾਸ ਲਈ ਵਧੇਰੇ ਮੌਕੇ ਪੈਦਾ ਕਰਨ ਦੇ ਆਪਣੇ ਮਿਸ਼ਨ ਨੂੰ ਅੱਗੇ ਵਧਾ ਰਹੀ ਹੈ। ਪੰਜਾਬ ਗ੍ਰੈਪਲਿੰਗ ਕਮੇਟੀ ਦੇ ਪ੍ਰਧਾਨ ਅਕਸ਼ੈ ਤਿਵਾੜੀ ਨੇ ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਕਮੇਟੀ ਦੇ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਤੇ ਖੇਡ ਨੂੰ ਜ਼ਮੀਨੀ ਪੱਧਰ ਤੋਂ ਲੈ ਕੇ ਮੁਕਾਬਲੇਬਾਜ਼ ਪੱਧਰ ਤੱਕ ਅੱਗੇ ਵਧਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ। ਉਨ੍ਹਾਂ ਆਸ ਕੀਤੀ ਕਿ ਮਨਦੀਪ ਦਾ ਤਜਰਬਾ, ਉਤਸ਼ਾਹ ਤੇ ਸਮਰਪਣ ਪੰਜਾਬ ਵਿੱਚ ਗ੍ਰੈਪਲਿੰਗ ਖੇਡਾਂ ਦੇ ਵਿਕਾਸ ਤੇ ਸਫਲਤਾ ਵਿੱਚ ਯੋਗਦਾਨ ਪਾਵੇਗਾ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤੇਜਿੰਦਰ ਕੌਰ ਨੇ ਮਨਦੀਪ ਨੂੰ ਵਧਾਈ ਦਿੰਦਿਆ ਕਿਹਾ ਕਿ ਉਹ ਗ੍ਰੈਪਲਿੰਗ ਖੇਡਾਂ ਦੇ ਪ੍ਰਚਾਰ-ਪ੍ਰਸਾਰ ਤੇ ਸੂਬੇ ਭਰ ਦੇ ਖਿਡਾਰੀਆਂ ਦੀ ਭਲਾਈ ਲਈ ਅਰਥਪੂਰਨ ਯੋਗਦਾਨ ਪਾਉਣਗੇ।



# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਫੈਕਲਟੀ ਇੰਡਕਸ਼ਨ ਪ੍ਰੋਗਰਾਮ 2026 ਸੂਝ-ਭਰਪੂਰ ਸੈਸ਼ਨਾਂ ਨਾਲ ਜਾਰੀ



ਸ੍ਰੀ ਫਤਹਿਗੜ੍ਹ ਸਾਹਿਬ, 3 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਦੇ ਸਿੱਖਿਆ ਵਿਭਾਗ ਵੱਲੋਂ ਆਯੋਜਿਤ ਫੈਕਲਟੀ ਇੰਡਕਸ਼ਨ ਪ੍ਰੋਗਰਾਮ 2026 ਦੇ ਦੂਜੇ ਦਿਨ, ਵੱਖ-ਵੱਖ ਸ਼੍ਰੋਮਣੀ ਕਮੇਟੀ ਵਿਦਿਅਕ ਅਦਾਰਿਆਂ ਦੇ ਫੈਕਲਟੀ ਮੈਂਬਰਾਂ ਵਿੱਚ ਪੇਸ਼ੇਵਰ ਯੋਗਤਾ, ਵਿਅਕਤੀਗਤ ਤੰਦਰੁਸਤੀ ਤੇ ਸੰਸਥਾਗਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤੇ ਗਏ ਇੱਕ ਭਰਪੂਰ ਸੈਸ਼ਨਾਂ ਦੀ ਇੱਕ ਲੜੀ ਪੇਸ਼ ਕੀਤੀ ਗਈ। ਦਿਨ ਦੀ ਸ਼ੁਰੂਆਤ ਭਾਸ਼ਾ ਫੈਕਲਟੀ ਦੇ ਡੀਨ, ਡਾ. ਸਿਕੰਦਰ ਸਿੰਘ ਦੁਆਰਾ 'ਅਕਾਦਮਿਕ ਲੀਡਰਸ਼ਿਪ ਤੇ ਪੇਸ਼ੇਵਰ ਵਿਕਾਸ' 'ਤੇ ਇੱਕ ਸੂਝਵਾਨ ਸੈਸ਼ਨ ਨਾਲ ਕੀਤੀ ਗਈ। ਉਨ੍ਹਾਂ ਨੇ ਦੂਰਦਰਸ਼ੀ ਅਗਵਾਈ, ਨਿਰੰਤਰ ਪੇਸ਼ੇਵਰ ਵਿਕਾਸ, ਨੈਤਿਕ ਅਕਾਦਮਿਕ ਅਭਿਆਸਾਂ ਤੇ ਪ੍ਰਭਾਵਸ਼ਾਲੀ ਵਿਦਿਅਕ ਸੰਸਥਾਵਾਂ ਨੂੰ ਰੂਪ ਦੇਣ ਵਿੱਚ ਨਵੀਨਤਾ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਭਾਗੀਦਾਰਾਂ ਨੂੰ ਵਿਕਾਸ-ਮੁਖੀ ਮਾਨਸਿਕਤਾ ਅਪਨਾਉਣ ਲਈ ਉਤਸ਼ਾਹਿਤ ਕਰਦੇ ਹੋਏ, ਉਨ੍ਹਾਂ ਨੇ ਉਚ ਸਿੱਖਿਆ ਵਿੱਚ ਜੀਵਨ ਭਰ ਸਿੱਖਣ ਤੇ ਸਹਿਯੋਗੀ ਅਗਵਾਈ ਦੀ ਲੋੜ ਨੂੰ ਉਜਾਗਰ ਕੀਤਾ। ਦੂਜੇ ਸੈਸ਼ਨ ਦਾ ਸੰਚਾਲਨ ਮਨੋਵਿਗਿਆਨੀ ਨਵੀਨ ਕੁਮਾਰ ਨੇ ਅਧਿਆਪਕਾਂ ਦੀ ਮਾਨਸਿਕ ਸਿਹਤ ਤੇ ਤੰਦਰੁਸਤੀ ਵਿਸ਼ੇ 'ਤੇ ਕੀਤਾ। ਉਸਨੇ ਸਿੱਖਿਅਕਾਂ ਦੁਆਰਾ ਦਰਪੇਸ਼ ਵੱਧ ਰਹੀਆਂ ਚੁਣੌਤੀਆਂ ਨੂੰ ਸੰਬੋਧਤ ਕੀਤਾ ਤੇ ਤਣਾਅ ਮੁਕਤੀ ਹਾਸਲ ਕਰਨ, ਭਾਵਨਾਤਮਕ ਲਚਕੀਲਾਪਣ ਬਣਾਉਣ, ਕੰਮ-ਜੀਵਨ ਵਿੱਚ ਸੰਤੁਲਨ ਬਣਾਈ ਰੱਖਣ ਤੇ ਸਕਾਰਾਤਮਕ ਮਾਨਸਿਕ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਵਿਹਾਰਕ ਅਮਲਾਂ 'ਤੇ ਚਰਚਾ ਕੀਤੀ। ਸੈਸ਼ਨ ਵਿੱਚ ਅਧਿਆਪਕ ਦੀ ਭਲਾਈ ਦੇ ਮਹੱਤਵ ਦੇ ਸਬੰਧ ਵਿੱਚ ਭਾਗੀਦਾਰਾਂ ਵਿੱਚ ਅਰਥਪੂਰਨ ਗੱਲਬਾਤ ਤੇ ਪ੍ਰਤੀਬਿੰਬ ਪੈਦਾ ਕੀਤਾ ਗਿਆ। ਬੀ.ਐਨ.ਐਲ.ਪੀ. ਸਕੂਲ, ਅਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਸਤਨਾਮ ਸਿੰਘ ਦੁਆਰਾ ਹੱਥਲਿਖਤ ਮੁਹਾਰਤ: ਲਿਖਣ-ਹੁਨਰ ਦਾ ਵਾਧਾ ਵਿਸ਼ੇ 'ਤੇ ਇੱਕ ਦਿਲਚਸਪ ਸੈਸ਼ਨ ਦਿੱਤਾ ਗਿਆ।

# ਏਸ਼ੀਆ ਗੋਲਡ ਮੈਡਲ ਜੇਤੂ ਅਮਾਨਤ ਕੰਬੋਜ ਦਾ ਫਾਜ਼ਿਲਕਾ ਪਹੁੰਚਣ 'ਤੇ ਭਰਵਾਂ ਸਵਾਗਤ

ਫਾਜ਼ਿਲਕਾ, 3 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪਿੰਡ ਆਲਮਸ਼ਾਹ ਦੀ ਹੋਣਹਾਰ ਬੇਟੀ ਤੇ ਏਸ਼ੀਆ ਪੱਧਰ 'ਤੇ ਗੋਲਡ ਮੈਡਲ ਜਿੱਤ ਕੇ ਦੇਸ਼ ਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਵਾਲੀ ਅਮਾਨਤ ਕੰਬੋਜ ਦਾ ਅੱਜ ਫਾਜ਼ਿਲਕਾ ਪਹੁੰਚਣ 'ਤੇ ਭਰਵਾਂ ਸਵਾਗਤ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਟੀਮ ਪੂਜਾ ਲੂਥਰਾ ਵੱਲੋਂ ਵਿਸ਼ੇਸ਼ ਤੌਰ 'ਤੇ ਅਮਾਨਤ ਕੰਬੋਜ ਨੂੰ ਸਨਮਾਨਿਤ ਕੀਤਾ ਗਿਆ ਤੇ ਉਸਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਹੌਸਲਾ ਅਫ਼ਜ਼ਾਈ ਕੀਤੀ ਗਈ। ਸਮਾਗਮ ਦੌਰਾਨ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਹਾਜ਼ਰੀ ਭਰੀ ਤੇ ਅਮਾਨਤ ਕੰਬੋਜ ਦੀ ਕਾਮਯਾਬੀ 'ਤੇ ਖੁਸ਼ੀ ਪ੍ਰਗਟ ਕੀਤੀ। ਅਮਾਨਤ ਦੀ ਇਸ ਵੱਡੀ ਉਪਲਬਧੀ ਨੂੰ ਫਾਜ਼ਿਲਕਾ ਜ਼ਿਲ੍ਹੇ ਤੇ ਪਿੰਡ ਆਲਮਸ਼ਾਹ ਲਈ ਮਾਣ ਵਾਲੀ ਗੱਲ ਦੱਸਿਆ ਗਿਆ। ਹਾਜ਼ਰ ਲੋਕਾਂ ਨੇ ਕਿਹਾ ਕਿ ਅਮਾਨਤ ਨੇ ਸਾਬਤ ਕਰ ਦਿੱਤਾ ਹੈ ਕਿ ਪਿੰਡਾਂ ਦੀਆਂ ਧੀਆਂ ਵੀ ਅੰਤਰਰਾਸ਼ਟਰੀ ਪੱਧਰ 'ਤੇ ਵੱਡੀਆਂ ਉਪਲਬਧੀਆਂ ਹਾਸਲ ਕਰ ਸਕਦੀਆਂ ਹਨ। ਇਸ ਮੌਕੇ ਟੀਮ ਪੂਜਾ ਲੂਥਰਾ ਵੱਲੋਂ ਅਮਾਨਤ ਕੰਬੋਜ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਦਿਆਂ ਉਸਦੇ ਉਜਵਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਪੂਜਾ ਲੂਥਰਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਅੱਜ ਦੀਆਂ ਲੜਕੀਆਂ ਕਿਸੇ ਤੋਂ ਘੱਟ ਨਹੀਂ ਹਨ। ਉਹ ਹਰ ਖੇਤਰ ਵਿੱਚ ਆਪਣਾ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਖੇਡਾਂ, ਸਿੱਖਿਆ, ਪ੍ਰਸ਼ਾਸਨ ਤੇ ਹੋਰ ਕਈ ਖੇਤਰਾਂ ਵਿੱਚ ਲੜਕੀਆਂ ਦੀਆਂ ਉਪਲਬਧੀਆਂ ਇਹ ਸਾਬਤ ਕਰਦੀਆਂ ਹਨ ਕਿ ਜੇਕਰ ਉਨ੍ਹਾਂ ਨੂੰ ਸਹੀ ਮੌਕੇ ਤੇ ਹੌਸਲਾ ਮਿਲੇ ਤਾਂ ਉਹ ਹਰ ਮੰਜ਼ਿਲ ਹਾਸਲ ਕਰ ਸਕਦੀਆਂ ਹਨ।



# ਸੀਨੀਅਰ ਸਿਟੀਜ਼ਨ ਫੋਰਮ ਫ਼ਿਰੋਜ਼ਪੁਰ ਦੀ ਮਹੀਨਾਵਾਰ ਮੀਟਿੰਗ

ਫਿਰੋਜ਼ਪੁਰ, 3 ਜੂਨ (ਚ.ਨ.ਸ): ਸੀਨੀਅਰ ਸਿਟੀਜ਼ਨ ਫੋਰਮ ਫ਼ਿਰੋਜ਼ਪੁਰ ਦੀ ਮਹੀਨਾਵਾਰ ਮੀਟਿੰਗ ਬਾਗਬਾਨ ਕੰਪਲੈਕਸ ਮੱਖੂ ਗੇਟ ਫਿਰੋਜ਼ਪੁਰ ਸ਼ਹਿਰ ਵਿਖੇ ਪਰਦੀਪ ਧਵਨ ਪ੍ਰਧਾਨ ਦੀ ਅਗਵਾਈ ਹੇਠ ਹੋਈ, ਮੀਟਿੰਗ ਵਿੱਚ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਦੇ ਇੰਜੀਨੀਅਰ ਜਗਦੀਪ ਸਿੰਘ ਮਾਂਗਟ ਜਿਨ੍ਹਾਂ ਵੱਲੋਂ ਮਨੁੱਖੀ ਜੀਵਨ ਬਚਾਉਣ ਲਈ ਤਕਰੀਬਨ 60 ਵਾਰ ਖ਼ੂਨ ਦਾਨ ਕੀਤਾ, ਉਨ੍ਹਾਂ ਦੀ ਧਰਮਪਤਨੀ ਡਾ. ਅਮਨ ਜੋਤੀ ਮਾਂਗਟ ਸਰਕਾਰੀ ਡਾਇਟ ਕਾਲਜ ਫ਼ਿਰੋਜ਼ਪੁਰ ਵਿਖੇ ਬਤੌਰ ਅੰਗਰੇਜ਼ੀ ਲੈਕਚਰਾਰ ਵਜੋਂ ਸੇਵਾ ਨਿਭਾਅ ਰਹੇ ਹਨ ਨੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਬਹੁਤ ਵਧੀਆ ਯੋਗਦਾਨ ਪਾਇਆ ਹੈ। ਇਨ੍ਹਾਂ ਦੋਵਾਂ ਨੂੰ ਅੱਜ ਫ਼ੋਰਮ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਅਮਨ ਜੋਤੀ ਤੇ ਜਗਦੀਪ ਸਿੰਘ ਮਾਂਗਟ ਵੱਲੋਂ ਸੀਨੀਅਰ ਸਿਟੀਜ਼ਨ ਫੋਰਮ ਵੱਲੋਂ ਬਜ਼ੁਰਗਾਂ ਦੀ ਸਿਹਤ ਸੰਭਾਲ ਤੇ ਚਿੰਤਾਵਾਂ ਘਟਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਫ਼ੋਰਮ ਦੇ ਬਣੇ ਸਵਿੰਧਾਨ ਵਿੱਚ ਕੀਤੀਆਂ ਸੋਧਾਂ ਨੂੰ ਜਨਰਲ ਹਾਊਸ ਵੱਲੋਂ ਮਨਜ਼ੂਰ ਕੀਤਾ ਗਿਆ।

# ਸੇਵਾ ਕੇਂਦਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦੀ ਡੀਟੀਐਫ ਵੱਲੋਂ ਪੂਰਨ ਹਮਾਇਤ

ਫ਼ਿਰੋਜ਼ਪੁਰ, 3 ਜੂਨ (ਤਿਵਾੜੀ): ਸੇਵਾ ਕੇਂਦਰ ਮੁਲਾਜ਼ਮ ਵੈਲਫੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਤਨਖਾਹਾਂ ਵਿੱਚ ਵਾਧਾ, ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ ਤੇ ਸੇਵਾ ਕੇਂਦਰਾਂ ਨੂੰ ਸਰਕਾਰੀ ਅਧੀਨ ਲਿਆਉਣ ਲਈ ਸ਼ੁਰੂ ਕੀਤੇ ਸੰਘਰਸ਼ ਨੂੰ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀਟੀਐਫ) ਫ਼ਿਰੋਜ਼ਪੁਰ ਵੱਲੋਂ ਪੂਰਨ ਹਮਾਇਤ ਦਾ ਐਲਾਨ ਕੀਤਾ ਗਿਆ ਹੈ। ਡੀਟੀਐਫ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਹਰਾਜ, ਜ਼ਿਲ੍ਹਾ ਸਕੱਤਰ ਗੁਰਵਿੰਦਰ ਸਿੰਘ ਖੋਸਾ, ਵਿੱਤ ਸਕੱਤਰ ਅਮਿਤ ਸ਼ਰਮਾ ਤੇ ਸੂਬਾ ਕਮੇਟੀ ਮੈਂਬਰ ਸਰਬਜੀਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਜਾਰੀ ਬਿਆਨ ਵਿੱਚ ਕਿਹਾ ਕਿ ਸੇਵਾ ਕੇਂਦਰ ਮੁਲਾਜ਼ਮ ਪਿਛਲੇ ਲਗਭਗ ਦਸ ਸਾਲਾਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ, ਜਦਕਿ ਉਨ੍ਹਾਂ ਉਤੇ ਕੰਮ ਦਾ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ। ਮਹਿੰਗਾਈ ਦੇ ਇਸ ਦੌਰ ਵਿੱਚ 10 ਹਜ਼ਾਰ ਰੁਪਏ ਦੇ ਕਰੀਬ ਤਨਖਾਹ ਨਾਲ ਪਰਿਵਾਰ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਿਲ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਸੇਵਾ ਕੇਂਦਰ ਆਮ ਲੋਕਾਂ ਨੂੰ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਸਾਲ 2016 ਤੋਂ ਹੁਣ ਤੱਕ ਕਰੋੜਾਂ ਅਰਜ਼ੀਆਂ ਤੇ ਸੇਵਾਵਾਂ ਸਫ਼ਲਤਾਪੂਰਵਕ ਜਾਰੀ ਕਰਕੇ ਇਨ੍ਹਾਂ ਮੁਲਾਜ਼ਮਾਂ ਨੇ ਆਪਣੀ ਕਾਰਗੁਜ਼ਾਰੀ ਸਾਬਤ ਕੀਤੀ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਨਾ ਤਾਂ ਬਣਦਾ ਮਾਣ-ਸਨਮਾਨ ਦਿੱਤਾ ਜਾ ਰਿਹਾ ਹੈ ਤੇ ਨਾ ਹੀ ਰੁਜ਼ਗਾਰ ਦੀ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਡੀਟੀਐਫ ਫ਼ਿਰੋਜ਼ਪੁਰ ਦੇ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸੇਵਾ ਕੇਂਦਰ ਪ੍ਰੋਜੈਕਟ ਨੂੰ ਪ੍ਰਾਈਵੇਟ ਕੰਪਨੀਆਂ ਦੀ ਥਾਂ ਸਿੱਧੇ ਤੌਰ 'ਤੇ ਸਰਕਾਰੀ ਅਧੀਨ ਚਲਾਇਆ ਜਾਵੇ ਤਾਂ ਜੋ ਸਰਕਾਰੀ ਖ਼ਜ਼ਾਨੇ ਦਾ ਪੈਸਾ ਨਿੱਜੀ ਕੰਪਨੀਆਂ ਦੀ ਬਜਾਏ ਲੋਕ ਭਲਾਈ ਦੇ ਕੰਮਾਂ ਲਈ ਵਰਤਿਆ ਜਾ ਸਕੇ।



## ਸੰਪਾਦਕੀ

# ਭੂ-ਰਾਜਨੀਤਿਕ ਚੁਣੌਤੀਆਂ ਦੇ ਦਰਮਿਆਨ ਭਾਰਤੀ ਅਰਥਚਾਰੇ ਦੀ ਉਮੀਦ

ਰਿਜ਼ਰਵ ਬੈਂਕ ਆਫ਼ ਇੰਡੀਆ (RBI) ਦੀ ਤਾਜ਼ਾ ਸਾਲਾਨਾ ਰਿਪੋਰਟ (2025-26) ਭਾਰਤੀ ਅਰਥਵਿਵਸਥਾ ਦੀ ਮੌਜੂਦਾ ਸਥਿਤੀ ਅਤੇ ਭਵਿੱਖ ਦੀ ਦਿਸ਼ਾ ਦਾ ਇੱਕ ਮਹੱਤਵਪੂਰਨ ਦਸਤਾਵੇਜ਼ ਹੈ। ਕੇਂਦਰੀ ਬੈਂਕ ਨੇ ਵਿੱਤੀ ਸਾਲ 2026-27 ਲਈ ਭਾਰਤ ਦੀ ਅਸਲ ਜੀਡੀਪੀ (GDP) ਵਿਕਾਸ ਦਰ 6.9 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਲਗਾਇਆ ਹੈ। ਇਹ ਅੰਕੜਾ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਪੂਰੀ ਦੁਨੀਆ ਗੰਭੀਰ ਭੂ-ਰਾਜਨੀਤਿਕ ਤਣਾਅ, ਖਾਸ ਕਰਕੇ ਪੱਛਮੀ ਏਸ਼ੀਆ ਦੇ ਟਕਰਾਅ ਅਤੇ ਆਰਥਿਕ ਅਨਿਸ਼ਚਿਤਤਾਵਾਂ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ। ਅਜਿਹੇ ਨਾਜ਼ੁਕ ਹਾਲਾਤ ਵਿੱਚ 6.9% ਦੀ ਵਿਕਾਸ ਦਰ ਦਾ ਅਨੁਮਾਨ ਇਹ ਸਾਫ਼ ਕਰਦਾ ਹੈ ਕਿ ਭਾਰਤੀ ਅਰਥਚਾਰਾ ਅਜੇ ਵੀ ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਪ੍ਰਮੁੱਖ ਅਰਥਚਾਰਿਆਂ ਵਿੱਚੋਂ ਇੱਕ ਬਣਿਆ ਹੋਇਆ ਹੈ। ਹਾਲਾਂਕਿ, ਇਸ ਉਤਸ਼ਾਹਜਨਕ ਅਨੁਮਾਨ ਦੇ ਨਾਲ ਆਰਬੀਆਈ ਨੇ ਕੁਝ ਗੰਭੀਰ ਚੁਣੌਤੀਆਂ ਵੱਲ ਵੀ ਇਸ਼ਾਰਾ ਕੀਤਾ ਹੈ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਸਪਲਾਈ ਚੇਨ ਵਿੱਚ ਪੈਦਾ ਹੋ ਰਹੇ ਵਿਘਨ ਦੇਸ਼ ਅੰਦਰ ਮਹਿੰਗਾਈ ਨੂੰ ਹੋਰ ਭੜਕਾ ਸਕਦੇ ਹਨ। ਰਿਪੋਰਟ ਮੁਤਾਬਕ ਖਪਤਕਾਰ ਮੁੱਲ ਸੂਚਕ ਅੰਕ (CPI) 'ਤੇ ਅਧਾਰਿਤ ਮਹਿੰਗਾਈ ਦਰ ਵਿੱਤੀ ਸਾਲ 2026-27 ਵਿੱਚ ਵਧ ਕੇ 4.6 ਪ੍ਰਤੀਸ਼ਤ ਹੋਣ ਦਾ ਖਦਸ਼ਾ ਹੈ, ਜੋ ਕਿ ਪਿਛਲੇ ਸਾਲ (2025-26) ਵਿੱਚ 2.1 ਪ੍ਰਤੀਸ਼ਤ ਸੀ। ਮਹਿੰਗਾਈ ਦਾ ਇਹ ਉਛਾਲ ਆਮ ਜਨਤਾ ਦੀ ਜੇਬ 'ਤੇ ਸਿੱਧਾ ਅਸਰ ਪਾਵੇਗਾ ਅਤੇ ਕੇਂਦਰੀ ਬੈਂਕ ਲਈ ਵਿਆਜ ਦਰਾਂ ਨੂੰ ਸੰਤੁਲਿਤ ਰੱਖਣਾ ਇੱਕ ਵੱਡੀ ਪ੍ਰੀਖਿਆ ਹੋਵੇਗਾ।

ਦੂਜੇ ਪਾਸੇ ਰਿਪੋਰਟ ਦਾ ਇੱਕ ਸਕਾਰਾਤਮਕ ਪਹਿਲੂ ਸਰਕਾਰ ਦੇ ਵਿੱਤੀ ਅਨੁਸ਼ਾਸਨ ਨਾਲ ਜੁੜਿਆ ਹੋਇਆ ਹੈ। ਸਰਕਾਰ ਨੇ 2026-27 ਲਈ ਵਿੱਤੀ ਘਾਟੇ ਨੂੰ ਜੀਡੀਪੀ ਦੇ 4.3 ਪ੍ਰਤੀਸ਼ਤ ਤੱਕ ਸੀਮਤ ਕਰਨ ਦਾ ਟੀਚਾ ਰੱਖਿਆ ਹੈ, ਜੋ ਕਿ ਪਿਛਲੇ ਸਾਲ ਦੇ 4.4 ਪ੍ਰਤੀਸ਼ਤ ਨਾਲੋਂ ਬਿਹਤਰ ਹੈ। ਇਸ ਤੋਂ ਇਲਾਵਾ, ਆਰਬੀਆਈ ਦੀ ਆਪਣੀ ਬੈਲੇਂਸ ਸ਼ੀਟ ਵਿੱਚ 20.6% ਦਾ ਸ਼ਾਨਦਾਰ ਵਾਧਾ ਦਰਜ ਕੀਤਾ ਗਿਆ ਹੈ, ਜੋ ਕਿ ਵਧ ਕੇ 91.97 ਲੱਖ ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਸੋਨੇ ਦੇ ਭੰਡਾਰ ਅਤੇ ਵਿਦੇਸ਼ੀ ਨਿਵੇਸ਼ ਵਿੱਚ ਹੋਇਆ ਵਾਧਾ ਦੇਸ਼ ਦੀ ਆਰਥਿਕ ਬੁਨਿਆਦ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਸਿੱਟੇ ਵਜੋਂ ਇਹ ਸੰਪਾਦਕੀ ਸਪੱਸ਼ਟ ਕਰਦੀ ਹੈ ਕਿ ਭਾਰਤੀ ਅਰਥਚਾਰੇ ਕੋਲ ਅੱਗੇ ਵਧਣ ਦੀ ਸਮਰੱਥਾ ਅਤੇ ਲਚਕੀਲਾਪਨ ਮੌਜੂਦ ਹੈ, ਪਰ ਗਲੋਬਲ ਚੁਣੌਤੀਆਂ ਦੇ ਰੂਪ ਵਿੱਚ ਖਤਰੇ ਦੇ ਬੱਦਲ ਵੀ ਮੰਡਰਾ ਰਹੇ ਹਨ। ਅਜਿਹੀ ਸਥਿਤੀ ਵਿੱਚ, ਸਰਕਾਰ ਅਤੇ ਆਰਬੀਆਈ ਨੂੰ ਮਿਲ ਕੇ ਅਜਿਹੀਆਂ ਨੀਤੀਆਂ ਬਣਾਉਣੀਆਂ ਪੈਣਗੀਆਂ ਜੋ ਨਾ ਸਿਰਫ਼ ਦੇਸ਼ ਦੇ ਵਿਕਾਸ ਦੀ ਰਫ਼ਤਾਰ ਨੂੰ ਬਣਾਈ ਰੱਖਣ, ਬਲਕਿ ਕੌਮਾਂਤਰੀ ਉਥਲ-ਪੁਥਲ ਕਾਰਨ ਵਧਣ ਵਾਲੀ ਮਹਿੰਗਾਈ ਤੋਂ ਦੇਸ਼ ਦੇ ਆਮ ਨਾਗਰਿਕ ਨੂੰ ਵੀ ਸੁਰੱਖਿਅਤ ਰੱਖ ਸਕਣ। ਅਗਲਾ ਸਾਲ ਭਾਰਤ ਦੇ ਆਰਥਿਕ ਪ੍ਰਬੰਧਨ ਲਈ ਬੇਹੱਦ ਮਹੱਤਵਪੂਰਨ ਸਾਬਤ ਹੋਣ ਵਾਲਾ ਹੈ। -ਜਗਜੀਤ ਸਿੰਘ ਦਰਦੀ

## ਕੀ ਪੰਜਾਬ ਰਾਜਨੀਤੀ ਵਿੱਚ 2027 ਗੇਮ ਚੇਂਜਰ ਸਾਲ ਹੋਵੇਗਾ

# ਬਹੁਕੋਣੀ ਰਾਜਨੀਤਿਕ ਦੌਰ ਵਿੱਚ ਚੋਣਾਂ ਵਿੱਚ ਤ੍ਰਿਸ਼ੂੰਕ ਵਿਧਾਨ ਸਭਾ ਦਾ ਖ਼ਤਰਾ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਕੀ 2027 ਦਾ ਚੋਣ ਮੈਦਾਨ ਪੰਜਾਬ ਲਈ ਗੇਮ ਚੇਂਜਰ ਹੋਏਗਾ, ਇਸ ਬਾਰੇ ਕਿਆਸਰਾਈਆਂ ਚੱਲ ਰਹੀਆਂ ਹਨ। ਇਸਦਾ ਵਿਸਤਾਰ ਜਾਣਨ ਲਈ ਅਸੀਂ ਪੰਜਾਬ ਦੇ ਮਸਲਿਆਂ ਡੂੰਘਾਈ ਨਾਲ ਵੇਖਾਂਗੇ ਜੋ ਅੱਜ ਪੰਜਾਬ ਦੀਆਂ ਚੋਣਾਂ ਨੂੰ ਪ੍ਰਭਾਵਿਤ ਕਰ ਰਹੇ ਹਨ। ਅੱਜ ਇੱਕ ਵਿਸਥਾਰਵਾਦੀ ਵਿਸ਼ਲੇਸ਼ਣ ਵਿੱਚ ਪੰਜਾਬ ਜੋ ਭਾਰਤ ਦਾ ਅੰਨ-ਭੰਡਾਰ ਅਤੇ ਖੇਤੀਬਾੜੀ ਵਿਪਲਵ ਦਾ ਗਵਾਹ, ਰਾਜਨੀਤੀ ਦੇ ਤੂਫਾਨੀ ਸਮੁੰਦਰ ਵਿਚ ਲਗਾਤਾਰ ਘੁੰਮ ਰਿਹਾ ਹੈ। ਇਥੇ ਪਲ-ਪਲ ਸਮੀਕਰਨ ਬਦਲਦੇ ਹਨ, ਆਇਆ ਰਾਮ ਗਿਆ ਰਾਮ ਵਾਲੀਆਂ ਤਬਦੀਲੀਆਂ ਆਮ ਹਨ ਅਤੇ ਡੇਰਿਆਂ, ਜਾਤੀਵਾਦ ਤੇ ਆਰਥਿਕ ਮੁੱਦਿਆਂ ਦੀ ਰਾਜਨੀਤੀ ਹਮੇਸ਼ਾ ਚਰਚਾ ਵਿਚ ਰਹਿੰਦੀ ਹੈ।

2022 ਵਿਚ ਆਮ ਆਦਮੀ ਪਾਰਟੀ ਆਪ ਦੀ ਭਰਪੂਰ ਜਿੱਤ ਤੋਂ ਬਾਅਦ ਹੁਣ ਫਰਵਰੀ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਇੱਕ ਨਵੀਂ ਲੜਾਈ ਦਾ ਮੰਚ ਤਿਆਰ ਕਰ ਰਹੀਆਂ ਹਨ। ਕੀ ਇਹ ਸਾਲ ਭਾਜਪਾ ਲਈ ਗੇਮ ਚੇਂਜਰ ਹੋਵੇਗਾ? ਕੀ ਅੱਜ ਸ਼੍ਰੋਮਣੀ ਅਕਾਲੀ ਦਲ ਆਪਣਾ ਖੋਇਆ ਆਧਾਰ ਮੁੜ ਬਣਾ ਲਵੇਗਾ ਜਾਂ ਕਾਂਗਰਸ ਫਿਰ ਤੋਂ ਸੱਤਾ ਵੱਲ ਵਧੇਗੀ? ਇਸ ਬਹੁ-ਕੋਣੀ ਲੜਾਈ ਵਿਚ ਪੰਜਾਬ ਦਾ ਭਲਾ ਹੋਵੇਗਾ ਜਾਂ ਫਿਰ ਵਿਭਾਜਨ ਅਤੇ ਅਸਥਿਰਤਾ ਵਧੇਗੀ?

ਅੱਜ ਇਨ੍ਹਾਂ ਸਵਾਲਾਂ ਦਾ ਇਤਿਹਾਸਕ ਪਿਛੋਕੜ, ਮੌਜੂਦਾ ਹਾਲਾਤ, ਪਾਰਟੀਆਂ ਦੀਆਂ ਰਣਨੀਤੀਆਂ ਅਤੇ ਭਵਿੱਖਬਾਣੀਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਅੱਜ ਇਤਿਹਾਸਕ ਪਿਛੋਕੜ ਵਿੱਚ ਬਾਈਪੋਲਰ ਤੋਂ ਬਹੁ-ਪਾਰਟੀ ਵਿਵਸਥਾ ਵੱਲ ਪੰਜਾਬ ਵਿਚ ਲੰਬੇ ਸਮੇਂ ਤੱਕ ਰਾਜਨੀਤੀ ਬਾਈਪੋਲਰ ਰਹੀ ਹੈ ਅਤੇ ਕਾਂਗਰਸ ਬਨਾਮ ਅਕਾਲੀ ਦਲ-ਭਾਜਪਾ ਗਠਜੋੜ। 1997 ਤੋਂ 2017 ਤੱਕ ਅਕਾਲੀ-ਭਾਜਪਾ ਗਠਜੋੜ ਨੇ ਲੰਬੀ ਸੱਤਾ ਭੋਗੀ, ਪਰ ਭ੍ਰਿਸ਼ਟਾਚਾਰ, ਬਰਗਾੜੀ ਬਲਾਸਫੈਮੀ ਅਤੇ ਖੇਤੀ ਮੁੱਦਿਆਂ ਤੇ ਉਸ ਦੀ ਛਵੀ ਖਰਾਬ ਹੋਈ।

2017 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਨੇ 77 ਸੀਟਾਂ ਜਿੱਤੀਆਂ ਅਤੇ ਅਕਾਲੀਆਂ ਨੂੰ ਭਾਰੀ ਹਾਰ ਮਿਲੀ। 2022 ਵਿਚ ਆਪ ਨੇ ਇਸ ਬਾਈਪੋਲਰ ਵਿਵਸਥਾ ਨੂੰ ਤੋੜਦਿਆਂ 92 ਸੀਟਾਂ ਜਿੱਤੀਆਂ, ਭਗਵੰਤ ਮਾਨ ਮੁੱਖ ਮੰਤਰੀ ਬਣੇ। ਅਕਾਲੀ ਦਲ ਸਿਰਫ ਤਿੰਨ-ਚਾਰ ਸੀਟਾਂ ਤੱਕ ਸੀਮਤ ਰਿਹਾ ਅਤੇ ਭਾਜਪਾ ਨੇ ਵੀ ਮੁਸ਼ਕਲ ਨਾਲ ਦੋ ਸੀਟਾਂ ਹੀ ਹਾਸਲ ਕੀਤੀਆਂ।

2024 ਲੋਕ ਸਭਾ ਚੋਣਾਂ ਨੇ ਨਵੀਆਂ ਤਬਦੀਲੀਆਂ ਦਰਸਾਈਆਂ। ਕਾਂਗਰਸ ਨੇ ਵੋਟ ਸ਼ੇਅਰ ਵਿਚ ਲੀਡ ਕੀਤੀ (ਲਗਭਗ 26.3%), ਆਪ ਨੇ ਵੀ ਲਗਭਗ ਉਸੇ ਤਰ੍ਹਾਂ (26%) ਪਰ ਸੀਟਾਂ ਘੱਟ ਮਿਲੀਆਂ। ਭਾਜਪਾ ਦਾ ਵੋਟ ਸ਼ੇਅਰ ਵਧਿਆ ਪਰ ਸੀਟਾਂ ਨਾ ਮਿਲੀਆਂ। ਅਕਾਲੀ ਦਲ ਇੱਕ ਸੀਟ ਤੱਕ ਸੀਮਤ ਰਿਹਾ। ਇਸ ਨੇ ਚੌਂਫਾਸੀ ਮੁਕਾਬਲੇ ਦੀ ਨੀਂਹ ਰੱਖੀ। 2026 ਤੱਕ ਦੇ ਸਰਵੇਖਣਾਂ ਵਿਚ ਕਾਂਗਰਸ ਨੂੰ 50-58 ਸੀਟਾਂ, ਆਪ ਨੂੰ 33-35, ਅਕਾਲੀਆਂ ਨੂੰ 14-15 ਅਤੇ ਭਾਜਪਾ ਨੂੰ 9-12 ਸੀਟਾਂ ਦਾ ਅਨੁਮਾਨ ਹੈ। ਵੋਟ ਸ਼ੇਅਰ ਵਿਚ ਕਾਂਗਰਸ ਲਗਭਗ 30%, ਆਪ 25%, ਅਕਾਲੀ 18% ਅਤੇ ਭਾਜਪਾ 14% ਆਲੇ-ਦੁਆਲੇ ਦਿਖਾਈ ਦਿੰਦਾ ਹੈ।

ਅੱਜ ਭਾਜਪਾ ਦੀ ਰਣਨੀਤੀ ਇੱਕਲਾ ਚੱਲੋ ਅਤੇ ਸੱਤਾ ਬਣਾਓ ਹੈ। ਭਾਜਪਾ ਨੇ ਸਪੱਸ਼ਟ ਕੀਤਾ ਹੈ ਕਿ 2027 ਵਿਚ ਉਹ ਅਕਾਲੀਆਂ ਨਾਲ ਗਠਜੋੜ ਨਹੀਂ ਕਰੇਗੀ ਅਤੇ ਆਪਣੀ ਤਾਕਤ ਨਾਲ ਲੜੇਗੀ। ਫਾਰਮਰ ਲਾਅ ਘਿਸਾਈ ਤੋਂ ਬਾਅਦ ਟੁੱਟੇ ਗਠਜੋੜ ਤੋਂ ਬਾਅਦ ਭਾਜਪਾ ਨੇ ਡਾਲਿਟ, ਓਬੀਸੀ, ਹਿੰਦੂ ਵਰਗਾਂ ਅਤੇ ਡੇਰਿਆਂ ਵਿਚ ਪੈਦਲ ਕੰਮ ਤੇਜ਼ ਕੀਤਾ ਹੈ। ਨਵੀਂ ਰਣਨੀਤੀ ਵਿਚ ਡੇਰਿਆਂ ਨਾਲ ਰਿਸ਼ਤੇ, ਆਗੂਆਂ ਦੀਆਂ ਤਬਦੀਲੀਆਂ ਅਤੇ ਸਥਾਨਕ ਇਨਫਲੂਐਂਸਰਾਂ ਨੂੰ ਜੋੜਨਾ ਸ਼ਾਮਲ ਹੈ।

ਹੁਣ 2026 ਵਿਚ ਹੋਈਆਂ ਸਿਵਿਕ ਬਾਡੀ ਚੋਣਾਂ ਵਿਚ ਭਾਜਪਾ ਨੇ ਆਪਣੀ ਤਾਕਤ ਦਿਖਾਈ — ਉਸ ਨੇ ਆਬੋਹਰ ਅਤੇ ਪਠਾਨਕੋਟ ਵਰਗੀਆਂ ਜਗ੍ਹਾਵਾਂ 'ਤੇ ਕਾਬਜ਼ੀ ਹਾਸਲ ਕੀਤੀ। ਇਹ ਉਸ ਲਈ ਉਤਸ਼ਾਹ ਵਧਾਉਣ ਵਾਲਾ ਹੈ ਪਰ ਪੂਰੇ ਪੰਜਾਬ ਵਿਚ ਇੱਕਲੀ ਬਹੁਮਤ ਬਣਾਉਣਾ ਅਜੇ ਵੀ ਔਖਾ ਲੱਗਦਾ ਹੈ। ਭਾਜਪਾ ਦਾ ਟੀਚਾ 15-20% ਵੋਟ ਸ਼ੇਅਰ ਤੱਕ ਪਹੁੰਚਣਾ ਹੈ ਤਾਂ ਜੋ ਉਹ ਕਿੰਗਮੇਕਰ ਬਣ ਸਕੇ ਜਾਂ ਗਠਜੋੜ ਵਿਚ ਵੱਡੀ ਭੂਮਿਕਾ ਨਿਭਾ ਸਕੇ। ਪਰ ਸਿੱਖ ਭਾਈਚਾਰੇ ਵਿਚ ਉਸ ਦੀ ਸਵੀਕਾਰਤਾ ਅਜੇ ਵੀ ਸੀਮਤ ਹੈ। ਡੇਰਿਆਂ ਦੀ ਰਾਜਨੀਤੀ ਅਤੇ ਹਿੰਦੂ ਵੋਟ ਬੈਂਕ ਉਸ ਦੀਆਂ ਮਜ਼ਬੂਤੀ ਲਈ ਕੋਸ਼ਿਸ਼ ਕਰ ਰਿਹਾ ਹੈ। ਅੱਜ ਸ਼ਰੋਮਣੀ ਅਕਾਲੀ ਦਲ ਮੁੜ ਉਭਰਨ ਅਤੇ ਅੰਦਰੂਨੀ ਚੁਣੌਤੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਹਾਰਾਂ ਤੋਂ ਬਾਅਦ ਆਪਣੀਆਂ ਰੈਲੀਆਂ, ਪੁਰਾਣੀਆਂ ਯੋਜਨਾਵਾਂ (ਜਿਵੇਂ ਅਟਲ ਭੂਜਲ ਯੋਜਨਾ ਵਰਗੀਆਂ) ਅਤੇ ਪੰਥਕ ਮੁੱਦਿਆਂ ਨੂੰ ਉਜਾਗਰ ਕਰਕੇ ਵੋਟਰਾਂ ਨਾਲ ਮੁੜ ਜੁੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਦਾ ਗ੍ਰਾਮੀਣ ਜਾਟ ਸਿੱਖ ਵੋਟ ਬੈਂਕ ਅਜੇ ਵੀ ਮੌਜੂਦ ਹੈ ਪਰ ਅੰਦਰੂਨੀ ਫੁੱਟ (ਜਿਵੇਂ ਗਿਆਨੀ ਹਰਪ੍ਰੀਤ ਸਿੰਘ ਵਾਲੀ ਨਵੀਂ ਫੈਕਸ਼ਨ) ਅਤੇ ਭਾਜਪਾ ਤੋਂ ਵੱਖ ਹੋਣ ਦਾ ਅਸਰ ਡੀਪ ਹੈ।

2026 ਵਿਚ ਅਕਾਲੀਆਂ ਨੇ ਗ੍ਰਾਮੀਣ ਖੇਤਰਾਂ ਵਿਚ ਕੁਝ ਤਾਕਤ ਦਿਖਾਈ ਪਰ ਸਿਵਿਕ ਚੋਣਾਂ ਵਿਚ ਉਸ ਨੂੰ ਸੀਮਤ ਸਫਲਤਾ ਹੀ ਮਿਲੀ। ਜੇ ਉਹ 15-20 ਸੀਟਾਂ ਤੱਕ ਪਹੁੰਚ ਜਾਵੇ ਤਾਂ ਉਹ ਗਠਜੋੜ ਵਿਚ ਕਿੰਗਮੇਕਰ ਬਣ ਸਕਦਾ ਹੈ। ਪਰ ਭਾਜਪਾ ਨਾਲ ਗਠਜੋੜ ਦੀ ਚਰਚਾ ਉਸ ਲਈ ਖਤਰਾ ਵੀ ਬਣ ਸਕਦੀ ਹੈ ਕਿਉਂਕਿ ਇਸ ਨਾਲ ਪੰਥਕ ਵੋਟ ਬਟਕ ਸਕਦੀ ਹੈ।

ਉਧਰ ਆਪ ਸਰਕਾਰ ਗਰੰਟੀਆਂ ਬਨਾਮ ਵਿਵਾਦਆਪ ਸਰਕਾਰ ਨੇ ਮੁਫਤ ਬਿਜਲੀ, ਲਾਭਾਰਥੀ ਯੋਜਨਾਵਾਂ ਅਤੇ ਸਿਹਤ-ਸਿੱਖਿਆ ਤੇ ਫੋਕਸ ਕੀਤਾ ਹੈ। ਸਿਵਿਕ ਬਾਡੀ ਚੋਣਾਂ ਵਿਚ ਉਸ ਨੇ 950 ਤੋਂ ਵੱਧ ਵਾਰਡਾਂ ਵਿਚ ਜਿੱਤ ਹਾਸਲ ਕਰਕੇ ਆਪਣੀ ਤਾਕਤ ਦਿਖਾਈ ਹੈ, ਖਾਸ ਕਰ ਸ਼ਹਿਰੀ ਖੇਤਰਾਂ ਵਿਚ। ਪਰ ਭ੍ਰਿਸ਼ਟਾਚਾਰ ਦੇ ਇਲਜ਼ਾਮ, ਨਸ਼ਿਆਂ ਦੀ ਲਗਾਤਾਰ ਸਮੱਸਿਆ, ਬੇਰੁਜ਼ਗਾਰੀ ਅਤੇ ਆਰਥਿਕ ਮੁਸ਼ਕਲਾਂ ਉਸ ਲਈ ਵੱਡੀ ਚੁਣੌਤੀ ਹਨ। ਭਗਵੰਤ ਮਾਨ ਸਰਕਾਰ ਉੱਤੇ ਲਾਅ ਐਂਡ ਆਰਡਰ ਅਤੇ ਡਰੱਗ ਮਾਫੀਆ ਨਾਲ ਨਜਿੱਠਣ ਵਿਚ ਅਸਫਲਤਾ ਦੇ ਇਲਜ਼ਾਮ ਵੀ ਲੱਗ ਰਹੇ ਹਨ।**ਕਾਂਗਰਸ**: ਅੰਦਰੂਨੀ ਏਕਤਾ ਦੀ ਲੋੜ ਕਾਂਗਰਸ ਨੂੰ ਸਰਵੇਖਣਾਂ ਵਿਚ ਲੀਡ ਮਿਲ ਰਹੀ ਹੈ ਪਰ ਅੰਦਰੂਨੀ ਖਿਚਤਾਨ, ਲੀਡਰਸ਼ਿਪ ਦੀ ਲੜਾਈ ਅਤੇ ਉੱਚ ਕਮਾਂਡ ਦੀ ਰਣਨੀਤੀ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਜੇ ਉਹ ਏਕਤਾ ਬਣਾਈ ਰੱਖਦੀ ਹੈ ਤਾਂ 2027 ਵਿਚ ਵਾਪਸੀ ਹੋ ਸਕਦੀ ਹੈ।

ਉਸ ਨੂੰ ਖੇਤੀਬਾੜੀ, ਰੁਜ਼ਗਾਰ ਅਤੇ ਨਸ਼ਿਆਂ ਵਰਗੇ ਮੁੱਦਿਆਂ ਤੇ ਲੋਕਾਂ ਦਾ ਵਿਸ਼ਵਾਸ ਜਿਤਣਾ ਪਵੇਗਾ।**ਮੁੱਖ ਮੁੱਦੇ**: ਨਸ਼ੇ, ਬੇਰੁਜ਼ਗਾਰੀ, ਖੇਤੀ ਅਤੇ ਡੇਰਿਆਂ ਦੀ ਰਾਜਨੀਤੀ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਗੰਭੀਰ ਹੈ। ਲਗਭਗ 8 ਲੱਖ ਤੋਂ ਵੱਧ ਨੌਜਵਾਨ ਪ੍ਰਭਾਵਿਤ ਹਨ। ਬੇਰੁਜ਼ਗਾਰੀ ਦਰ ਉੱਚੀ ਹੈ, ਖਾਸ ਕਰ ਯੂਥ ਵਿਚ 18-19% ਤੱਕ। ਖੇਤੀਬਾੜੀ ਸੰਕਟ ਵਿਚ ਹੈ — ਭੂਗਰਭੀ ਪਾਣੀ ਘੱਟ ਰਿਹਾ ਹੈ, ਫਸਲਾਂ ਤੇ ਨਿਰਭਰਤਾ ਵਧੀ ਹੋਈ ਹੈ ਅਤੇ ਇੰਡਸਟ੍ਰੀਆਲਾਈਜ਼ੇਸ਼ਨ ਘੱਟ ਹੈ।

ਅੱਜ ਪੰਜਾਬ ਵਿੱਚ ਡੇਰਿਆਂ ਦਾ ਪ੍ਰਭਾਵ ਮਾਲਵਾ ਅਤੇ ਦੋਆਬਾ ਵਿਚ ਫੈਸਲਾਕੁੰਨ ਰਹਿ ਸਕਦਾ ਹੈ। 2026-27 ਵਿਚ ਆਇਆ ਰਾਮ ਗਿਆ ਰਾਮ ਵਾਲੀਆਂ ਤਬਦੀਲੀਆਂ ਤੇਜ਼ ਹੋਣ ਵਾਲੀਆਂ ਹਨ।ਸੰਭਾਵੀ ਸੀਨੀਓਰੀਆ ਅਤੇ ਪੰਜਾਬ ਲਈ ਲਾਭ-ਨੁਕਸਾਨ ਇਸ ਬਹੁ-ਕੋਣੀ ਲੜਾਈ ਵਿਚ ਲਾਭ ਇਹ ਹੈ ਕਿ ਮੁਕਾਬਲਾ ਵਧਣ ਨਾਲ ਵਿਕਾਸ, ਰੁਜ਼ਗਾਰ ਅਤੇ ਖੇਤੀ ਸੁਧਾਰ ਤੇ ਧਿਆਨ ਵਧ ਸਕਦਾ ਹੈ। ਪਰ ਨੁਕਸਾਨ ਇਹ ਕਿ ਅਸਥਿਰ ਸਰਕਾਰ ਜਾਂ ਗਠਜੋੜੀ ਰਾਜਨੀਤੀ ਨਾਲ ਫੈਸਲੇ ਰੁਕ ਸਕਦੇ ਹਨ ਅਤੇ ਵਿਭਾਜਨ ਵਧ ਸਕਦਾ ਹੈ। ਅੱਜ ਪੰਜਾਬ ਨੂੰ ਇੱਕ ਸਥਿਰ, ਵਿਕਾਸ-ਪੱਖੀ ਅਤੇ ਏਕਤਾ ਵਾਲੀ ਸਰਕਾਰ ਦੀ ਲੋੜ ਹੈ।ਭਾਜਪਾ ਲਈ 2027 ਗੇਮ ਚੇਂਜਰ ਤਾਂ ਬਣ ਸਕਦਾ ਹੈ ਜੇ ਉਹ ਆਪਣਾ ਵੋਟ ਬੈਂਕ ਵਧਾਵੇ ਅਤੇ ਖਾਸ ਖੇਤਰਾਂ ਵਿਚ ਬ੍ਰੇਕਥਰੂ ਕਰੇ, ਪਰ ਇੱਕਲੀ ਬਹੁਮਤ ਔਖਾ ਹੈ। ਅਕਾਲੀ ਦਲ ਆਪਣਾ ਆਧਾਰ ਮਜ਼ਬੂਤ ਕਰ ਰਿਹਾ ਹੈ ਪਰ ਪੂਰੀ ਤਾਕਤ ਵਾਪਸ ਲੈਣ ਲਈ ਲੰਬਾ ਸਫਰ ਹੈ। ਆਪ ਅਤੇ ਕਾਂਗਰਸ ਵਿਚਾਲੇ ਮੁੱਖ ਟੱਕਰ ਰਹਿਣ ਵਾਲੀ ਹੈ।ਨਿਸ਼ਚਿਤ ਭਵਿੱਖ ਅਤੇ ਸਿਫਾਰਸ਼ਾਂ ਪੰਜਾਬੀ ਵੋਟਰ ਆਪਣੀ ਬੁੱਧੀ ਨਾਲ ਫੈਸਲਾ ਲਵੇਗਾ। ਉਸ ਨੂੰ ਰਾਜਨੀਤੀ ਤੋਂ ਉਪਰ ਉਠ ਕੇ ਵਿਕਾਸ ਚਾਹੀਦਾ ਹੈ — ਰੁਜ਼ਗਾਰ, ਨਸ਼ਾ ਮੁਕਤੀ, ਖੇਤੀ ਸੁਧਾਰ ਅਤੇ ਇੰਡਸਟਰੀਅਲ ਵਿਕਾਸ। ਇਨ੍ਹਾਂ ਚੋਣਾਂ ਤੱਕ ਬਹੁਤ ਕੁੱਝ ਬਦਲ ਸਕਦਾ ਹੈ। ਡੇਰਿਆਂ, ਜਾਤੀਵਾਦ ਅਤੇ ਲੋਕ ਲੁਭਾਉਣ ਵਾਲੀਆਂ ਘੋਸ਼ਣਾਵਾਂ ਤੋਂ ਉਪਰ ਉਠ ਕੇ ਲੋਕਾਂ ਨੂੰ ਅਸਲ ਮੁੱਦਿਆਂ 'ਤੇ ਵੋਟ ਕਰਨਾ ਚਾਹੀਦਾ ਹੈ।2027 ਇੱਕ ਨਵਾਂ ਅਧਿਆਇ ਲਿਖ ਸਕਦਾ ਹੈ, ਪਰ ਇਹ ਤਬਦੀਲੀ ਲੋਕਾਂ ਦੀ ਭਲਾਈ ਲਈ ਹੋਣੀ ਚਾਹੀਦੀ ਹੈ, ਨਾ ਕਿ ਸਿਰਫ ਪਾਰਟੀਆਂ ਦੀ ਤਾਕਤ ਲਈ। ਅੱਜ ਪੰਜਾਬ ਖੁਸ਼ਹਾਲ ਬਣੇ, ਇਹੀ ਆਸ ਅਤੇ ਆਰਜ਼ੂ ਹੈ। ਅੱਜ ਰਾਜਨੀਤੀ ਅਨਿਸ਼ਚਿਤ ਹੈ ਅਤੇ ਵੋਟਰ ਹੀ ਅਸਲ ਗੇਮ ਚੇਂਜਰ ਹਨ।

# ਦੀਨ ਦੁਖੀਆਂ ਦੇ ਰਹਿਬਰ: ਭਗਤ ਪੂਰਨ ਸਿੰਘ

ਕਰਨੈਲ ਸਿੰਘ ਐਮ.ਏ.

20ਵੀਂ ਸਦੀ ਵਿੱਚ ਮਾਨਵਤਾ ਦੇ ਭਲੇ ਹਿੱਤ, ਮਹਾਨ ਦਾਰਸ਼ਨਿਕ, ਦੀਨ-ਦੁਖੀਆਂ ਦੇ ਰਹਿਬਰ, ਬੇਸਹਾਰਿਆਂ ਦੇ ਮਸੀਹਾ ਭਗਤ ਪੂਰਨ ਸਿੰਘ ਦਾ ਜਨਮ 4 ਜੂਨ 1904 ਈ: ਨੂੰ ਪਿੰਡ ਰਾਜੇਵਾਲ ਰੋਹਣੋਂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ਼੍ਰੀ ਸ਼ਿੱਬੂ ਮੱਲ ਸ਼ਾਹੂਕਾਰ ਦੇ ਘਰ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਹੋਇਆ। ਬਚਪਨ ਤੋਂ ਹੀ ਉਹਨਾਂ ਨੂੰ ਸੇਵਾ ਕਰਨ ਦਾ ਸ਼ੌਕ ਸੀ। ਘਰ 'ਚ ਗ਼ਰੀਬੀ ਕਰਕੇ ਪੜ੍ਹਾਈ ਵਿੱਚ ਹੀ ਛੱਡਣੀ ਪਈ ਅਤੇ ਨੌਕਰੀ ਦੀ ਭਾਲ ਵਿੱਚ ਮਾਤਾ ਨਾਲ ਲਾਹੌਰ ਜਾਣਾ ਪਿਆ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਭਗਤ ਪੂਰਨ ਸਿੰਘ ਬਿਨਾਂ ਤਨਖਾਹ ਤੋਂ ਸੇਵਾ ਕਰਨ ਲੱਗਿਆ। ਉਥੋਂ ਦੇ ਮਹੰਤ ਤੇਜਾ ਸਿੰਘ ਜੀ ਭਗਤ ਜੀ ਨੂੰ ਅਨੇਕਾਂ ਵਾਰ ਲਾਡ ਨਾਲ ਬੁਲਾਉਂਦੇ ਕਹਿੰਦੇ, ਪੂਰਨ ਸਿੰਘ ਪ੍ਰੇਮੀ ! ਪੂਰਨ ਸਿੰਘ ਪ੍ਰੇਮੀ !! ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਲੰਗਰ ਦੀ, ਜੋੜਿਆਂ ਦੀ, ਯਾਤਰੂਆਂ ਨੂੰ ਬਿਸਤਰੇ ਅਤੇ ਭਾਂਡੇ ਦੇਣ ਦੀ ਬਹੁਤ ਸਾਲ ਨਿਸ਼ਕਾਮ ਸੇਵਾ ਕੀਤੀ। ਭਗਤ ਪੂਰਨ ਸਿੰਘ ਦਾ ਬਚਪਨ ਦਾ ਨਾਂ 'ਰਾਮ ਜੀ ਦਾਸ' ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਨਿਸ਼ਕਾਮ ਸੇਵਾ ਅਤੇ ਲਾਚਾਰ ਤੇ ਲਾਵਾਰਸ ਰੋਗੀਆਂ ਦੀ ਸੇਵਾ-ਸੰਭਾਲ ਨੇ ਉਹਨਾਂ ਨੂੰ ਰਾਮ ਜੀ ਦਾਸ ਤੋਂ 'ਪੂਰਨ ਸਿੰਘ' ਬਣਾ ਦਿੱਤਾ। ਭਗਤ ਜੀ ਨੇ ਲਾਹੌਰ ਵਿਖੇ ਦਿਆਲ ਸਿੰਘ ਲਾਇਬਰੇਰੀ 'ਚ 'ਯੰਗ ਇੰਡੀਆ' ਮੈਗਜ਼ੀਨ ਵਿੱਚੋਂ ਬੇਕਾਰੀ ਦੂਰ ਕਰਨ ਦਾ ਹੱਲ ਲੱਭਿਆ। ਭਗਤ ਜੀ ਦਾ ਸੁਭਾਅ ਨਿਮਰਤਾ, ਸਹਿਨਸ਼ੀਲਤਾ, ਸਾਦਗੀ ਤੇ ਅਣਥੱਕ ਮਿਹਨਤ ਵਾਲਾ ਸੀ।

ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਸੇਵਾ ਦਾ ਮੁੱਢ ਸੰਨ 1934 ਈ: ਵਿੱਚ ਇੱਕ ਚਾਰ ਸਾਲ ਦੇ ਬੱਚੇ (ਪਿਆਰਾ ਸਿੰਘ) ਦੀ ਸੇਵਾ ਤੋਂ ਸ਼ੁਰੂ ਕੀਤਾ। ਇਸ ਅਪੰਗ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਡਿਓੜ੍ਹੀ ਅੱਗੇ ਕੋਈ ਚੋਰੀ ਛੱਡ ਗਿਆ ਸੀ। ਇਹ ਬੱਚਾ ਸ਼ਕਲ ਸੂਰਤ ਤੋਂ ਬੜਾ ਕਰੂਪ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰਕੇ ਆਖਿਆ, "ਪੂਰਨ ਸਿੰਘ ! ਤੂੰ ਹੀ ਅੱਜ ਤੋਂ ਇਸ ਬੱਚੇ ਦੀ ਸੇਵਾ-ਸੰਭਾਲ ਕਰ।" ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿੱਬੜਿਆ, ਜਿਸ ਕਰਕੇ ਉਸ ਦਾ ਨਾਂ ਪਿਆਰਾ ਸਿੰਘ ਹੋ ਗਿਆ। ਭਗਤ ਪੂਰਨ ਸਿੰਘ 14 ਸਾਲ ਤੱਕ ਇਸ ਲਾਚਾਰ ਬੱਚੇ ਨੂੰ ਵੱਖ-ਵੱਖ ਥਾਵਾਂ 'ਤੇ ਆਪਣੇ ਮੋਢਿਆਂ 'ਤੇ ਚੁੱਕ ਕੇ ਫਿਰਦੇ ਰਹੇ ਕਿਉਂ ਜੋ ਉਸ ਸਮੇਂ ਉਹਨਾਂ ਕੋਲ ਕੋਈ ਪੱਕੀ ਜਗ੍ਹਾ ਨਹੀਂ ਸੀ।

1947 ਵਿੱਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਭਗਤ ਪੂਰਨ ਸਿੰਘ ਉਸ ਲੂਲ੍ਹੇ ਬੱਚੇ ਨੂੰ 18 ਅਗਸਤ 1947 ਈ: ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਲੈ ਕੇ ਪਹੁੰਚੇ। ਉਸ ਕੈਂਪ ਵਿੱਚ ਹਜ਼ਾਰਾਂ ਮਰਦ, ਔਰਤਾਂ, ਬੱਚੇ ਸਨ। ਅਪਾਹਜਾਂ ਦੀ ਸੇਵਾ-ਸੰਭਾਲ ਤੇ ਕੱਪੜੇ ਧੋਣ ਅਤੇ ਉਹਨਾਂ ਨੂੰ ਨਹਾਉਣ ਤੋਂ ਇਲਾਵਾ ਭਗਤ ਪੂਰਨ ਸਿੰਘ ਇਕੱਲੇ ਹੀ ਦੋਵੇਂ ਵੇਲੇ ਘਰਾਂ ਵਿੱਚੋਂ ਪ੍ਰਸ਼ਾਦੇ ਮੰਗ ਕੇ ਲਿਆਉਂਦੇ ਸਨ ਤੇ ਸਭ ਨੂੰ ਵਰਤਾਉਂਦੇ। ਇੱਥੋਂ ਤੱਕ ਕਿ ਆਪਣੇ ਹੱਥਾਂ ਨਾਲ ਉਹਨਾਂ ਦੇ ਮੂੰਹ ਵਿੱਚ ਬੁਰਕੀਆਂ ਵੀ ਪਾਉਂਦੇ ਸਨ। ਇਕੱਲੇ ਭਗਤ ਪੂਰਨ ਸਿੰਘ ਨੇ ਇਹ ਸੇਵਾ ਨਿਭਾਈ।

1949 ਤੋਂ 1958 ਈ: ਤੱਕ ਫੁੱਟਪਾਥਾਂ, ਰੁੱਖਾਂ ਦੀ ਛਾਵੇਂ, ਕਦੇ ਖ਼ਾਲਸਾ ਕਾਲਜ ਕੋਲ, ਕਦੇ ਰੇਲਵੇ ਸਟੇਸ਼ਨ ਕੋਲ, ਕਦੇ ਚੀਫ਼ ਖ਼ਾਲਸਾ ਦੀਵਾਨ ਦੇ ਕੋਲ ਝੌਂਪੜੀਆਂ ਬਣਾ ਕੇ ਪੀੜ੍ਹਤ ਲੋਕਾਂ ਦੀ ਉਹਨਾਂ ਸੇਵਾ-ਸੰਭਾਲ ਕੀਤੀ। 1958 ਈਸਵੀ ਵਿੱਚ ਤਹਿਸੀਲਪੁਰਾ ਜੀ. ਟੀ. ਰੋਡ ਅੰਮ੍ਰਿਤਸਰ ਵਿਖੇ ਥਾਂ ਮੁੱਲ ਖ਼ਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ। ਜਿੱਥੇ ਮਾਨਸਿਕ ਅਤੇ ਲਾਵਾਰਸ ਰੋਗੀਆਂ, ਲੂਲ੍ਹੇ-ਲੰਗੜਿਆਂ ਅਤੇ ਬਜ਼ੁਰਗਾਂ ਦੀ ਸੇਵਾ-ਸੰਭਾਲ ਕੀਤੀ ਜਾਣ ਲੱਗ ਪਈ। ਇਹ ਆਸ਼ਰਮ ਜੋ ਕੁਝ ਮਰੀਜ਼ਾਂ ਨੂੰ ਲੈ ਕੇ ਭਗਤ ਪੂਰਨ ਸਿੰਘ ਜੀ ਨੇ ਬੀਜ ਰੂਪ ਵਿੱਚ ਸ਼ੁਰੂ ਕੀਤਾ, ਅੱਜ 1756 ਤੋਂ ਵੱਧ ਮਰੀਜ਼ ਜਿਨ੍ਹਾਂ ਵਿੱਚ ਔਰਤਾਂ, ਬੱਚੇ ਤੇ ਬੁੱਢੇ ਸ਼ਾਮਲ ਹਨ, ਲਈ ਘਰ ਵਰਗੇ ਸੁੱਖਾਂ ਦਾ ਸਾਧਨ ਬਣਿਆ ਹੋਇਆ ਹੈ।

ਭਗਤ ਪੂਰਨ ਸਿੰਘ ਨੇ ਪ੍ਰਦੂਸ਼ਣ, ਜਲ ਸਾਧਨਾਂ, ਜੰਗਲਾਂ ਦੀ ਕਟਾਈ ਤੋਂ ਪੈਦਾ ਹੋਣ ਵਾਲੇ ਖਤਰਿਆਂ ਨਾਲ ਸਬੰਧਤ ਅਨੇਕਾਂ ਕਿਤਾਬਚੇ, ਟ੍ਰੈਕਟ, ਫੋਲਡਰ ਅਤੇ ਇਸ਼ਤਿਹਾਰ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਵੰਡੇ। ਅੱਜ ਵੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਬਾਹਰ ਘੰਟਾ ਘਰ ਚੌਂਕ ਤੇ ਸਰਾਂ (ਰਿਹਾਇਸ਼) ਵਾਲੇ ਪਾਸੇ ਅਤੇ ਦੇਸ਼ ਭਰ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿੱਚ ਉਹਨਾਂ ਦੇ



ਸ਼ਰਧਾਲੂ ਕਿਤਾਬਚੇ, ਟ੍ਰੈਕਟ, ਇਸ਼ਤਿਹਾਰ, ਪੈਂਫਲਿਟ, ਫੋਲਡਰ ਮੁਫ਼ਤ ਵੰਡ ਰਹੇ ਹਨ। ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਪਿੰਗਲਵਾੜਾ ਬੱਸ ਸਟੈਂਡ ਦੇ ਨਜ਼ਦੀਕ ਚੱਲ ਰਿਹਾ ਹੈ। ਇਸ ਦੇ ਬਾਨੀ ਭਗਤ ਪੂਰਨ ਸਿੰਘ ਨੂੰ ਭਾਵੇਂ ਬਹੁਤ ਮੁਸ਼ਕਲਾਂ ਆਈਆਂ ਪਰ ਉਹ ਆਪਣੇ ਮਿਸ਼ਨ ਵਿੱਚ ਸਫ਼ਲ ਹੋਏ।

ਭਗਤ ਪੂਰਨ ਸਿੰਘ ਆਦਰਸ਼ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਆਦਰਸ਼ ਸਕੂਲ ਬੁੱਟਰ ਕਲਾਂ ਕਾਦੀਆਂ, ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਆਦਿ ਵਿਖੇ ਮੁਫ਼ਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

ਭਗਤ ਪੂਰਨ ਸਿੰਘ ਦੀਆਂ ਜੀਵਨ ਘਾਲਨਾਵਾਂ ਸਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ ਘਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਵੀਡੀਓ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕੀਤੀਆਂ ਗਈਆਂ ਹਨ। ਭਗਤ ਪੂਰਨ ਸਿੰਘ ਜੀ ਦੀ ਜੀਵਨੀ ਬਾਰੇ ਦਸਤਾਵੇਜ਼ੀ ਫ਼ਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ,' ਏ ਸੈਲਫਲੈਸ ਲਾਈਫ਼' ਫ਼ਰਵਰੀ 2000 ਵਿੱਚ ਰਿਲੀਜ਼ ਕੀਤੀ ਗਈ। ਭਗਤ ਪੂਰਨ ਸਿੰਘ ਦੇ ਜਨਮ ਸਥਾਨ 'ਤੇ ਪਿੰਡ ਰਾਜੇਵਾਲ ਵਿਖੇ 'ਭਗਤ ਪੂਰਨ ਸਿੰਘ ਸਮਾਰਕ' ਦਾ ਨਿਰਮਾਣ ਹੋ ਚੁੱਕਾ ਹੈ। ਪਿੰਗਲਵਾੜਾ (ਅੰਮ੍ਰਿਤਸਰ) ਦੇ ਨਜ਼ਦੀਕ 'ਭਗਤ ਪੂਰਨ ਸਿੰਘ ਯਾਦਗਾਰੀ ਗੇਟ' ਉਸਾਰਿਆ ਗਿਆ ਹੈ। ਭਗਤ ਪੂਰਨ ਸਿੰਘ ਮਸਨੂਈ ਅੰਗ ਕੇਂਦਰ ਵਿੱਚ 15451 ਮਰੀਜ਼ਾਂ ਨੂੰ ਬਨਾਵਟੀ ਅੰਗ ਲਗਾਏ ਜਾ ਚੁੱਕੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ 'ਭਗਤ ਪੂਰਨ ਸਿੰਘ ਚੇਅਰ' ਦੀ ਸਥਾਪਨਾ ਕੀਤੀ ਗਈ ਹੈ। ਭਗਤ ਪੂਰਨ ਸਿੰਘ ਨੂੰ 1981 'ਚ ਪਦਮ ਸ਼੍ਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, ਪਰ ਭਾਰਤ ਸਰਕਾਰ ਵੱਲੋਂ 1984 ਵਿੱਚ ਸ਼੍ਰੀ ਦਰਬਾਰ ਸਾਹਿਬ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ 'ਤੇ ਹੋਏ ਹਮਲੇ ਦੇ ਰੋਸ ਵਜੋਂ ਉਹਨਾਂ ਨੇ ਇਹ ਐਵਾਰਡ ਵਾਪਸ ਕਰ ਦਿੱਤਾ ਸੀ। ਉਹਨਾਂ ਨੂੰ 1990 'ਚ ਹਾਰਮਨੀ ਐਵਾਰਡ, 1991 'ਚ ਲੋਕ ਰਤਨ ਐਵਾਰਡ ਪ੍ਰਾਪਤ ਹੋਏ। ਪੰਜਾਬ ਵਿਰਾਸਤ ਸੰਸਥਾ ਸ਼ਿਕਾਗੋ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਵੀ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਭਾਈ ਕਨੱਈਆ ਐਵਾਰਡ ਕਮੇਟੀ ਵੱਲੋਂ ਪਹਿਲਾ 'ਭਾਈ ਕਨੱਈਆ ਐਵਾਰਡ' ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਨੂੰ ਸੱਚ-ਖੰਡ ਪਿਆਨਾ ਕਰਨ ਉਪਰੰਤ 4 ਅਕਤੂਬਰ 1995 ਨੂੰ ਦਿੱਤਾ ਗਿਆ ਜੋ ਡਾ: ਇੰਦਰਜੀਤ ਕੌਰ ਮੌਜੂਦਾ ਮੁਖੀ ਨੇ ਪ੍ਰਾਪਤ ਕੀਤਾ। ਸੇਵਾ ਦੇ ਪੁੰਜ, ਨਿਆਸਰਿਆਂ ਦਾ ਆਸਰਾ ਭਗਤ ਪੂਰਨ ਸਿੰਘ 5 ਅਗਸਤ 1992 ਈ: ਨੂੰ 88 ਸਾਲ ਦੀ ਉਮਰ ਬਤੀਤ ਕਰਕੇ ਸੱਚ-ਖੰਡ ਜਾ ਬਿਰਾਜੇ।

20ਵੀਂ ਸਦੀ ਦੇ ਮਹਾਨ ਦਰਵੇਸ਼ ਤੇ ਸਮਾਜ-ਸੇਵੀ ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ ਅੰਮ੍ਰਿਤਸਰ ਦਾ 122ਵਾਂ ਜਨਮ-ਦਿਹਾੜਾ ਡਾ: ਇੰਦਰਜੀਤ ਕੌਰ ਜੀ ਦੀ ਸਰਪ੍ਰਸਤੀ ਹੇਠ 2, 3 ਅਤੇ 4 ਜੂਨ ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਨੂੰ ਅੰਮ੍ਰਿਤਸਰ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। 2 ਜੂਨ ਦਿਨ ਮੰਗਲਵਾਰ ਨੂੰ ਭਗਤ ਪੂਰਨ ਸਿੰਘ ਜੀ ਦੇ ਜਨਮ-ਦਿਨ ਨੂੰ ਸਮਰਪਿਤ ਪਿੰਗਲਵਾੜਾ ਪਰਿਵਾਰ ਵੱਲੋਂ ਸਵੇਰੇ 10 ਵਜੇ ਤੋਂ 2 ਵਜੇ ਤੱਕ ਸੈਮੀਨਾਰ 'ਗੁਰਮਤਿ ਵਿਚਾਰਧਾਰਾ ਦੀ ਰੋਸ਼ਨੀ ਵਿੱਚ ਕੁਦਰਤ ਦੀ ਸੰਭਾਲ' ਹੋ ਰਿਹਾ ਹੈ। ਜਿਸ ਵਿੱਚ ਡਾ: ਸਵਰਾਜਬੀਰ ਸਿੰਘ, ਸ: ਜਸਕੀਰਤ ਸਿੰਘ, ਗਿਆਨੀ ਕੇਵਲ ਸਿੰਘ, ਸ: ਸਤਨਾਮ ਸਿੰਘ ਮਾਣਕ, ਡਾ: ਇੰਦਰਜੀਤ ਸਿੰਘ ਗੋਗੋਆਣੀ, ਸ: ਹਮੀਰ ਸਿੰਘ ਆਦਿ ਵਿਦਵਾਨ ਵਾਤਾਵਰਣ ਸੰਬੰਧੀ ਆਪਣੇ ਵਿਚਾਰ ਦੱਸਣਗੇ। ਡਾ: ਕੁੰਵਰ ਵਿਜੇਪ੍ਰਤਾਪ ਸਿੰਘ ਸੈਮੀਨਾਰ ਦੀ ਪ੍ਰਧਾਨਗੀ ਕਰਨਗੇ। 3 ਜੂਨ ਦਿਨ ਬੁੱਧਵਾਰ ਨੂੰ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸਕੂਲੀ ਬੱਚਿਆਂ ਵੱਲੋਂ ਵਾਤਾਵਰਣ ਸੰਬੰਧੀ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਕੀਤਾ ਜਾਵੇਗਾ। ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾ: ਇੰਦਰਬੀਰ ਸਿੰਘ ਨਿੱਝਰ ਹੋਣਗੇ। 4 ਜੂਨ ਦਿਨ ਵੀਰਵਾਰ ਨੂੰ ਮੁੱਖ ਦਫ਼ਤਰ ਪਿੰਗਲਵਾੜਾ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ ਪਾਇਆ ਜਾਵੇਗਾ। ਉਪਰੰਤ ਭਾਈ ਜਸਬੀਰ ਸਿੰਘ ਜੀ ਅਤੇ ਪਿੰਗਲਵਾੜਾ ਸੰਸਥਾ ਦੇ ਬੱਚਿਆਂ ਵੱਲੋਂ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮਹਾਨ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀਆਂ ਵੱਲੋਂ ਭਗਤ ਪੂਰਨ ਸਿੰਘ ਜੀ ਦੇ ਜੀਵਨ ਬਾਰੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰਾਂ ਕੀਤੀਆਂ ਜਾਣਗੀਆਂ। ਸ਼੍ਰੀ ਦਵਿੰਦਰ ਸ਼ਰਮਾ ਦੀ ਹਿੰਦੀ ਪੁਸਤਕ 'ਜ਼ਮੀਨੀ ਸਚਾਈ' ਅਤੇ ਪਿੰਗਲਵਾੜਾ ਸੰਸਥਾ ਵੱਲੋਂ ਛਾਪੀਆਂ ਗਈਆਂ ਕਿਤਾਬਾਂ ਰਿਲੀਜ਼ ਕੀਤੀਆਂ ਜਾਣਗੀਆਂ। ਇਸ ਮੌਕੇ ਪਿੰਗਲਵਾੜੇ ਵਿੱਚ ਪਿਛਲੇ ਇੱਕ ਸਾਲ ਵਿੱਚ ਹੋਈਆਂ ਗਤੀਵਿਧੀਆਂ ਦਾ ਇੱਕ ਸੋਵੀਨਰ ਦੀ ਵੀ ਘੁੰਡ ਚੁਕਾਈ ਕੀਤੀ ਜਾਵੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।



ਵਿੰਕਲਜੀਤ ਸਿੰਘ ਸਰਾ
9501477889

## ਪੰਜਾਬੀ ਰੰਗਮੰਚ ਦਾ ਸੁਨਹਿਰੀ ਹਸਤਾਖ਼ਰ

# 'ਸ਼ੁਗਲੀ ਜੁਗਲੀ' (ਗੁਰਪ੍ਰੀਤ ਸਿੰਘ ਤੇ ਪ੍ਰਭਪ੍ਰੀਤ ਸਿੰਘ) ਨਾਲ ਤਿੰਨ ਦਹਾਕਿਆਂ ਦੀ ਗੂੜ੍ਹੀ ਪ੍ਰੀਤ ਅਤੇ ਯਾਦਾਂ ਦੀ ਸੱਭਿਆਚਾਰਕ ਮਹਿਫ਼ਿਲ

ਕੁਝ ਰਿਸ਼ਤੇ ਖ਼ੂਨ ਦੇ ਰਿਸ਼ਤਿਆਂ ਤੋਂ ਵੀ ਵਧੇਰੇ ਪਾਕ, ਡੂੰਘੇ ਅਤੇ ਰੂਹਾਨੀ ਹੁੰਦੇ ਹਨ। ਇਹ ਉਹ ਸਾਂਝਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਵਕਤ ਦੀਆਂ ਤੇਜ਼ ਹਵਾਵਾਂ ਕਦੇ ਧੁੰਦਲਾ ਨਹੀਂ ਕਰ ਸਕਦੀਆਂ, ਬਲਕਿ ਸਮੇਂ ਦੀ ਹਰ ਗੁਜ਼ਰਦੀ ਘੜੀ ਇਹਨਾਂ ਨੂੰ ਹੋਰ ਵਧੇਰੇ ਪਰਪੱਕ ਅਤੇ ਖ਼ੂਬਸੂਰਤ ਬਣਾ ਦਿੰਦੀ ਹੈ। ਅਜਿਹਾ ਹੀ ਇੱਕ ਬੇਹੱਦ ਮੁਕੱਦਸ, ਨਿੱਘਾ ਅਤੇ ਕਰੀਬ 25-30 ਸਾਲ ਪੁਰਾਣਾ ਗੂੜ੍ਹਾ ਪਿਆਰ ਮੇਰਾ ਪੰਜਾਬੀ ਮਨੋਰੰਜਨ ਜਗਤ ਦੀ ਸਿਰਮੌਰ ਅਤੇ ਅਮਰ ਜੋੜੀ ਨਾਲ ਹੈ, ਜਿਨ੍ਹਾਂ ਨੂੰ ਅੱਜ ਪੂਰੀ ਦੁਨੀਆ 'ਸ਼ੁਗਲੀ ਜੁਗਲੀ' ਦੇ ਨਾਮ ਨਾਲ ਜਾਣਦੀ ਹੈ ਅਤੇ ਜੋ ਪਹਿਲਾਂ 'ਸੰਤਾ-ਬੰਤਾ' ਦੇ ਨਾਮ ਨਾਲ ਬੇਹੱਦ ਮਕਬੂਲ ਰਹੇ ਹਨ। ਮੇਰੇ ਲਈ ਇਹ ਸਿਰਫ਼ ਦੋ ਮਹਾਨ ਕਲਾਕਾਰ ਨਹੀਂ, ਬਲਕਿ ਮੇਰੇ ਦਿਲ ਦੇ ਬਹੁਤ ਹੀ ਕਰੀਬੀ, ਅਜ਼ੀਜ਼ ਅਤੇ ਬਹੁਤ ਹੀ ਖ਼ਾਸ ਮਿੱਤਰ ਹਨ। ਅੱਜ ਜਦੋਂ ਇਹ ਪਿਆਰੀ ਜੋੜੀ ਸੱਬੱਬ ਨਾਲ ਚੜ੍ਹਦੀਕਲਾ ਮੀਡੀਆ ਨੈੱਟਵਰਕ ਦੇ ਮੁੱਖ ਦਫ਼ਤਰ ਪਟਿਆਲਾ ਵਿਖੇ ਪਹੁੰਚੀ ਤਾਂ ਮੇਰੇ ਦਿਲ ਦਾ ਵਿਹੜਾ ਖ਼ੁਸ਼ੀਆਂ ਨਾਲ ਭਰ ਗਿਆ ਅਤੇ ਬੀਤੇ ਤਿੰਨ ਦਹਾਕਿਆਂ ਦੀਆਂ ਅਣਗਿਣਤ ਯਾਦਾਂ ਚਾਨਣੀ ਰਾਤ ਵਾਂਗ ਰਿਸ਼ਮਾਉਣ ਲੱਗ ਪਈਆਂ।

ਇਸ ਸੁਭਾਗੇ ਅਤੇ ਇਤਿਹਾਸਕ ਮੌਕੇ 'ਤੇ ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਦਰਦੀ ਜੀ ਵੱਲੋਂ ਇਸ ਹਰਮਨਪਿਆਰੀ ਜੋੜੀ ਦਾ ਬਹੁਤ ਹੀ ਆਦਰ-ਸਤਿਕਾਰ, ਨਿੱਘ ਅਤੇ ਮੁਹੱਬਤ ਨਾਲ ਰਵਾਇਤੀ ਸਵਾਗਤ ਕੀਤਾ ਗਿਆ। ਇਸ ਮਿਲਣੀ ਦੀ ਸਭ ਤੋਂ ਭਾਵੁਕ ਅਤੇ ਰੂਹਾਨੀ ਘੜੀ ਉਹ ਸੀ ਜਦੋਂ ਪੰਜਾਬੀ ਪੱਤਰਕਾਰੀ ਦੇ ਭੀਸ਼ਮ ਪਿਤਾਮਾ ਪਦਮ ਸ਼੍ਰੀ ਡਾ. ਜਗਜੀਤ ਸਿੰਘ ਦਰਦੀ ਜੀ ਨੇ ਭਾਵੇਂ ਉਹ ਅੱਜ-ਕੱਲ੍ਹ ਪੂਰੀ ਤਰ੍ਹਾਂ ਸਿਹਤਯਾਬ ਨਹੀਂ ਹਨ ਅਤੇ ਸਰੀਰਕ ਨਾਸਾਜ਼ੀ ਦੇ ਦੌਰ 'ਚੋਂ ਲੰਘ ਰਹੇ ਹਨ, ਫਿਰ ਵੀ ਆਪਣਾ ਅਥਾਹ ਪਿਆਰ ਅਤੇ ਅਸੀਸਾਂ ਦਾ ਹੱਥ ਉਹਨਾਂ ਦੇ ਸਿਰ 'ਤੇ ਰੱਖਿਆ। ਚੜ੍ਹਦੀਕਲਾ ਗਰੁੱਪ ਦੇ ਸਮੂਹ ਕਰਮਚਾਰੀਆਂ ਨੇ ਵੀ ਬੇਅੰਤ ਖ਼ੁਸ਼ੀ ਅਤੇ ਮਾਣ ਨਾਲ ਇਸ ਜੋੜੀ ਨੂੰ ਜੀ ਆਇਆਂ ਆਖਿਆ, ਕਿਉਂਕਿ ਇਹਨਾਂ ਦੀ ਸ਼ਖ਼ਸੀਅਤ ਵਿੱਚ ਉਹ ਚੁੰਬਕੀ ਖਿੱਚ ਹੈ ਜੋ ਪਹਿਲੀ ਨਜ਼ਰੇ ਹੀ ਹਰ ਕਿਸੇ ਦਾ ਦਿਲ ਮੋਹ ਲੈਂਦੀ ਹੈ।

**ਅਸਲ ਪਛਾਣ ਅਤੇ ਉੱਚੇ ਸਮਾਜਿਕ ਸਰੋਕਾਰ: 'ਸੰਤਾ-ਬੰਤਾ' ਤੋਂ 'ਸ਼ੁਗਲੀ ਜੁਗਲੀ' ਦਾ ਸਫ਼ਰ** : ਇਸ ਅਦੁੱਤੀ ਜੋੜੀ ਦੇ ਪਰਦੇ ਦੇ ਪਿੱਛੇ ਦੇ ਅਸਲ ਨਾਮ ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ ਹਨ। ਕਲਾ ਦੇ ਖੇਤਰ ਵਿੱਚ ਲੰਮਾ ਸਮਾਂ 'ਸੰਤਾ-ਬੰਤਾ' ਦੇ ਨਾਮ ਨਾਲ ਬੇਮਿਸਾਲ ਕਾਮਯਾਬੀ ਦੇ ਝੰਡੇ ਗੱਡਣ ਤੋਂ ਬਾਅਦ, ਇਹਨਾਂ ਨੇ ਇੱਕ ਅਜਿਹਾ ਇਤਿਹਾਸਕ ਅਤੇ ਸੰਵੇਦਨਸ਼ੀਲ ਫ਼ੈਸਲਾ ਲਿਆ, ਜਿਸ ਨੇ ਸਭ ਦੇ ਦਿਲਾਂ ਵਿੱਚ ਇਹਨਾਂ ਦਾ ਸਤਿਕਾਰ ਹੋਰ ਵੀ ਵਧਾ ਦਿੱਤਾ। ਜਦੋਂ ਸਮਾਜ ਦੇ ਕੁਝ ਹਿੱਸਿਆਂ ਵਿੱਚ 'ਸੰਤਾ-ਬੰਤਾ' ਦੇ ਨਾਮ 'ਤੇ ਬਣਾਏ ਜਾਂਦੇ ਚੁਟਕਲਿਆਂ ਕਾਰਨ ਭਾਈਚਾਰਕ ਭਾਵਨਾਵਾਂ ਨੂੰ ਠੇਸ ਪਹੁੰਚਣ ਲੱਗੀ, ਤਾਂ ਇਹਨਾਂ ਦੋਵਾਂ ਸੂਝਵਾਨ ਕਲਾਕਾਰਾਂ ਨੇ ਬਿਨਾਂ ਕਿਸੇ ਦੇਰੀ ਦੇ ਆਪਣੀ ਇੰਨੀ ਵੱਡੀ ਬ੍ਰਾਂਡ ਵੈਲਿਊ ਅਤੇ ਸਥਾਪਿਤ ਨਾਮ ਨੂੰ ਤਿਆਗ ਕੇ ਆਪਣਾ ਨਾਮ ਬਦਲ ਕੇ 'ਸ਼ੁਗਲੀ ਜੁਗਲੀ' ਰੱਖ ਲਿਆ। ਇਹ ਫ਼ੈਸਲਾ ਇਸ ਗੱਲ ਦਾ ਪ੍ਰਤੀਕ ਸੀ ਕਿ ਇਹਨਾਂ ਲਈ ਆਪਣੀ ਸ਼ੋਹਰਤ ਨਾਲੋਂ ਕਿਸੇ ਦੀਆਂ ਭਾਵਨਾਵਾਂ, ਆਪਸੀ ਭਾਈਚਾਰਾ ਅਤੇ ਸਤਿਕਾਰ ਕਿਤੇ ਵੱਧ ਅਹਿਮ ਹਨ, ਤਾਂ ਜੋ ਕਿਸੇ ਨੂੰ ਵੀ ਇਹਨਾਂ ਦੇ ਨਾਮ ਕਰਕੇ ਮਾੜੀ ਮੋਟੀ ਤਕਲੀਫ਼ ਜਾਂ ਠੇਸ ਨਾ ਪਹੁੰਚੇ।

**ਸਰਕਾਰੀ ਸੇਵਾ ਦੇ ਨਾਲ-ਨਾਲ ਕਲਾ ਦੀ ਅਦੁੱਤੀ ਸਾਧਨਾ** : ਇਸ ਜੋੜੀ ਦੀ ਜ਼ਿੰਦਗੀ ਦਾ ਇੱਕ ਹੋਰ ਬੇਹੱਦ ਪ੍ਰੇਰਨਾਦਾਇਕ ਅਤੇ ਮਿਸਾਲੀ ਪਹਿਲੂ ਇਹ ਹੈ ਕਿ ਇਹਨਾਂ ਨੇ ਕਲਾ ਦੇ ਖੇਤਰ ਵਿੱਚ ਇਹ



ਮੁਕਾਮ ਸਿਰਫ਼ ਵਿਹਲੇ ਰਹਿ ਕੇ ਹਾਸਲ ਨਹੀਂ ਕੀਤਾ। ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ ਦੋਵੇਂ ਆਪਣੀ ਸਰਕਾਰੀ ਨੌਕਰੀ (Service) ਦੀਆਂ ਜ਼ਿੰਮੇਵਾਰੀਆਂ ਬਹੁਤ ਹੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੇ ਰਹੇ ਹਨ। ਸਰਕਾਰੀ ਸੇਵਾ ਦੇ ਸਖ਼ਤ ਨਿਯਮਾਂ ਅਤੇ ਰੁਝੇਵਿਆਂ ਦੇ ਬਾਵਜੂਦ, ਉਹਨਾਂ ਨੇ ਆਪਣੀ ਕਲਾ ਅਤੇ ਕਾਮੇਡੀ ਦੇ ਸ਼ੌਕ ਨੂੰ ਕਦੇ ਮੱਠਾ ਨਹੀਂ ਪੈਣ ਦਿੱਤਾ। ਇੱਕ ਪਾਸੇ ਦਫ਼ਤਰੀ ਫ਼ਾਈਲਾਂ ਅਤੇ ਲੋਕ ਸੇਵਾ ਦੀ ਜ਼ਿੰਮੇਵਾਰੀ ਅਤੇ ਦੂਜੇ ਪਾਸੇ ਰੰਗਮੰਚ 'ਤੇ ਲੋਕਾਂ ਦੇ ਦੁੱਖ-ਦਰਦ ਭੁਲਾ ਕੇ ਉਹਨਾਂ ਨੂੰ ਹਸਾਉਣ ਦਾ ਔਖਾ ਕਾਰਜ ਇਸ ਤਾਲਮੇਲ ਨੂੰ ਇਹਨਾਂ ਨੇ ਜਿਸ ਖ਼ੂਬਸੂਰਤੀ ਨਾਲ ਨਿਭਾਇਆ ਹੈ, ਉਹ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਨੌਕਰੀ ਦੇ ਨਾਲ-ਨਾਲ ਕਾਮੇਡੀ ਦਾ ਇਹ ਸਫ਼ਰ ਇਹਨਾਂ ਦੀ ਅਣਥੱਕ ਮਿਹਨਤ ਅਤੇ ਕਲਾ ਪ੍ਰਤੀ ਅਥਾਹ ਸਮਰਪਣ ਨੂੰ ਦਰਸਾਉਂਦਾ ਹੈ।

**ਚਾਰ ਦਹਾਕਿਆਂ ਦਾ ਇਤਿਹਾਸਕ ਸਫ਼ਰ; ਕਾਮੇਡੀ ਨੂੰ ਇਬਾਦਤ ਬਣਾਉਣ ਵਾਲੇ ਸਿਤਾਰੇ** : ਜਦੋਂ ਅਸੀਂ ਪੰਜਾਬੀ ਹਾਸ-ਵਿਅੰਗ ਅਤੇ ਸਾਫ਼-ਸੁਥਰੇ ਰੰਗਮੰਚ ਦਾ ਇਤਿਹਾਸ ਫਰੋਲਦੇ ਹਾਂ, ਤਾਂ ਇਸ ਜੋੜੀ ਦਾ ਨਾਮ ਸਭ ਤੋਂ ਉੱਚੇ ਅਤੇ ਸੁਨਹਿਰੀ ਪੰਨਿਆਂ 'ਤੇ ਅੰਕਿਤ ਮਿਲਦਾ ਹੈ। 1980 ਦੇ ਆਖ਼ਰੀ ਸਾਲਾਂ ਅਤੇ 90 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਜਦੋਂ ਪੰਜਾਬ ਇੱਕ ਅਸ਼ਾਂਤ ਅਤੇ ਬੇਹੱਦ ਸੰਵੇਦਨਸ਼ੀਲ ਦੌਰ 'ਚੋਂ ਗੁਜ਼ਰ ਰਿਹਾ ਸੀ, ਉਸ ਸਮੇਂ ਲੋਕਾਂ ਦੇ ਉਦਾਸ ਹੋ ਚੁੱਕੇ ਚਿਹਰਿਆਂ 'ਤੇ ਹਾਸੇ ਦੀਆਂ ਤਰੰਗਾਂ ਛੇੜਨਾ ਕੋਈ ਸੌਖਾ ਕਾਰਜ ਨਹੀਂ ਸੀ। ਅਜਿਹੇ ਔਖੇ ਸਮੇਂ 'ਚ ਇਹਨਾਂ ਨੇ ਪੰਜਾਬੀ ਕਾਮੇਡੀ ਦੇ ਖੇਤਰ ਵਿੱਚ ਕਦਮ ਰੱਖਿਆ ਅਤੇ ਆਪਣੀ ਅਦੁੱਤੀ ਅਦਾਕਾਰੀ, ਟਾਈਮਿੰਗ ਅਤੇ ਸੱਭਿਆਚਾਰਕ ਸੂਝ-ਬੂਝ ਸਦਕਾ ਹਰ ਘਰ ਦੇ ਦਿਲ ਦੀ ਧੜਕਨ ਬਣ ਗਏ। ਪਿਛਲੇ ਕਰੀਬ 35-40 ਸਾਲਾਂ ਤੋਂ ਇਹਨਾਂ ਨੇ ਲਗਾਤਾਰ, ਬਿਨਾਂ ਥੱਕੇ ਅਤੇ ਬਿਨਾਂ ਰੁਕੇ ਪੰਜਾਬੀਆਂ ਦਾ ਮਨੋਰੰਜਨ ਕੀਤਾ ਹੈ। ਉਹਨਾਂ ਦੀ ਸਭ ਤੋਂ ਵੱਡੀ ਖ਼ੂਬੀ ਇਹ ਰਹੀ ਹੈ ਕਿ ਉਹਨਾਂ ਨੇ ਕਦੇ ਵੀ ਸਸਤੀ ਸ਼ੋਹਰਤ ਜਾਂ ਤੁਰੰਤ ਤਾਲੀਆਂ ਬਟੋਰਨ ਲਈ ਲੱਚਰਤਾ, ਦੋ-ਅਰਥੀ ਸੰਵਾਦਾਂ ਜਾਂ ਕਿਸੇ ਨੂੰ ਨੀਵਾਂ ਦਿਖਾਉਣ ਵਾਲੇ ਭਾਸ਼ਾਈ ਹੱਥਕੰਡਿਆਂ ਦਾ ਸਹਾਰਾ ਨਹੀਂ ਲਿਆ। ਉਹਨਾਂ ਦਾ ਹਾਸਾ ਪਰਿਵਾਰਕ ਹੁੰਦਾ ਹੈ, ਜਿਸ ਵਿੱਚ ਸਮਾਜਿਕ ਸਰੋਕਾਰ, ਰਿਸ਼ਤਿਆਂ ਦੀ ਮਰਿਆਦਾ ਅਤੇ ਪੰਜਾਬੀ ਸੱਭਿਆਚਾਰ ਦੀ ਮਹਿਕ ਹੁੰਦੀ ਹੈ। ਇਹੀ ਕਾਰਨ ਹੈ ਕਿ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ, ਪੂਰਾ ਪਰਿਵਾਰ ਇਕੱਠੇ ਬੈਠ ਕੇ ਉਹਨਾਂ ਦੀ ਕਲਾ ਦਾ ਆਨੰਦ ਮਾਣਦਾ ਹੈ।

**ਜਲੰਧਰ ਆਫਿਸ: ਕਲਾ ਦੀ ਪਾਠਸ਼ਾਲਾ ਅਤੇ ਕਲਾਕਾਰਾਂ ਦਾ ਮੱਕਾ** : ਜੇਕਰ ਅਸੀਂ ਇਹਨਾਂ ਦੀ ਕਲਾਤਮਕ ਸਾਧਨਾ ਦਾ ਕੇਂਦਰ ਦੇਖਣਾ ਹੋਵੇ, ਤਾਂ ਜਲੰਧਰ ਸਥਿਤ ਉਹਨਾਂ ਦਾ ਦਫ਼ਤਰ ਕਿਸੇ ਪਵਿੱਤਰ ਸੱਭਿਆਚਾਰਕ ਪੀਠ ਜਾਂ ਰੰਗਮੰਚ ਦੀ ਪਾਠਸ਼ਾਲਾ ਤੋਂ ਘੱਟ ਨਹੀਂ ਹੈ। ਉੱਥੇ 24 ਘੰਟੇ ਮੇਲੇ ਵਰਗਾ ਮਾਹੌਲ ਰਹਿੰਦਾ ਹੈ ਅਤੇ ਹਰ ਵੇਲੇ ਕਲਾ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਆਏ ਨਾਮਵਰ ਗਾਇਕ, ਸਥਾਪਿਤ ਅਦਾਕਾਰ, ਲੇਖਕ, ਸੰਗੀਤਕਾਰ ਅਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਪ੍ਰਸ਼ੰਸਕ ਉੱਥੇ ਆਪਣੀ ਹਾਜ਼ਰੀ ਲਗਵਾਉਂਦੇ ਹਨ। ਸਭ ਤੋਂ ਅਹਿਮ ਅਤੇ ਸ਼ਲਾਘਾਯੋਗ ਗੱਲ ਇਹ ਹੈ ਕਿ ਇਸ ਜੋੜੀ ਦੀ ਨਿੱਜੀ ਦੇਖ-ਰੇਖ, ਸਰਪ੍ਰਸਤੀ ਅਤੇ ਮਾਰਗਦਰਸ਼ਨ ਹੇਠ ਅਣਗਿਣਤ ਕਲਾਕਾਰ ਆਪਣੀਆਂ ਆਡੀਓ ਅਤੇ ਵੀਡੀਓ ਰਿਕਾਰਡਿੰਗਾਂ ਕਰਵਾਉਂਦੇ ਹਨ। ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ ਨਾ ਸਿਰਫ਼ ਖ਼ੂਬਸੂਰਤ ਅਦਾਕਾਰ ਹਨ, ਬਲਕਿ ਉਹ ਕਲਾ ਦੀ ਬਾਰੀਕੀ ਅਤੇ ਲੋਕ-ਮਾਨਸਿਕਤਾ ਨੂੰ ਸਮਝਣ ਵਾਲੇ ਉੱਚ ਕੋਟੀ ਦੇ ਪਾਰਖੂ ਵੀ ਹਨ। ਜਦੋਂ ਕੋਈ ਨਵਾਂ ਕਲਾਕਾਰ ਜਾਂ ਗਾਇਕ ਉਹਨਾਂ ਦੇ ਦਫ਼ਤਰ ਦੀ ਦਹਿਲੀਜ਼ ਲੰਘਦਾ ਹੈ ਤਾਂ ਉਹ ਉਸ ਨੂੰ ਇੱਕ ਉਸਤਾਦ ਅਤੇ ਮਾਪਿਆਂ ਵਾਂਗ ਪਿਆਰ ਦਿੰਦੇ ਹਨ, ਉਸ ਦੀ ਪ੍ਰਤਿਭਾ ਨੂੰ ਤਰਾਸ਼ਦੇ ਹਨ ਅਤੇ ਉਸ ਨੂੰ ਇੰਡਸਟਰੀ ਦੇ ਹਾਣ ਦਾ ਬਣਾਉਂਦੇ ਹਨ।

**ਗੁੰਮਨਾਮ ਚਿਹਰਿਆਂ ਦੇ ਤਕਦੀਰ-ਬਦਲੂ; ਇੱਕ ਅਦਿੱਖ ਪਰਉਪਕਾਰ** : ਪੰਜਾਬੀ ਮਨੋਰੰਜਨ ਉਦਯੋਗ ਵਿੱਚ ਸ਼ਾਇਦ ਹੀ ਕੋਈ ਅਜਿਹੀ ਸ਼ਖ਼ਸੀਅਤ ਹੋਵੇਗੀ ਜੋ ਇਹ ਹਿਸਾਬ ਲਗਾ ਸਕੇ ਕਿ 'ਸ਼ੁਗਲੀ ਜੁਗਲੀ' ਨੇ ਹੁਣ ਤੱਕ ਕਿੰਨੇ ਗੁੰਮਨਾਮ ਚਿਹਰਿਆਂ ਨੂੰ ਸਫ਼ਲਤਾ ਦੇ ਅਸਮਾਨ 'ਤੇ ਚਮਕਦੇ ਸਿਤਾਰੇ ਬਣਾ ਦਿੱਤਾ ਹੈ। ਇਹ ਜੋੜੀ ਕਿਸੇ 'ਪਾਰਸ' ਪੱਥਰ ਵਰਗੀ ਹੈ, ਜਿਸ ਨੇ ਜਿਸ ਗੁੰਮਨਾਮ ਕੋਲੇ ਨੂੰ ਵੀ ਛੋਹਿਆ, ਉਸ ਨੂੰ ਕੋਹਿਨੂਰ ਹੀਰਾ ਬਣਾ ਦਿੱਤਾ। ਅੱਜ ਪੰਜਾਬੀ ਸੰਗੀਤ, ਸਿਨੇਮਾ ਅਤੇ ਰੰਗਮੰਚ ਵਿੱਚ ਅਨੇਕਾਂ ਅਜਿਹੇ ਨਾਮਵਰ ਗਾਇਕ ਅਤੇ ਕਲਾਕਾਰ ਬੁਲੰਦੀਆਂ 'ਤੇ ਬੈਠੇ ਹਨ, ਜਿਨ੍ਹਾਂ ਦੇ ਸ਼ੁਰੂਆਤੀ ਸੰਘਰਸ਼ ਦੇ ਦਿਨਾਂ ਵਿੱਚ ਇਸ ਜੋੜੀ ਨੇ ਨਿਰਸਵਾਰਥ ਹੋ ਕੇ ਬਾਂਹ ਫੜੀ ਸੀ। ਉਹਨਾਂ ਦੀ ਸਭ ਤੋਂ ਵੱਡੀ ਇਨਸਾਨੀ ਖ਼ੂਬੀ ਇਹ ਹੈ ਕਿ ਉਹਨਾਂ ਨੇ ਕਦੇ ਵੀ ਆਪਣੇ ਇਸ ਪਰਉਪਕਾਰ ਦਾ ਢੰਡੋਰਾ ਨਹੀਂ ਪਿੱਟਿਆ। ਬਿਨਾਂ ਕਿਸੇ ਆਰਥਿਕ ਜਾਂ ਨਿੱਜੀ ਸਵਾਰਥ ਦੇ, ਨਵੀਂ ਪ੍ਰਤਿਭਾ ਦੀ ਮਦਦ ਕਰਨਾ, ਉਹਨਾਂ ਨੂੰ ਆਪਣੇ ਪੱਧਰ 'ਤੇ ਮੰਚ ਅਤੇ ਮੌਕੇ ਮੁਹੱਈਆ ਕਰਵਾਉਣਾ ਅਤੇ ਉਹਨਾਂ ਦੇ ਸੁਪਨਿਆਂ ਨੂੰ ਪਰਵਾਜ਼ ਦੇਣੀ ਇਹਨਾਂ ਦੇ ਸੁਭਾਅ ਦਾ ਸਭ ਤੋਂ ਉੱਤਮ ਹਿੱਸਾ ਰਿਹਾ ਹੈ। ਅੱਜ ਜਦੋਂ ਉਹ ਕਲਾਕਾਰ ਦੇਸ਼ਾਂ-ਵਿਦੇਸ਼ਾਂ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰਦੇ ਹਨ, ਤਾਂ ਉਹਨਾਂ ਦੀ ਸਫ਼ਲਤਾ ਦੀ ਨੀਂਹ ਵਿੱਚ 'ਸ਼ੁਗਲੀ ਜੁਗਲੀ' ਦੀ ਮਿਹਨਤ ਅਤੇ ਦੂਰਅੰਦੇਸ਼ੀ ਸਾਫ਼ ਨਜ਼ਰ ਆਉਂਦੀ ਹੈ।

**ਸਫ਼ਲਤਾ ਦੇ ਅੰਬਰ 'ਤੇ ਉੱਡਦੇ ਹੋਏ ਵੀ ਜ਼ਮੀਨ ਨਾਲ ਜੁੜੇ ਇਨਸਾਨ** : ਅਕਸਰ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਕਲਾਕਾਰ ਨੂੰ ਥੋੜ੍ਹੀ ਜਿਹੀ ਵੀ ਪ੍ਰਸਿੱਧੀ ਮਿਲਦੀ ਹੈ, ਤਾਂ ਹੰਕਾਰ ਉਸ ਦੇ ਸੁਭਾਅ ਦਾ ਹਿੱਸਾ ਬਣ ਜਾਂਦਾ ਹੈ। ਪਰ ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ ਇਸ ਦੇ ਬਿਲਕੁਲ ਉਲਟ ਹਨ। ਅਥਾਹ ਸ਼ੋਹਰਤ, ਦੇਸ਼ਾਂ-ਵਿਦੇਸ਼ਾਂ ਵਿੱਚ ਮਿਲੇ ਅਣਗਿਣਤ ਮਾਣ-ਸਨਮਾਨ ਅਤੇ ਕਰੋੜਾਂ ਪ੍ਰਸ਼ੰਸਕਾਂ ਦਾ ਪਿਆਰ ਹਾਸਲ ਕਰਨ ਦੇ ਬਾਵਜੂਦ ਉਹਨਾਂ ਦੀ ਸਾਦਗੀ ਅਤੇ ਨਿਮਰਤਾ ਮਿਸਾਲੀ ਹੈ। ਉਹ ਅੱਜ ਵੀ ਉਨੇ ਹੀ ਸਹਿਜ, ਨਿਰਮਲ ਅਤੇ ਹਲੀਮੀ ਵਾਲੇ ਇਨਸਾਨ ਹਨ, ਜਿੰਨੇ ਤਿੰਨ ਦਹਾਕੇ ਪਹਿਲਾਂ ਸਨ। ਚਾਹੇ ਕੋਈ ਬਹੁਤ ਵੱਡੀ ਰਾਜਨੀਤਿਕ-ਸਮਾਜਿਕ ਸ਼ਖ਼ਸੀਅਤ ਹੋਵੇ ਜਾਂ ਫਿਰ ਪਿੰਡ ਦਾ ਕੋਈ ਸਧਾਰਨ ਮਜ਼ਦੂਰ ਉਹ ਹਰ ਇੱਕ ਨੂੰ ਉਸੇ ਨਿੱਘ, ਸਤਿਕਾਰ ਅਤੇ ਆਪਣੀ ਚਿਰ-ਪਰਿਚਿਤ ਮੁਸਕਰਾਹਟ ਨਾਲ ਗਲਵਕੜੀ ਪਾ ਕੇ ਮਿਲਦੇ ਹਨ।

**ਪੁਰਾਣੀਆਂ ਯਾਦਾਂ ਦਾ ਸਾਂਝਾ ਸਫ਼ਰ ਅਤੇ ਅਕਾਲ ਪੁਰਖ ਅੱਗੇ ਅਰਦਾਸ** : ਅੱਜ ਚੜ੍ਹਦੀਕਲਾ ਦੇ ਪਟਿਆਲਾ ਸਥਿਤ ਮੁੱਖ ਦਫ਼ਤਰ ਵਿਖੇ ਹੋਈ ਇਹ ਮੁਲਾਕਾਤ ਮੇਰੇ ਲਈ ਸਿਰਫ਼ ਇੱਕ ਰਸਮੀ ਮੁਲਾਕਾਤ ਨਹੀਂ ਸੀ, ਸਗੋਂ ਇਹ ਮੇਰੀ ਜ਼ਿੰਦਗੀ ਦੇ ਸਭ ਤੋਂ ਖ਼ੂਬਸੂਰਤ ਅਧਿਆਏ ਦਾ ਦੁਹਰਾਅ ਸੀ। ਅਸੀਂ ਇੱਕ ਸਾਥ ਬੈਠ ਕੇ ਬੀਤੇ ਸਮੇਂ ਦੇ ਸੰਘਰਸ਼ਾਂ, ਸਾਂਝੀਆਂ ਕਾਮਯਾਬੀਆਂ, ਸਰਕਾਰੀ ਸੇਵਾ ਦੇ ਨਾਲ-ਨਾਲ ਕਲਾ ਦੇ ਖੇਤਰ ਵਿੱਚ ਕੀਤੇ ਵੱਡੇ ਸੰਘਰਸ਼ਾਂ, ਰੰਗਮੰਚ ਦੇ ਪੁਰਾਣੇ ਦਿਨਾਂ ਅਤੇ ਪੰਜਾਬੀ ਮੀਡੀਆ ਤੇ ਕਲਾ ਜਗਤ ਦੇ ਬਦਲਦੇ ਰੂਪਾਂਤਰਣ ਬਾਰੇ ਬੇਹੱਦ ਸਾਰਥਕ ਅਤੇ ਭਾਵੁਕ ਗੱਲਾਂ ਕੀਤੀਆਂ। ਇਹ ਮਿਲਣੀ ਮੇਰੀ ਦੋਸਤੀ ਦੇ ਉਸ ਅਟੁੱਟ ਰਿਸ਼ਤੇ ਦੀ ਗਵਾਹ ਬਣੀ, ਜੋ ਵਕਤ ਦੇ ਹਰ ਥਪੇੜੇ ਨੂੰ ਸਹਿੰਦਾ ਹੋਇਆ ਅੱਜ ਹੋਰ ਵੀ ਮਜ਼ਬੂਤ ਹੋ ਚੁੱਕਾ ਹੈ। ਮੈਂ ਇੱਕ ਸੁਤੰਤਰ ਲੇਖਕ, ਸਮਾਜਿਕ ਚਿੰਤਕ ਅਤੇ ਉਹਨਾਂ ਦੇ ਇੱਕ ਸੱਚੇ ਮਿੱਤਰ ਵਜੋਂ, ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਕੋਟਿ-ਕੋਟਿ ਅਰਦਾਸ ਕਰਦਾ ਹਾਂ ਕਿ ਮੇਰੇ ਬਹੁਤ ਹੀ ਪਿਆਰੇ ਅਤੇ ਖ਼ਾਸ ਮਿੱਤਰ 'ਸ਼ੁਗਲੀ ਜੁਗਲੀ' (ਗੁਰਪ੍ਰੀਤ ਸਿੰਘ ਅਤੇ ਪ੍ਰਭਪ੍ਰੀਤ ਸਿੰਘ) ਦੀ ਇਹ ਅਦੁੱਤੀ ਜੋੜੀ ਹਮੇਸ਼ਾ ਚੜ੍ਹਦੀਕਲਾ ਵਿੱਚ ਰਹੇ, ਤੰਦਰੁਸਤ ਰਹੇ ਅਤੇ ਲੰਮੀ ਉਮਰ ਮਾਣੇ। ਪੰਜਾਬ, ਪੰਜਾਬੀਅਤ, ਸਾਫ਼-ਸੁਥਰੀ ਕਾਮੇਡੀ ਅਤੇ ਮਾਂ-ਬੋਲੀ ਦੀ ਸੇਵਾ ਵਿੱਚ ਪਾਇਆ ਗਿਆ ਉਹਨਾਂ ਦਾ ਇਹ ਇਤਿਹਾਸਕ ਯੋਗਦਾਨ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਇੱਕ ਪ੍ਰੇਰਨਾਦਾਇਕ ਮਾਰਗਦਰਸ਼ਕ ਬਣਿਆ ਰਹੇਗਾ। ਰੱਬ ਕਰੇ, ਸਾਡੀ ਦੋਸਤੀ ਦੀ ਇਹ ਮਹਿਕ ਅਤੇ ਉਹਨਾਂ ਦੇ ਹਾਸਿਆਂ ਦੀ ਇਹ ਸਾਂਝ ਇੰਝ ਹੀ ਦੁਨੀਆ ਭਰ ਵਿੱਚ ਮੁਸਕਰਾਹਟਾਂ ਵੰਡਦੀ ਰਹੇ।

# ਏ.ਡੀ.ਸੀ. ਨੇ ਐਸ.ਆਈ.ਆਰ. ਦੇ ਰਿਵਾਈਜ਼ਡ ਸ਼ੈਡਿਊਲ ਦੀ ਜਾਣਕਾਰੀ ਸਾਂਝੀ ਕੀਤੀ

## ➤ਵੋਟਰ ਸੂਚੀਆਂ ਦੀ ਸੁਧਾਈ ਲਈ 7 ਨੂੰ ਜ਼ਿਲ੍ਹੇ ਭਰ ਦੇ ਬੂਥਾਂ 'ਤੇ ਲੱਗਣਗੇ ਵਿਸ਼ੇਸ਼ ਕੈਂਪ : ਅਨੁਪ੍ਰੀਤਾ ਜੌਹਲ



ਪਟਿਆਲਾ, 3 ਜੂਨ (ਰੁਪਾਣਾ) : ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਨੇ ਅੱਜ ਜ਼ਿਲ੍ਹੇ ਦੀਆਂ ਸਮੂਹ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ.) ਸਬੰਧੀ ਇਕ ਅਹਿਮ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਨੇ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਐਸ. ਆਈ. ਆਰ. ਦੇ ਰਿਵਾਈਸਡ ਸ਼ੈਡਿਊਲ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਅਤੇ ਰਾਜਸੀ ਪਾਰਟੀਆਂ ਨੂੰ ਆਪਣੇ-ਆਪਣੇ ਬੂਥ ਲੈਵਲ ਏਜੰਟ (ਬੀ.ਐਲ.ਏ) ਨਿਯੁਕਤ ਕਰਨ ਲਈ ਪ੍ਰੇਰਿਤ ਕੀਤਾ। ਮੀਟਿੰਗ ਦੌਰਾਨ ਅਨੁਪ੍ਰਿਤਾ ਜੌਹਲ ਨੇ ਸਮੂਹ ਯੋਗ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਨੂੰ ਲੋੜੀਂਦੀ ਜਾਣਕਾਰੀ ਅਤੇ ਦਸਤਾਵੇਜ਼ ਸਮੇਂ ਸਿਰ ਉਪਲਬਧ ਕਰਵਾਉਣ ਤਾਂ ਜੋ ਵੋਟਰ ਸੂਚੀਆਂ ਦੀ ਸੁਧਾਈ ਦਾ ਕੰਮ ਸੁਚਾਰੂ ਢੰਗ ਨਾਲ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੈਂਡਿੰਗ ਵੋਟਰ ਮੈਪਿੰਗ ਦੇ ਅਧੂਰੇ ਕੰਮ ਨੂੰ ਮੁਕੰਮਲ ਕਰਨ ਲਈ 7 ਜੂਨ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਜ਼ਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਨ੍ਹਾਂ ਕੈਂਪਾਂ ਦੌਰਾਨ ਬੀ.ਐਲ.ਓਜ਼ ਆਪਣੇ-ਆਪਣੇ ਬੂਥਾਂ 'ਤੇ ਮੌਜੂਦ ਰਹਿਣਗੇ ਅਤੇ ਵੋਟਰਾਂ ਨਾਲ ਸਬੰਧਤ ਜਾਣਕਾਰੀ ਇਕੱਠੀ ਕਰਨਗੇ। ਉਨ੍ਹਾਂ ਨੇ ਰਾਜਸੀ ਪਾਰਟੀਆਂ ਵੱਲੋਂ ਨਿਯੁਕਤ ਕੀਤੇ ਜਾਣ ਵਾਲੇ ਬੀ.ਐਲ.ਏਜ਼ ਨੂੰ ਵੀ ਅਪੀਲ ਕੀਤੀ ਕਿ ਉਹ ਘਰ-ਘਰ ਜਾ ਕੇ ਮ੍ਰਿਤਕ, ਸ਼ਿਫਟ ਹੋ ਚੁੱਕੇ ਜਾਂ ਵੋਟਰ ਸੂਚੀ ਤੋਂ ਬਾਹਰ ਹੋ ਚੁੱਕੇ ਵੋਟਰਾਂ ਦੀ ਸਹੀ ਅਤੇ ਅਪਡੇਟ ਸੂਚੀ ਤਿਆਰ ਕਰਨ ਅਤੇ ਇਹ ਜਾਣਕਾਰੀ ਬੀ.ਐਲ.ਓਜ਼ ਕੋਲ ਜਮ੍ਹਾਂ ਕਰਵਾਉਣ। ਇਸ ਨਾਲ ਵੋਟਰ ਸੂਚੀਆਂ ਨੂੰ ਹੋਰ ਵਧੇਰੇ ਸ਼ੁੱਧ ਅਤੇ ਭਰੋਸੇਯੋਗ ਬਣਾਉਣ ਵਿੱਚ ਮਦਦਮਿਲੇਗੀ। ਅਨੁਪ੍ਰਿਤਾ ਜੌਹਲ ਨੇ ਕਿਹਾ ਕਿ ਆਉਣ ਵਾਲੀ ਵਿਸ਼ੇਸ਼ ਗਹਿਰੀ ਸੁਧਾਈ ਪ੍ਰਕਿਰਿਆ ਵਿੱਚ ਸਾਰੀਆਂ ਰਾਜਸੀ ਪਾਰਟੀਆਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਇਹ ਕਾਰਜ ਪੂਰੀ ਪਾਰਦਰਸ਼ਤਾ, ਨਿਰਪੱਖਤਾ ਅਤੇ ਸੁਚੱਜੇ ਢੰਗ ਨਾਲ ਕੀਤਾ ਜਾਣਾ ਹੈ, ਜਿਸ ਲਈ ਸਾਰੀਆਂ ਪਾਰਟੀਆਂ ਦਾ ਸਹਿਯੋਗ ਲਾਜ਼ਮੀ ਹੈ। ਮੀਟਿੰਗ ਦੌਰਾਨ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਵੋਟਰ ਸੂਚੀਆਂ ਦੀ ਸੁਧਾਈ ਪ੍ਰਕਿਰਿਆ ਨੂੰ ਸਫ਼ਲ ਬਣਾਉਣ ਲਈ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਇਸ ਮੌਕੇ ਚੋਣ ਤਹਿਸੀਲਦਾਰ ਵਿਜੇ ਚੌਧਰੀ, ਆਮ ਆਦਮੀ ਪਾਰਟੀ ਤੋਂ ਰਜਿੰਦਰ ਮੋਹਨ, ਕਾਂਗਰਸ ਪਾਰਟੀ ਤੋਂ ਮਹਿੰਦਰ ਸਿੰਘ ਤੇ ਗੁਰਸੇਵਕ ਸਿੰਘ, ਸ਼੍ਰੋਮਣੀ ਅਕਾਲੀ ਦਲ ਤੋਂ ਅਨਮੋਲਦੀਪ ਸਿੰਘ ਤੇ ਕੁਲਬੀਰ ਸਿੰਘ, ਹਿੰਦੁਸਤਾਨ ਸ਼ਕਤੀ ਸੇਨਾ ਤੋਂ ਰਿੰਕੂ ਭਾਰਦਵਾਜ ਅਤੇ ਹੋਰ ਰਾਜਸੀ ਪਾਰਟੀਆਂ ਦੇ ਆਗੂ ਮੌਜੂਦ ਸਨ।

# ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਰਾਜਵੰਤ ਕੌਰ ਘੜਾਮ ਇਸਤਰੀ ਵਿੰਗ ਪੰਜਾਬ ਦੇ ਮੀਤ ਪ੍ਰਧਾਨ ਨਿਯੁਕਤ



ਦੇਵੀਗੜ੍ਹ, 3 ਜੂਨ, (ਗੁਰਜੀਤ ਸਿੰਘ ਢੋਟ) : ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗੀ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਹੋਰ ਵੀ ਜ਼ਿੰਮੇਵਾਰੀ ਵੱਧ ਗਈ ਹੈ ਜਿਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬੀਬੀ ਰਾਜਵੰਤ ਕੌਰ ਘੜਾਮ ਵੱਲੋਂ ਪੰਜਾਬ ਮੀਤ ਪ੍ਰਧਾਨ ਦੀ ਨਿਯੁਕਤੀ ਹੋਣ 'ਤੇ ਚੜ੍ਹਦੀਕਲਾ ਦੇ ਪ੍ਰਤੀਨਿਧੀ ਨਾਲ ਗੱਲਬਾਤ ਦੌਰਾਨ ਕੀਤਾ। ਉਹਨਾਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੀ ਸਮੁੱਚੀ ਜਥੇਬੰਦੀ ਅਤੇ ਬਾਪੂ ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ ਅਤੇ ਸਮੁੱਚੀ ਲੀਡਰਸਿਪ ਵੱਲੋਂ ਹਲਕਾ ਸਨੌਰ ਤੋਂ ਬੀਬੀ ਰਾਜਵੰਤ ਕੌਰ ਘੜਾਮ ਨੂੰ ਇਸਤਰੀ ਵਿੰਗ ਪੰਜਾਬ ਦਾ ਮੀਤ ਪ੍ਰਧਾਨ ਨਿਯੁਕਤ ਕਰਕੇ ਇਕ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਬੀਬੀ ਰਾਜਵੰਤ ਕੌਰ ਘੜਾਮ ਨੇ ਕਿਹਾ ਕਿ ਉਹ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸਮੁੱਚੀ ਲੀਡਰਸਿਪ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਮੈਨੂੰ ਅਕਾਲੀ ਦਲ ਵਾਰਿਸ ਪੰਜਾਬ ਦੇ ਇਸਤਰੀ ਵਿੰਗ ਦਾ ਮੀਤ ਪ੍ਰਧਾਨ ਬਣਾ ਕੇ ਮਾਣ ਬਖਸ਼ਿਆ। ਉਹਨਾਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਇਸ ਜ਼ਿੰਮੇਵਾਰੀ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਨੂੰ ਮਜਬੂਤ ਕਰਨ ਲਈ ਹੋਰ ਦਿਨ ਰਾਤ ਕੰਮ ਕਰਨਗੇ। ਉਹਨਾਂ ਕਿਹਾ ਕਿ ਉਹ ਪੰਜਾਬ ਦੇ ਘਰ-ਘਰ ਜਾਣਗੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਵੱਡੇ ਪੱਧਰ ਤੇ ਲੋਕਾਂ ਤੱਕ ਪਹੁੰਚਾਉਣਗੇ। ਇਸ ਮੌਕੇ ਉਹਨਾਂ ਬਾਪੂ ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਚਾਚਾ ਪਲਵਿੰਦਰ ਸਿੰਘ, ਪਰਮਜੀਤ ਸਿੰਘ ਜੌਹਲ, ਸੁਖਦੇਵ ਸਿੰਘ ਕਾਦੀਆਂ (ਯੂਥ ਪ੍ਰਧਾਨ ਪੰਜਾਬ) ਅਮਰਜੀਤ ਸਿੰਘ ਵਨਝੇੜੀ, ਹਰਭਜਨ ਸਿੰਘ ਤੁੜ ਦਾ ਵਿਸੇਸ ਧੰਨਵਾਦ ਕੀਤਾ। ਇਸ ਮੌਕੇ ਉਹਨਾਂ ਨਾਲ ਜੈ ਸਿੰਘ ਘੜਾਮ, ਗੁਰਨਾਮ ਸਿੰਘ ਘੜਾਮ, ਤਸਵੀਰ ਸਿੰਘ ਮਾਹੜੂ, ਬਿੰਦਰ ਸਿੰਘ ਬੱਤੀ, ਜਸਵੀਰ ਸਿੰਘ ਘੜਾਮ, ਕੁਲਵੰਤ ਸਿੰਘ ਚੂੰਹਟ, ਵਰਿੰਦਰ ਸਿੰਘ ਮਸੀਂਗਣ, ਦੀਦਾਰ ਸਿੰਘ ਘੜਾਮ, ਲਖਵਿੰਦਰ ਸਿੰਘ ਮਸੀਂਗਣ, ਸੂਬਾ ਸਿੰਘ ਨੌਗਾਵਾਂ ਅਤੇ ਗੁਰਭੇਜ ਸਿੰਘ ਚੂੰਹਟ ਨਾਲ ਮੌਜੂਦ ਸਨ।

# ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ ਸਬੰਧੀ ਜ਼ਿਲ੍ਹੇ ਦੀਆਂ ਸਮੂਹ ਰਾਜਨੀਤਿਕ ਪਾਰਟੀਆਂ ਨਾਲ ਡੀ.ਸੀ. ਦੀ ਮੀਟਿੰਗ



ਮਲੇਰਕੋਟਲਾ, 3 ਜੂਨ (ਬਲਜੀਤ ਸਿੰਘ ਟਿੱਬਾ) : ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ, ਪੰਜਾਬ ਦੀਆਂ ਹਦਾਇਤਾਂ ਤਹਿਤ ਚੱਲ ਰਹੀ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ (ਐਸ. ਆਈ. ਆਰ.)-2026 ਮੁਹਿੰਮ ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਜ਼ਿਲ੍ਹੇ ਦੀਆਂ ਸਮੂਹ ਮਾਨਤਾ ਪ੍ਰਾਪਤ ਅਤੇ ਰਜਿਸਟਰਡ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਐਸ.ਆਈ.ਆਰ.-2026 ਦੀ ਪ੍ਰਗਤੀ, ਵਿਸ਼ੇਸ਼ ਵੋਟਰ ਮੈਪਿੰਗ ਮੁਹਿੰਮ ਅਤੇ ਸੋਧੇ ਹੋਏ ਰਿਵੀਜ਼ਨ ਸ਼ਡਿਊਲ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਰਾਜਦੀਪ ਸਿੰਘ ਬਰਾੜ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ 7 ਜੂਨ 2026 (ਐਤਵਾਰ) ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਜ਼ਿਲ੍ਹੇ ਦੇ ਸਮੂਹ ਪੋਲਿੰਗ ਬੂਥਾਂ 'ਤੇ ਵਿਸ਼ੇਸ਼ ਵੋਟਰ ਮੈਪਿੰਗ ਕੈਂਪ ਲਗਾਏ ਜਾਣਗੇ। ਇਨ੍ਹਾਂ ਕੈਂਪਾਂ ਦਾ ਉਦੇਸ਼ ਸਾਲ 2003 ਦੀ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਨੂੰ ਮੌਜੂਦਾ ਸਾਲ 2025 ਦੀ ਵੋਟਰ ਸੂਚੀ ਨਾਲ ਮੈਪ ਕਰਕੇ ਵੋਟਰ ਡਾਟਾ ਨੂੰ ਹੋਰ ਸ਼ੁੱਧ, ਸਹੀ ਅਤੇ ਅੱਪਡੇਟ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਨੂੰ ਅਨ-ਮੈਪਡ ਵੋਟਰਾਂ ਦੀਆਂ ਸੂਚੀਆਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ। ਕੈਂਪ ਦੌਰਾਨ ਬੀ.ਐਲ.ਓਜ਼.ਆਪਣੇ-ਆਪਣੇ ਬੂਥਾਂ 'ਤੇ ਬੂਥ ਲੈਵਲ ਏਜੰਟਾਂ (ਬੀ.ਐਲ.ਏਜ਼) ਦੇ ਸਹਿਯੋਗ ਨਾਲ ਮੈਪਿੰਗ ਕਾਰਜ ਨੂੰ ਅੰਜ਼ਾਮ ਦੇਣਗੇ। ਇਸ ਲਈ ਸਮੂਹ ਰਾਜਨੀਤਿਕ ਪਾਰਟੀਆਂ ਆਪਣੇ ਬੀ.ਐਲ.ਏਜ਼ ਦੀ ਨਿਯੁਕਤੀ ਯਕੀਨੀ ਬਣਾਉਣ ਅਤੇ ਕੈਂਪ ਦੌਰਾਨ ਬੀ.ਐਲ.ਓਜ਼ ਨੂੰ ਪੂਰਾ ਸਹਿਯੋਗ ਦੇਣ। ਵਿਰਾਜ ਐਸ. ਤਿੜਕੇ ਨੇ ਦੱਸਿਆ ਕਿ ਪ੍ਰੀ-ਐਸ.ਆਈ.ਆਰ. ਮੈਪਿੰਗ ਤਹਿਤ ਜ਼ਿਲ੍ਹੇ ਦੇ 3,25,235 ਵੋਟਰਾਂ ਵਿੱਚੋਂ 2,91,059 ਵੋਟਰਾਂ ਦੀ ਮੈਪਿੰਗ ਕੀਤੀ ਜਾ ਚੁੱਕੀ ਹੈ, ਜੋ ਕਿ ਕੁੱਲ ਵੋਟਰਾਂ ਦਾ 89.49 ਫੀਸਦੀ ਬਣਦਾ ਹੈ। ਉਨ੍ਹਾਂ ਸਮੂਹ ਵੋਟਰਾਂ, ਬੀ.ਐਲ.ਏਜ਼ ਅਤੇ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ 7 ਜੂਨ ਨੂੰ ਆਪਣੇ-ਆਪਣੇ ਬੂਥਾਂ 'ਤੇ ਪਹੁੰਚ ਕੇ ਇਸ ਲੋਕਤੰਤਰੀ ਪ੍ਰਕਿਰਿਆ ਨੂੰ ਸਫਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।ਮੀਟਿੰਗ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਨੇ ਰਾਜਨੀਤਿਕ ਪਾਰਟੀਆਂ ਨੂੰ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ-2026 ਦੇ ਸੋਧੇ ਹੋਏ ਸ਼ਡਿਊਲ ਬਾਰੇ ਵੀ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀ ਦੇ ਖਰੜੇ ਦਾ ਪ੍ਰਕਾਸ਼ਨ ਹੁਣ 31 ਜੁਲਾਈ ਦੀ ਬਜਾਏ 3 ਅਗਸਤ 2026 ਨੂੰ ਕੀਤਾ ਜਾਵੇਗਾ। ਇਸੇ ਤਰ੍ਹਾਂ ਦਾਅਵਿਆਂ ਅਤੇ ਇਤਰਾਜ਼ਾਂ ਦੀ ਮਿਆਦ 3 ਅਗਸਤ ਤੋਂ 2 ਸਤੰਬਰ 2026 ਤੱਕ ਰਹੇਗੀ, ਜਦਕਿ ਦਾਅਵਿਆਂ ਅਤੇ ਇਤਰਾਜ਼ਾਂ ਦੇ ਨੋਟਿਸ ਅਤੇ ਨਿਪਟਾਰੇ ਦੀ ਪ੍ਰਕਿਰਿਆ 3 ਅਗਸਤ ਤੋਂ 28 ਸਤੰਬਰ 2026 ਤੱਕ ਚੱਲੇਗੀ। ਉਨ੍ਹਾਂ ਦੱਸਿਆ ਕਿ ਬਾਕੀ ਸਾਰੀਆਂ ਗਤੀਵਿਧੀਆਂ ਪਹਿਲਾਂ ਜਾਰੀ ਕੀਤੇ ਗਏ ਸ਼ਡਿਊਲ ਅਨੁਸਾਰ ਹੀ ਜਾਰੀ ਰਹਿਣਗੀਆਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਤਰਲੋਚਨ ਸਿੰਘ, ਪ੍ਰਧਾਨ ਬੀ.ਜੇ.ਪੀ ਵਿਸ਼ਾਲ, ਆਦਮੀ ਪਾਰਟੀ ਤੋਂ ਵਿਸ਼ਾਲ, ਸੀ.ਪੀ.ਆਈ.(ਐਮ) ਤੋਂ ਮੁਹੰਮਦ ਹਲੀਮ, ਬੀ.ਐਸ.ਪੀ ਤੋਂ ਓਮ ਪ੍ਰਕਾਸ਼, ਕਾਂਗਰਸ ਤੋਂ ਮੁਹੰਮਦ ਤਾਰੀਰ, ਚੋਣ ਤਹਿਸੀਲਦਾਰ ਬ੍ਰਿਜ ਮੋਹਨ, ਮਨਪ੍ਰੀਤ ਸਿੰਘ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਹੋਰ ਨੁਮਾਇੰਦੇ ਹਾਜ਼ਰ ਸਨ।

# ਚੋਰੀ ਦੀਆਂ ਗੱਡੀਆਂ ਦਾ ਨਾਜਾਇਜ਼ ਕਾਰੋਬਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 3 ਜੂਨ (ਵਿਜੇ ਕੁਮਾਰ) : ਥਾਣਾ ਸਿਟੀ ਪੁਲਿਸ ਨੇ ਚੋਰੀ ਦੀਆਂ ਗੱਡੀਆਂ ਦੇ ਨਾਜਾਇਜ਼ ਕਾਰੋਬਾਰ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਇੱਕ ਮੁਲਜ਼ਮ ਵਿਰੁੱਧ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇੱਕ ਵਿਅਕਤੀ ਚੋਰੀ ਦੀਆਂ ਗੱਡੀਆਂ ਦੇ ਇੰਜਣ ਅਤੇ ਚੈਸੀ ਨੰਬਰ ਬਦਲ ਕੇ ਉਨ੍ਹਾਂ 'ਤੇ ਫਰਜ਼ੀ ਨੰਬਰ ਪਲੇਟਾਂ ਲਗਾ ਕੇ ਵੇਚਣ ਦਾ ਧੰਦਾ ਕਰਦਾ ਹੈ। ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਬਲਕਾਰ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੌਰਾਨ ਸਮਾਣਾ-ਹਿਸਾਰ ਰੋਡ 'ਤੇ ਸਥਿਤ 'ਸਰੂਪ ਵ੍ਹਾਈਟ ਹਾਊਸ' ਨੇੜੇ ਮੌਜੂਦ ਸਨ। ਇਸੇ ਦੌਰਾਨ ਉਨ੍ਹਾਂ ਨੂੰ ਇੱਕ ਭਰੋਸੇਯੋਗ ਮੁਖ਼ਬਰ ਤੋਂ ਸੂਚਨਾ ਮਿਲੀ ਕਿ ਹੇਮਰਾਜ ਪੁੱਤਰ ਸਤੀਸ਼ ਕੁਮਾਰ ਵਾਸੀ ਘੁਮਿਆਰਾ ਮੁਹੱਲਾ, ਥਾਣਾ ਸਿਟੀ ਸਮਾਣਾ ਚੋਰੀ ਦੀਆਂ ਗੱਡੀਆਂ ਦੀ ਖਰੀਦੋ-ਫਰੋਖ਼ਤ ਦੇ ਨਾਜਾਇਜ਼ ਕਾਰੋਬਾਰ ਵਿੱਚ ਸ਼ਾਮਲ ਹੈ। ਮੁਲਜ਼ਮ ਕਥਿਤ ਤੌਰ 'ਤੇ ਦੂਜੇ ਰਾਜਾਂ ਤੋਂ ਚੋਰੀ ਕੀਤੀਆਂ ਗੱਡੀਆਂ ਦੇ ਇੰਜਣ ਅਤੇ ਚੈਸੀ ਨੰਬਰ ਬਦਲ ਕੇ ਉਨ੍ਹਾਂ 'ਤੇ ਜਾਲੀ ਨੰਬਰ ਪਲੇਟਾਂ ਲਗਾਉਂਦਾ ਸੀ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਵੇਚ ਦਿੰਦਾ ਸੀ। ਪੁਲਿਸ ਨੇ ਮੁਖ਼ਬਰ ਦੀ ਸੂਚਨਾ ਦੇ ਅਧਾਰ 'ਤੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਾਮਲੇ ਵਿੱਚ ਅਗਲੇਰੀ ਕਾਰਵਾਈ ਕਰਦਿਆਂ ਪੁਲਿਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਮੁਲਜ਼ਮ ਦੇ ਨੈੱਟਵਰਕ ਵਿੱਚ ਹੋਰ ਕੌਣ-ਕੌਣ ਲੋਕ ਸ਼ਾਮਲ ਹਨ ਅਤੇ ਹੁਣ ਤੱਕ ਕਿੰਨੀਆਂ ਚੋਰੀ ਦੀਆਂ ਗੱਡੀਆਂ ਨੂੰ ਇਸ ਤਰੀਕੇ ਨਾਲ ਵੇਚਿਆ ਜਾ ਚੁੱਕਾ ਹੈ। ਥਾਣਾ ਸਿਟੀ ਸਮਾਣਾ ਪੁਲਿਸ ਨੇ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਜਾਰੀ ਹੈ ਅਤੇ ਜਲਦੀ ਹੀ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਪੰਜਾਬ ਦੇ ਚੇਅਰਮੈਨ ਮਲਕੀਤ ਥਿੰਦ 5 ਨੂੰ ਮਲੇਰਕੋਟਲਾ ਦੌਰੇ 'ਤੇ

ਮਲੇਰਕੋਟਲਾ, 3 ਜੂਨ (ਬਲਜੀਤ ਸਿੰਘ ਟਿੱਬਾ): ਪੰਜਾਬ ਰਾਜ ਪਿਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਮਲਕੀਤ ਥਿੰਦ 5 ਜੂਨ 2026 ਨੂੰ ਮਾਲੇਰਕੋਟਲਾ ਜ਼ਿਲ੍ਹੇ ਦੇ ਦੌਰੇ 'ਤੇ ਆ ਰਹੇ ਹਨ। ਆਪਣੇ ਦੌਰੇ ਦੌਰਾਨ ਉਹ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਕਾਰਜ ਸਾਧਕ ਅਫ਼ਸਰ, ਮਿਊਂਸੀਪਲ ਕਮੇਟੀ ਮਾਲੇਰਕੋਟਲਾ ਦੇ ਦਫ਼ਤਰ ਸਥਿਤ ਮੀਟਿੰਗ ਹਾਲ ਵਿਖੇ ਮੀਟਿੰਗ ਕਰਕੇ ਪਿਛੜੀਆਂ ਸ਼੍ਰੇਣੀਆਂ ਦੇ ਕਲਿਆਣ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਰਕਾਰੀ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣਗੇ। ਪਿਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਬੁਲਾਰੇ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਚੇਅਰਮੈਨ ਮਲਕੀਤ ਥਿੰਦ ਦਾ ਇਹ ਦੌਰਾ ਪਿਛੜੇ ਵਰਗਾਂ ਦੀ ਭਲਾਈ ਅਤੇ ਉਨ੍ਹਾਂ ਨਾਲ ਸਬੰਧਤ ਮੁੱਦਿਆਂ ਦੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕੀਤਾ ਜਾ ਰਿਹਾ ਹੈ। ਇਸ ਦੌਰਾਨ ਉਹ ਓ.ਬੀ.ਸੀ. ਐਸੋਸੀਏਸ਼ਨਾਂ ਅਤੇ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਵੀ ਮੁਲਾਕਾਤ ਕਰ ਸਕਦੇ ਹਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ, ਸੁਝਾਵਾਂ ਅਤੇ ਮੰਗਾਂ ਬਾਰੇ ਜਾਣਕਾਰੀ ਹਾਸਲ ਕਰਨਗੇ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਓ.ਬੀ.ਸੀ. ਭਾਈਚਾਰੇ ਨੂੰ ਜਾਰੀ ਕੀਤੇ ਜਾਣ ਵਾਲੇ ਸਰਟੀਫਿਕੇਟਾਂ, ਭਲਾਈ ਸਕੀਮਾਂ ਦੀ ਪਹੁੰਚ, ਸਰਕਾਰੀ ਸਹੂਲਤਾਂ ਦੀ ਉਪਲਬਧਤਾ ਅਤੇ ਹੋਰ ਜ਼ਮੀਨੀ ਪੱਧਰ ਦੇ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਚੇਅਰਮੈਨ ਮਲਕੀਤ ਥਿੰਦ 5 ਜੂਨ ਨੂੰ ਸਵੇਰੇ 11 ਵਜੇ ਕਾਰਜ ਸਾਧਕ ਅਫ਼ਸਰ, ਮਿਊਂਸੀਪਲ ਕਮੇਟੀ ਮਾਲੇਰਕੋਟਲਾ ਦੇ ਦਫ਼ਤਰ ਸਥਿਤ ਮੀਟਿੰਗ ਹਾਲ ਵਿੱਚ ਪਹੁੰਚਣਗੇ, ਜਿੱਥੇ ਉਹ ਅਧਿਕਾਰੀਆਂ ਅਤੇ ਓ.ਬੀ.ਸੀ. ਭਾਈਚਾਰੇ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਨਗੇ।



# ਪੰਜਾਬ ਸਰਕਾਰ — ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ/ ਬੰਦ ਹੋਣ ਦੀ ਮਿਤੀ | ਰਕਮ/ ਈ.ਐਮ.ਡੀ. (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਕੰਢੀ ਏਰੀਆ ਡੈਮ ਰੱਖ-ਰਖਾਅ ਡਿਵੀਜ਼ਨ ਨੰ.2 ਡਬਲਯੂਆਰਡੀ, ਹੁਸ਼ਿਆਰਪੁਰ | ਢੋਲਬਾਹਾ ਨਹਿਰ ਕਲੋਨੀ ਹੁਸ਼ਿਆਰਪੁਰ ਵਿੱਚ ਤਾਰਾਂ ਦੀ ਵਾੜ ਅਤੇ ਸੀਮਾ ਦੀਵਾਰ ਲਈ ਅਨੁਮਾਨ | 01/06/2026 16/06/2026 | 7.70 ਹਜ਼ਾਰ | 7889088146 eekad2.dwr.hsp@punjab.gov.in |
| 2. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਮੁਕੇਰੀਆਂ (ਹੁਸ਼ਿਆਰਪੁਰ) | FDR ਤਕਨਾਲੋਜੀ ਪੈਕੇਜ ਨੰਬਰ P2-07-0316, P2-07-0317 ਅਤੇ P2-07-0320 ਅਧੀਨ PMGSY-III (ਬੈਚ-III) ਅਧੀਨ ਬਲਾਕ ਹਾਜੀਪੁਰ, ਮੁਕੇਰੀਆਂ ਅਤੇ ਟਾਂਡਾ ਵਿੱਚ ਵੱਖ-ਵੱਖ ਲਿੰਕ ਸੜਕਾਂ ਦਾ ਨਵੀਨੀਕਰਨ। | 01/06/2026 15/06/2026 | 58.48 ਲੱਖ | 9855575543 eecdmukpwdpb@gmail.com |
| 3. | ਮੰਡਲ ਭੂਮੀ ਸੰਭਾਲ ਦਫ਼ਤਰ, ਜਲੰਧਰ | DAC ਕੰਪਲੈਕਸ ਜਲੰਧਰ ਵਿਖੇ ਛੱਤ ਉੱਤੇ ਮੀਂਹ ਦੇ ਪਾਣੀ ਦੀ ਸੰਭਾਲ ਪ੍ਰਣਾਲੀ ਦੀ ਸਥਾਪਨਾ ਅਤੇ ਪਿੰਡ ਖੁਸਰੋਪੁਰ ਤਹਿ ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ UGPL ਪਾਈਪਲਾਈਨ RCC 200mm ਵਿਛਾਉਣਾ। | 01/06/2026 08/06/2026 | 14.06 ਹਜ਼ਾਰ | 9814770784 dsco.dswc.jalandhar@punjab.gov.in |
| 4. | ਕਾਰਜਕਾਰੀ ਇੰਜੀਨੀਅਰ, ਤਲਵਾੜਾ ਨਹਿਰ ਡਿਵੀਜ਼ਨ, ਜਲ ਸਰੋਤ ਵਿਭਾਗ; ਤਲਵਾੜਾ (ਹੁਸ਼ਿਆਰਪੁਰ) | ਸ਼ਾਹ ਨਹਿਰ ਬੈਰਾਜ ਗੇਟਾਂ ਦੇ ਹੇਠਾਂ ਵੱਲ ਲਚਕਦਾਰ ਐਪਰਨ ਦੀ ਮੁਰੰਮਤ। | 01/06/2026 15/06/2026 | 2.49 ਲੱਖ | 7888890105 snhwdtalwara@gmail.com |
| 5. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਫਾਜ਼ਿਲਕਾ | ਜੁਡੀਸ਼ੀਅਲ ਕੋਰਟ ਕੰਪਲੈਕਸ ਫਾਜ਼ਿਲਕਾ / ਜਲਾਲਾਬਾਦ (14ਵੀਂ FC ਅਧੀਨ) ਵਿੱਚ ਨਵਾਂ ਏਅਰ ਕੰਡੀਸ਼ਨਰ ਪ੍ਰੋਵਿੰਸ ਅਤੇ ਇੰਸਟਾਲ ਕਰਨਾ | 04/06/2026 11/06/2026 | 23.35 ਹਜ਼ਾਰ | 9872621888 eedivdwss.fazilka@punjab.gov.in |
| 6. | ਡਿਪਟੀ ਕਮਿਸ਼ਨਰ ਸਟੇਟ ਟੈਕਸ, ਫਿਰੋਜ਼ਪੁਰ ਡਿਵੀਜ਼ਨ, ਫਿਰੋਜ਼ਪੁਰ | ACST ਮੁਕਤਸਰ ਲਈ 2 ਵਾਹਨਾਂ ਲਈ 3 ਨਿੱਜੀ ਵਾਹਨ, ACST ਮੋਗਾ ਲਈ 1 ਵਾਹਨ ਦੀ ਨਿਯੁਕਤੀ। | 05/06/2026 16/06/2026 | 10.00 ਹਜ਼ਾਰ | 8054007201 detcfzr@punjab.gov.in |
| 7. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਜਲੰਧਰ ਛਾਉਣੀ | ਸ਼ਹਿਰੀ ਜਾਇਦਾਦ ਫੇਜ਼ 2 ਜਲੰਧਰ ਤੋਂ ਜਲੰਧਰ ਨਕੋਦਰ ਸੜਕ (ਜੋੜਕ 28) ਦੀ ਮੁਰੰਮਤ/ਅੱਪਗ੍ਰੇਡ (ਭਾਰੀ ਬਾਰਿਸ਼/ਹੜ੍ਹਾਂ ਕਾਰਨ ਨੁਕਸਾਨ) | 02/06/2026 15/06/2026 | 37.80 ਹਜ਼ਾਰ | 9814646101 EEPDJALPWDPB@GMAIL.COM |
| 8. | ਕਾਰਜਕਾਰੀ ਇੰਜੀਨੀਅਰ, ਸੂਬਾਈ ਮੰਡਲ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਮਾਨਸਾ | ਜੁਡੀਸ਼ੀਅਲ ਕੋਰਟ ਕੰਪਲੈਕਸ, ਸਰਦੂਲਗੜ੍ਹ ਵਿੱਚ ਸਰਕਾਰੀ ਰਿਹਾਇਸ਼ (ਕੋਠੀ ਨੰਬਰ 1 ਅਤੇ ਕੋਠੀ ਨੰਬਰ 2) ਦੀ ਮੁਰੰਮਤ | 01/06/2026 08/06/2026 | 27.34 ਹਜ਼ਾਰ | 8054588001 xen.mansa@gmail.com |
| 9. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਸ੍ਰੀ ਮੁਕਤਸਰ ਸਾਹਿਬ | ਡਾ. ਬੀ.ਆਰ. ਅੰਬੇਡਕਰ ਭਵਨ (ਵਾਧੂ ਕੰਮ), ਸ੍ਰੀ ਮੁਕਤਸਰ ਸਾਹਿਬ ਦੀ ਮੁਰੰਮਤ। | 02/06/2026 12/06/2026 | 94.28 ਹਜ਼ਾਰ | 9888706887 eecdmuktsarpwdpb@gmail.com |
| 10. | ਕਾਰਜਕਾਰੀ ਇੰਜੀਨੀਅਰ, ਬਿਸਤ ਦੋਆਬ ਡਿਵੀਜ਼ਨ, ਜਲੰਧਰ | ਕੰਕਰੀਟ ਲਾਈਨਿੰਗ, ਨਵਾਂ ਗੇਟ ਅਤੇ ਗੇਅਰਿੰਗ ਸਿਸਟਮ, ਐਸਕੇਪ ਸਟ ?ਰਕਚਰ, ਕਰਾਸ ਰੈਗੂਲੇਟਰ ਅਤੇ ਪੁਲਾਂ ਦੁਆਰਾ ਇਬਨ ਮਾਈਨਰ ਦਾ ਪੁਨਰਵਾਸ (ਸਮਝੌਤੇ ਦੇ ਆਧਾਰ 'ਤੇ 1 ਅਤੇ 10 ਨੰਬਰ ਕੰਮ ਅਤੇ ਵਰਕ ਆਰਡਰ ਦੇ ਆਧਾਰ 'ਤੇ 11 ਅਤੇ 12 ਨੰਬਰ ਕੰਮ ਤੋਂ ਬਾਅਦ) | 01/06/2026 08/06/2026 | 7.62 ਲੱਖ | 8146818685 xenbddcanal@gmail.com |
| 11. | ਕਾਰਜਕਾਰੀ ਇੰਜੀਨੀਅਰ, ਸੂਬਾਈ ਮੰਡਲ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਫਰੀਦਕੋਟ | ਖੇਤੀਬਾੜੀ ਦਫ਼ਤਰ ਕੰਪਲੈਕਸ ਫਰੀਦਕੋਟ ਵਿੱਚ ਖਾਦ ਜਾਂਚ ਪ੍ਰਯੋਗਸ਼ਾਲਾ ਦਾ ਨਵੀਨੀਕਰਨ | 01/06/2026 11/06/2026 | 63.31 ਹਜ਼ਾਰ | 9888706887 eepdfdtpwdpb@gmail.com |
| 12. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਬਠਿੰਡਾ | 1. ਪਿੰਡ ਮਲਕਾਣਾ, ਸੇਖਪੁਰਾ (ਤਲਵੰਡੀ ਸਾਬੋ), ਚੱਕ ਰੁਲਦੂ ਸਿੰਘ ਵਾਲਾ (ਸੰਗਤ) ਵਿਖੇ 113 ਵਜੋਂ SHC ਦੀ ਨਵੀਂ ਇਮਾਰਤ ਦਾ ਨਿਰਮਾਣ 2. DMF ਅਧੀਨ ਸਰਦਾਰ ਹਰਫੂਲ ਸਿੰਘ ਬਰਾੜ ਦੇ ਘਰ ਤੱਕ LR ਮਹਿਮਾ ਸਰਜਾ ਮੁੱਖ ਸੜਕ ਦੀ ਨਵੀਂ ਉਸਾਰੀ। | 02/06/2026 10/06/2026 | 2.91 ਲੱਖ | 9888566783 xenc2bti@gmail.com |
| 13. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਖੰਨਾ (ਲੁਧਿਆਣਾ) | WSS ਸਕੀਮ ਹਸਨਪੁਰ, ਗੁਰੂਗੜ੍ਹ, ਗੜ੍ਹੀ ਤਰਖਾਣਾ ਬਲਾਕ ਮਾਛੀਵਾੜਾ ਅਤੇ WSS ਸਕੀਮ ਕੋਟਲਾ ਅਫਗਾਨਾ ਬਲਾਕ ਦੋਰਾਹਾ, ਨਾਬਾਰਡ XXXI ਅਧੀਨ | 03/06/2026 10/06/2026 | 2.94 ਲੱਖ | 9780824094 ee.division.khana@punjab.gov.in |
| 14. | ਕਾਰਜਕਾਰੀ ਇੰਜੀਨੀਅਰ, ਭਾਖੜਾ ਮੇਨ ਲਾਈਨ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਿਊਆਰਡੀ, ਪਟਿਆਲਾ | ਕੋਠੀ ਨੰਬਰ 2 BML ਕਲੋਨੀ ਪਟਿਆਲਾ ਦੇ ਕਾਉਟਯਾਰਡ ਦਾ ਨਵੀਨੀਕਰਨ। ਅੰਸ਼ਕ ਪ੍ਰਤੀਨਿਧੀ ਅਤੇ ਪੁਨਰ ਨਿਰਮਾਣ। ਖੰਨਾ ਰੈਸਟ ਹਾਊਸ ਦੀ ਭਾਰੀ ਤੂਫ਼ਾਨ ਕਾਰਨ ਨੁਕਸਾਨੀ ਗਈ ਚਾਰਦੀਵਾਰੀ। ਸਮਰਾਲਾ ਸਬ ਡਿਵੀਜ਼ਨ ਅਧੀਨ ਵੱਖ-ਵੱਖ ਚੈਨਲਾਂ ਦੇ ਲਾਈਨਿੰਗ ਗੈਪਾਂ ਨੂੰ ਬਹਾਲ ਕਰਨਾ | 30/05/2026 15/06/2026 | 15.94 ਹਜ਼ਾਰ | 9217955584 xenbml@gmail.com |
| 15. | ਕਾਰਜਕਾਰੀ ਇੰਜੀਨੀਅਰ, ਨੈਸ਼ਨਲ ਹਾਈਵੇ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਪਟਿਆਲਾ | ਨਵਾਂ ਬੱਸ ਸਟੈਂਡ ਚੌਕ, ਪਟਿਆਲਾ ਦੇ ਨੇੜੇ ਖੇਤਰ ਦਾ ਸੁਧਾਰ। | 02/06/2026 15/06/2026 | 1.63 ਲੱਖ | 9888165333 ee.cwd.pta.pwd@punjab.gov.in |
| 16. | ਕਾਰਜਕਾਰੀ ਇੰਜੀਨੀਅਰ, ਫਰੀਦਕੋਟ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਿਊਆਰਡੀ, ਪੰਜਾਬ, ਫਰੀਦਕੋਟ | 1) ਕੋਕਰੀ ਡਿਸਟਰੀਬਿਊਟਰੀ ਦੇ 1-L ਮਾਈਨਰ ਦੇ RD 10500 'ਤੇ ਡਿੱਗਣ ਦੀ ਪੁਨਰ ਉਸਾਰੀ। 2. ਅਬੋਹਰ ਬ੍ਰਾਂਚ ਦੇ ਢੋਲਣ ਡਿਸਟਰੀ ਹੈੱਡ ਰੈਗੂਲੇਟਰ ਗੈਰੇ ਆਫਟੇਕਿੰਗ RD 126000/L ਦੀ ਮੁਰੰਮਤ। 3. ਕੋਟਕਪੂਰਾ ਡਿਸਟਰੀ ਦੇ ਆਊਟਲੈਟ RD 15270/R ਦੇ ਵਾਟਰਕੋਰਸ ਦੀ ਮੁਰੰਮਤ। | 02/06/2026 12/06/2026 | 19.60 ਹਜ਼ਾਰ | 9464687517 xexcanalfdk2022@gmail.com |
| 17. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਮਲੇਰਕੋਟਲਾ | JCC ਧੂਰੀ ਵਿਖੇ ਨਵੇਂ 4 ਨੰਬਰ ਸਥਾਈ ਅਦਾਲਤ ਵਿਖੇ P/I TW, UGSR ਆਦਿ ਦਾ ਨਿਰਮਾਣ | 04/06/2026 15/06/2026 | 2.33 ਲੱਖ | 7087424344 eedivdwss.malerkotla@punjab.gov.in |
| 18. | ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਐਸ.ਏ.ਐਸ. ਨਗਰ | ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਲਈ ਮਸ਼ੀਨਰੀ ਦੀ ਖਰੀਦ | 05/06/2026 27/06/2026 | 6.00 ਲੱਖ | 9815320300 dir.mer@punjab.gov.in |
| 19. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਿਵੀਜ਼ਨ ਨੰ.1, ਲੁਧਿਆਣਾ | ਆਲਮਗੀਰ ਬਲਾਕ ਲੁਧਿਆਣਾ-1, ਜ਼ਿਲ੍ਹਾ ਲੁਧਿਆਣਾ ਦੇ W/S/S ਪ੍ਰਦਾਨ ਕਰਨਾ। (ਅੰਡਰ ਹੈੱਡ NABARD XXXI)। | 03/06/2026 09/06/2026 | 68.79 ਹਜ਼ਾਰ | 9023196303 div1ldh@gmail.com |
| 20. | ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਡਿਵੀਜ਼ਨ ਨੰ.1, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਪਟਿਆਲਾ | ਕੋਠੀ ਨੰਬਰ 53-E ਪੁਲਿਸ ਲਾਈਨ, ਪਟਿਆਲਾ ਦੀ ਵਿਸ਼ੇਸ਼ ਮੁਰੰਮਤ। | 02/06/2026 15/06/2026 | 24.50 ਹਜ਼ਾਰ | 9888821419 eepd1ptapwdpb@gmail.com |
| 21. | ਡਾਇਰੈਕਟਰ ਇੰਡਸਟਰੀਜ਼ ਐਂਡ ਕਾਮਰਸ ਪੰਜਾਬ ਚੰਡੀਗੜ੍ਹ | ਚੌਦਾਂ (14) ਵਾਹਨਾਂ ਨੂੰ ਡਰਾਈਵਰਾਂ ਸਮੇਤ ਕਿਰਾਏ 'ਤੇ ਲੈਣ ਲਈ ਈ-ਟੈਂਡਰ ਲਈ ਔਨਲਾਈਨ ਬੋਲੀ ਮੰਗਣ ਲਈ ਟੈਂਡਰ ਨੋਟਿਸ, ਵੇਰਵਿਆਂ ਲਈ ਲੌਗਇਨ ਕਰੋ- https://eproc.punjab.gov.in | 23/05/2026 08/06/2026 | 2.00 ਲੱਖ | 8556965041 budgetsection23@gmail.com |
| 22. | ਕਾਰਜਕਾਰੀ ਇੰਜੀਨੀਅਰ/ਦੇਵੀਗੜ੍ਹ ਪਟਿਆਲਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਪੰਜਾਬ, ਪਟਿਆਲਾ | 1. ਅਮਨੌਲੀ ਡਿਸਟੀ ਦੀਆਂ ਵੱਖ-ਵੱਖ ਆਊਟਲੇਟ ਦਾ ਪੁਨਰ ਨਿਰਮਾਣ, 2. ਬਾਹਮਨਾ ਮਾਈਨਰ ਦੀ ਆਰਡੀ 14375/L ਆਊਟਲੈਟ ਵਿਖੇ ਅੰਡਰਗਰਾਊਂਡ ਆਰਸੀਸੀ ਪਾਈਪਲਾਈਨ ਵਿਛਾਉਣਾ 3. ਘਨੌਰ ਸਬ ਮਾਈਨਰ ਦੇ ਆਰਡੀ 3675 'ਤੇ ਸਾਈਫਨ ਦਾ ਪੁਨਰ ਨਿਰਮਾਣ | 04/06/2026 15/06/2026 | 1.40 ਲੱਖ | 8699994751 edevigarhpatiala@gmail.com |
| 23. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.1, ਬਠਿੰਡਾ | ਚੁੱਘੇ ਕਲਾਂ ਜਲ ਸਪਲਾਈ ਸਕੀਮ ਦਾ ਵਿਸਥਾਰ 2. ਪਿੰਡ ਕੋਠੇ ਨਥੀਆਣਾ ਵਿਖੇ ਨਵਾਂ ਡਬਲਯੂਐਸਐਸ 3. ਅਗਸਤ ਡਬਲਯੂਐਸਐਸ ਬੁਰਜ ਮਹਿਮਾ ਜ਼ਿਲ੍ਹਾ। ਬਠਿੰਡਾ (ਨਾਬਾਰਡ XXXI ਪ੍ਰੋਜੈਕਟ ਅਧੀਨ) | 03/06/2026 17/06/2026 | 9.94 ਲੱਖ | 9803000038 xen1stbathinda@gmail.com |
| 24. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.2, ਐਸ.ਏ.ਐਸ. ਨਗਰ | ਡਬਲਯੂ/ਐਸ ਅਤੇ ਸਕੀਮ ਪੀਐਚ-1 ਅਤੇ II, ਕਾਜੌਲੀ ਅਤੇ ਹੋਰ ਸਾਰੇ ਕੰਮਾਂ ਵਿੱਚ ਸਥਾਪਤ 10 ਐਮਜੀਡੀ ਪੰਪ ਸੈੱਟ ਦੀ ਮੁਰੰਮਤ ਕੰਟੀਜੈਂਟ ਬੋਰੋਟੋ। | 04/06/2026 18/06/2026 | 16.50 ਹਜ਼ਾਰ | 9815555418 eewss.div2mohalipb@yahoo.in |
| 25. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.2, ਬਠਿੰਡਾ | ਜਲ ਸਪਲਾਈ ਸਕੀਮ ਫਤਿਹਗੜ੍ਹ ਨਬਾਰਡ ਬਲਾਕ ਤਲਵੰਡੀ ਸਾਬੋ ਅਤੇ ਜਲ ਸਪਲਾਈ ਸਕੀਮ ਨੰਦਗੜ੍ਹ ਕੋਟੜਾ ਬਲਾਕ ਰਾਮਪੁਰਾ ਜ਼ਿਲ੍ਹਾ ਬਠਿੰਡਾ ਦਾ ਵਿਸਥਾਰ (ਨਾਬਾਰਡ XXXI ਪ੍ਰੋਜੈਕਟ ਅਧੀਨ) | 03/06/2026 17/06/2026 | 4.06 ਲੱਖ | 9803000038 xenwss2bti@yahoo.in |
| 26. | ਕਾਰਜਕਾਰੀ ਇੰਜੀਨੀਅਰ, ਇਲੈਕਟ ?ਰੀਕਲ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਪੰਜਾਬ, ਚੰਡੀਗੜ੍ਹ | i. ਜੇ.ਸੀ.ਸੀ. ਮੋਹਾਲੀ ਵਿੱਚ ਐਮਰਜੀ ਈਵਿਨ ਸਿਸਟਮ, ਆਡੀਟੋਰੀ ਐਸ ਐਂਡ ਏ ਐਮ.ਡੀ. ਦੇ ਨਾਲ ਪੀ.ਡੀ.ਜੀ. ਏ.ਵੀ., ਐਫ.ਡੀ. 56,99,080/- ਰੁਪਏ ii. ਮੋਹਾਲੀ ਵਿਖੇ ਤੀਜੇ ਅਤੇ ਸੱਤਵੇਂ ਐਫ 'ਤੇ ਓਰੋ ਡੀਪੀਆਈ ਪੀਐਚ (RUSA) ਵਿੱਚ ਪੀ.ਡੀ.ਜੀ. 125KVA ਡੀਜੀ ਸੈੱਟ। 24,70,068 ਰੁਪਏ iii. ਐਨ ਸੀ.ਬੀ. ਜੇ ਸੀ.ਸੀ. ਖਰੜ ਲਈ ਪੀ.ਡੀ.ਜੀ. 58.5 KVA ਡੀਜੀ ਸੈੱਟ, 14,02,992/- ਰੁਪਏ | 02/06/2026 17/06/2026 | 1.91 ਲੱਖ | 9592933757 eeedchdpwdpb@gmail.com |
| 27. | ਕਾਰਜਕਾਰੀ ਇੰਜੀਨੀਅਰ, ਰਾਜਸਥਾਨ ਫੀਡਰ ਨਹਿਰ ਅਤੇ ਭੂਮੀਗਤ ਜਲ ਵਿਭਾਗ, WRD, ਫਿਰੋਜ਼ਪੁਰ | ਰਾਜਸਥਾਨ ਫੀਡਰ ਮਕੈਨੀਕਲ ਸਬ ਡਿਵੀਜ਼ਨ ਦੇ ਐਸਡੀਓ ਅਧੀਨ ਕੋਠੀ ਨੰਬਰ 10 ਦੀ ਮੁਰੰਮਤ ਅਤੇ ਨਵੀਨੀਕਰਨ ਫਿਰੋਜ਼ਪੁਰ | 03/06/2026 12/06/2026 | 27.12 ਹਜ਼ਾਰ | 9876837384 rajasthan.feeder@gmail.com |
| 28. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ ਨੰ.2, PWD (B&R) ਸ਼ਾਖਾ, ਅੰਮ੍ਰਿਤਸਰ | ਪੱਟੀ ਤੋਂ ਹਰੀਕੇ ਖਾਲੜਾ ਰੋਡ ਵਾਇਆ ਕੁੱਲਾ ਮਨੀਹਾਲਾ ਜੈ ਸਿੰਘ ਪੀਬੀ ਪੀਬੀ22027ਏ ਪੀਐਮਜੀਐਸਵਾਈ 3 ਜ਼ਿਲ੍ਹਾ ਤਰਨਤਾਰਨ ਤੋਂ ਕੈਰੋਂ ਡਰੇਨ ਉੱਤੇ 2 ਸਪੈਨ 9.0 ਹਰੇਕ 'ਤੇ ਐਚ/ਐਲ ਬਰਿਜ ਦਾ ਨਿਰਮਾਣ। | 03/06/2026 15/06/2026 | 3.52 ਲੱਖ | 8283813081 Xenc2amritsar@gmail.com |
| 29. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਕਪੂਰਥਲਾ | 1) ਸੁਲਤਾਨਪੁਰ ਲੋਧੀ ਵਿਖੇ ਜੇਸੀਸੀ ਵਿਖੇ ਟੈਕਟਾਈਲ ਫਲੋਰਿੰਗ ਦਾ ਨਿਰਮਾਣ, ਦੋ ਨੰਬਰ ਟਾਇਲਟ, ਪੀ ਐਂਡ ਐਫ ਅਪੰਗਤਾ ਪਹੁੰਚ ਅਨੁਕੂਲ ਹੈਂਡਰੇਲ ਅਤੇ ਗੈਬ ਰੇਲ ਅਤੇ ਸੁਰੱਖਿਆ ਸੰਕੇਤ ਆਦਿ। | 03/06/2026 10/06/2026 | 0.31 ਲੱਖ | 9988668668 eecd2kptpwdpb@gmail.com |
| 30. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.1, ਅੰਮ੍ਰਿਤਸਰ | ਵੱਖ-ਵੱਖ ਮੌਜੂਦਾ ਜਲ ਸਪਲਾਈ ਸਕੀਮਾਂ ਬਲਾਕ ਮਜੀਠਾ ਅਤੇ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ 9999 ਕਨੈਕਸ਼ਨ ਰਾਹੀਂ ਪਾਣੀ ਦੀ ਬਿਹਤਰ ਪਹੁੰਚ ਪ੍ਰਦਾਨ ਕਰਨਾ (ਧਾਰਾ 13-2) (ਧਾਰਾ-4) ਅਤੇ (ਧਾਰਾ 15-2) JJM-ਨਾਬਾਰਡ 26 ਅਧੀਨ SWP ਕੰਦੋਵਾਲੀ ਅਤੇ ਗੌਂਸਲ ਅਫਗਾਨਾ ਦਾ ਹਿੱਸਾ | 04/06/2026 12/06/2026 | 2.28 ਲੱਖ | 9872672747 eediv1dwss.amritsar@punjab.gov.in |
| 31. | ਕਾਰਜਕਾਰੀ ਇੰਜੀਨੀਅਰ, ਬਾਗਬਾਨੀ ਵਿਭਾਗ, ਲੋਕ ਨਿਰਮਾਣ ਵਿਭਾਗ ਬੀ ਐਂਡ ਆਰ ਸ਼ਾਖਾ, ਲੁਧਿਆਣਾ | ਜੈਤੋ ਵਿਖੇ ਕ੍ਰਿਕਟ ਸਟੇਡੀਅਮ ਦੀ ਸਿੰਚਾਈ ਪ੍ਰਣਾਲੀ ਅਤੇ ਘਾਹ ਲਗਾਉਣ ਦੀ ਸਥਾਪਨਾ। | 04/06/2026 15/06/2026 | 53.47 ਹਜ਼ਾਰ | 9878600634 xenhorti.ldh@gmail.com |
| 32. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.1, ਪਟਿਆਲਾ | ਜਲ ਸਪਲਾਈ ਸਕੀਮ ਮਟੋਰੜਾ ਬਲਾਕ ਨਾਭਾ, ਜ਼ਿਲ੍ਹਾ ਪਟਿਆਲਾ 22.00 ਐਫਐਸਐਲ ਸਮੇਤ 75000 ਲੀਟਰ ਸਮਰੱਥਾ ਵਾਲੇ ਇੱਕ ਅਦਦ ਓਐਚਐਸਆਰ ਦਾ ਨਿਰਮਾਣ ਕਰਨਾ। (15ਵੇਂ ਵਿੱਤ ਕਮਿਸ਼ਨ ਦੇ ਅਧੀਨ) | 04/06/2026 15/06/2026 | 52.27 ਹਜ਼ਾਰ | 9915591609 ee1.dwss.patiala@punjab.gov.in |
| 33. | ਕਾਰਜਕਾਰੀ ਇੰਜੀਨੀਅਰ, ਕੰਢੀ ਨਹਿਰ ਸਟੇਜ-2 ਡਿਵੀਜ਼ਨ, ਹੁਸ਼ਿਆਰਪੁਰ | ਕਾਠਗੜ੍ਹ ਲਿਫਟ ਸਿੰਚਾਈ ਸਕੀਮ ਦੀ ਸੀਮਾ ਦੀਵਾਰ ਦੇ ਨਿਰਮਾਣ ਲਈ ਅਨੁਮਾਨ। | 03/06/2026 15/06/2026 | 94.08 ਹਜ਼ਾਰ | 9878688998 kandicanalstage2@gmail.com |
| 34. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਪੀ.ਡਬਲਯੂ (ਸੀ ਐਂਡ ਐਮ) ਡਿਵੀਜ਼ਨ, ਅੰਮ੍ਰਿਤਸਰ | ਜ਼ਿਲ੍ਹਾ ਅੰਮ੍ਰਿਤਸਰ ਵਿਖੇ 7 ਨੰਬਰ HWC, 4 ਨੰਬਰ ਪੰਚਾਇਤ ਘਰ ਅਤੇ 1 ਨੰਬਰ CVD ਦਾ ਨਿਰਮਾਣ। | 03/06/2026 10/06/2026 | 8.87 ਲੱਖ | 9914124342 xenpanchaytirajamritsar@yahoo.in |
| 35. | ਮੈਂਬਰ ਸਕੱਤਰ, ਜੰਗਲੀ ਜੀਵ ਵਿਭਾਗ ਖਰੀਦ ਕਮੇਟੀ-ਕਮ-ਫੀਲਡ ਡਾਇਰੈਕਟਰ, ਛੱਤਬੀੜ | ਐਮ.ਸੀ.ਜ਼ੈਡ.ਪੀ ਛੱਤਬੀੜ, ਬਠਿੰਡਾ ਚਿੜੀਆਘਰ, ਲੁਧਿਆਣਾ ਚਿੜੀਆਘਰ ਵਿਖੇ ਪਾਰਕਿੰਗ ਸਥਾਨਾਂ ਦਾ ਪ੍ਰਬੰਧਨ ਅਤੇ ਬਠਿੰਡਾ ਚਿੜੀਆਘਰ, ਲੁਧਿਆਣਾ ਚਿੜੀਆਘਰ ਅਤੇ ਮਿੰਨੀ ਚਿੜੀਆਘਰ ਪਟਿਆਲਾ ਵਿਖੇ ਕੰਟੀਨਾਂ ਦਾ ਸੰਚਾਲਨ | 05/06/2026 18/06/2026 | 2.29 ਲੱਖ | 9877230272 fd.zoo@punjab.gov.in |
| 36. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ. 2, ਪਟਿਆਲਾ | 15ਵੀਂ ਐਫਸੀ ਅਧੀਨ ਮੌਜੂਦਾ ਜਲ ਸਪਲਾਈ ਸਕੀਮ ਖੱਤਰੀਵਾਲਾ ਬਲਾਕ ਸਮਾਣਾ ਜ਼ਿਲ੍ਹਾ ਪਟਿਆਲਾ ਵਿਖੇ 1 ਨੰਬਰ ਨਵੇਂ ਆਰਓਸੀ ਓਐਚਐਸਆਰ 100 ਕਿਲੋਗ੍ਰਾਮ ਸਮਰੱਥਾ ਅਤੇ ਵੰਡ ਪ੍ਰਣਾਲੀ ਦਾ ਨਿਰਮਾਣ | 04/06/2026 11/06/2026 | 64.50 ਹਜ਼ਾਰ | 9888775107 ee2.dwss.patiala@punjab.gov.in |
| 37. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, (ਸੀ ਐਂਡ ਐਮ) ਡਿਵੀਜ਼ਨ, ਪਟਿਆਲਾ | ਜ਼ਿਲ੍ਹਾ ਪਟਿਆਲਾ ਵਿੱਚ ਵੱਖ-ਵੱਖ ਥਾਵਾਂ 'ਤੇ ਡਾਕਟਰੀ ਉਪਕਰਣਾਂ ਦੀ ਸਪਲਾਈ (ਜਿਵੇਂ ਕਿ ਜੁੜੇ ਵੇਰਵੇ) | 04/06/2026 19/06/2026 | 0.12 ਲੱਖ | 8437458932 xenprdpatiala@yahoo.in |
| 38. | ਕਾਰਜਕਾਰੀ ਇੰਜਨੀਅਰ, ਪੰਚਾਇਤੀ ਰਾਜ ਮੰਡਲ, ਸ੍ਰੀ ਮੁਕਤਸਰ ਸਾਹਿਬ | ਜਲਾਲਾਬਾਦ ਸ਼ਹਿਰ ਜ਼ਿਲ੍ਹਾ ਫਾਜ਼ਿਲਕਾ ਵਿੱਚ ਵੱਖ-ਵੱਖ ਕਾਰਜਾਂ ਦਾ ਨਿਰਮਾਣ। | 02/06/2026 12/06/2026 | 72.80 ਹਜ਼ਾਰ | 9888292002 xenprmks@gmail.com |
| 39. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 1 ਚੰਡੀਗੜ੍ਹ ਵਿਖੇ | 1. ਵਿੱਤੀ ਯੋਜਨਾ ਭਵਨ, ਪਲਾਟ ਨੰ. 2ਬੀ, ਸੈਕਟਰ 33ਏ, ਚੰਡੀਗੜ੍ਹ ਵਿਖੇ ਫਾਇਰ ਫਾਈਟਿੰਗ ਸਿਸਟਮ ਦੇ ਸੰਚਾਲਨ ਦੀ ਦੇਖ ਰੇਖ ਕਰਨਾ। 2. ਵਿੱਤ ਯੋਜਨਾ ਭਵਨ ਸੈਕਟਰ 33ਏ ਚੰਡੀਗੜ੍ਹ ਵਿਖੇ ਵਿਖੇ VRV ਏਅਰ ਕੰਡੀਸ਼ਨਿੰਗ ਸਿਸਟਮ ਲਈ ਦੇਖ ਰੇਖ ਕਰਨਾ। | 04/06/2026 15/06/2026 | 76.07 ਹਜ਼ਾਰ | 9872519223 eegwd1@yahoo.in |
| 40. | ਸੀਨੀਅਰ ਮੈਡੀਕਲ ਅਫ਼ਸਰ, ਸਿਵਲ ਹਸਪਤਾਲ, ਜੈਤੋ (ਫਰੀਦਕੋਟ) | ਸਿਵਲ ਹਸਪਤਾਲ ਜੈਤੋ ਲਈ ਕੰਟੀਨ ਅਤੇ ਸਾਈਕਲ ਸਟੈਂਡ ਪਾਰਕਿੰਗ ਟੈਂਡਰ 2026-2027 | 04/06/2026 08/06/2026 | 49.00 ਹਜ਼ਾਰ | 8146800424 smochjaito@gmail.com |
| 41 | ਕਾਰਜਕਾਰੀ ਇੰਜੀਨੀਅਰ, ਭਾਖੜਾ ਮੇਨ ਲਾਈਨ ਨਹਿਰ ਅਤੇ ਜ਼ਮੀਨ ਜਲ ਵਿਭਾਗ, ਡਬਲਿਊਆਰਡੀ, ਪਟਿਆਲਾ | ਬਰਧਲ ਸ੍ਰੀ ਦੇ RD 7000, ਖੰਨਾ ਡਿਸਟੀ ਦੇ RD 105500 'ਤੇ V.R. ਪੁਲ ਨੂੰ ਉੱਚਾ ਚੁੱਕਣਾ/ਉਭਾਰਨਾ ਅਤੇ ਅਮਰਾਲਾ ਐਮਆਰ RD 8610 'ਤੇ VRB ਦਾ ਸਲੈਬ | 01/06/2026 16/06/2026 | 40.83 ਹਜ਼ਾਰ | 9217955584 xenbml@gmail.com |
| 42. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀ.ਡਬਲਯੂ.(ਸੀ ਐਂਡ ਐਮ.) ਡਿਵੀਜ਼ਨ, ਸੰਗਰੂਰ/ਬਰਨਾਲਾ | ਜ਼ਿਲ੍ਹਾ ਬਰਨਾਲਾ ਵਿੱਚ 2 ਨੰਬਰ ਦਾ ਨਿਰਮਾਣ ਕੰਮ ਕਰਦਾ ਹੈ। | 03/06/2026 15/06/2026 | 48.60 ਹਜ਼ਾਰ | 8427037800 xenprsangrur@yahoo.com |
| 43. | ਕਾਰਜਕਾਰੀ ਇੰਜੀਨੀਅਰ, ਰੋਪੜ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਯੂਆਰਡੀ ਪੰਜਾਬ, ਰੋਪੜ | 1. ਲਿਫਟ ਸਮਲਾਹ ਪਹਾੜਪੁਰ ਲਿਫਟ ਸਿੰਚਾਈ ਸਕੀਮ ਦੇ ਵੱਖ-ਵੱਖ ਆਰਡੀਜ਼ 'ਤੇ ਪੁਲ ਅਤੇ ਪਾਈਪਲਾਈਨ ਦੀ ਸੁਰੱਖਿਆ ਲਈ ਅਨੁਮਾਨ 2. ਰੋਪੜ ਨਹਿਰ ਅਤੇ ਜੀ.ਡਬਲਯੂ. ਡਿਵੀਜ਼ਨ ਦੇ ਗੇਟ ਅਤੇ ਗੇਅਰਿੰਗ ਸਿਸਟਮ ਦੀ ਸਾਲਾਨਾ ਮੁਰੰਮਤ ਅਤੇ ਰੱਖ-ਰਖਾਅ ਲਈ ਅਨੁਮਾਨ | 02/06/2026 15/06/2026 | 2.31 ਲੱਖ | 9779141490 xen.roparcanal@gmail.com |
| 44. | ਸੀਨੀਅਰ ਮੈਡੀਕਲ ਅਫ਼ਸਰ (ਇੰਚਾਰਜ), ਸਿਵਲ ਹਸਪਤਾਲ, ਬਰਨਾਲਾ | ਐਮ.ਸੀ.ਐਚ. ਹਸਪਤਾਲ ਬਰਨਾਲਾ ਦੇ ਕੰਟੀਨ ਠੇਕੇ ਲਈ ਇੱਕ ਸਾਲ ਲਈ ਟੈਂਡਰ | 04/06/2026 18/06/2026 | 2.00 ਪ੍ਰਤੀਸ਼ਤ | 9417590281 ch.bnl@punjab.gov.in |
| 45. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਫਿਰੋਜ਼ਪੁਰ ਜ਼ੀਰਾ ਵਿਖੇ | ਡਬਲਯੂ.ਐਸ. ਸਕੀਮ ਡਾਇਨ ਕੇ, ਅਕਬਰ ਵਾਲਾ ਅਤੇ ਪੀਰ ਮੁਹੰਮਦ ਬਲਾਕ ਮੱਖੂ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਉਪਲਬਧ ਕਰਵਾਉਣਾ। (ਅੰਡਰ ਹੈੱਡ ਨਾਬਾਰਡ-XXXI) | 05/06/2026 15/06/2026 | 1.39 ਲੱਖ | 9888784300 ee.div2.zira@punjab.gov.in |
| 46. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀ.ਡਬਲਯੂ (ਸੀ ਐਂਡ ਐਮ) ਡਿਵੀਜ਼ਨ, ਐਸ.ਏ.ਐਸ. ਨਗਰ | 1) ਪਿੰਡ ਹਵਾਰਾ ਕਲਾਂ, ਬਲਾਕ- ਖਮਾਣੋਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ (HWC) ਦੀ ਉਸਾਰੀ। ਅਤੇ ਪਿੰਡ ਚਟੌਲੀ ਅਤੇ ਹੰਡੇਸਰਾ, ਬਲਾਕ ਡੇਰਾਬੱਸੀ, ਜ਼ਿਲ੍ਹਾ ਐਸ.ਏ.ਐਸ. ਨਗਰ। | 05/06/2026 12/06/2026 | 2.99 ਲੱਖ | 9417635944 xenprdsas@yahoo.com |
| 47. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਿਵੀਜ਼ਨ ਨੰ.2, ਲੁਧਿਆਣਾ | ਪਿੰਡ ਭੱਟੀਆ ਬੇਟ, ਬਲਾਕ ਲੁਧਿਆਣਾ-II, ਜ਼ਿਲ੍ਹਾ ਲੁਧਿਆਣਾ ਲਈ ਜਲ ਸਪਲਾਈ ਯੋਜਨਾ ਦਾ ਵਾਧਾ। (ਨਾਬਾਰਡ-XXXI)। | 04/06/2026 11/06/2026 | 1.66 ਲੱਖ | 9815273013 div2ldh@gmail.com |
| 48. | ਕਾਰਜਕਾਰੀ ਇੰਜੀਨੀਅਰ, ਬਿਸਤ ਦੋਆਬ ਡਿਵੀਜ਼ਨ, ਜਲੰਧਰ | ਸੰਚਾਲਨ ਅਤੇ ਰੱਖ-ਰਖਾਅ/ਨਵਾਂ ਗੇਟ ਅਤੇ ਗੇਅਰਿੰਗ/ਪਾਣੀ ਦੇ ਕੋਰਸ/ਮੁੜ ਵਸੇਬਾ/ਮੁੜ-ਨਿਰਮਾਣ (ਇਕਰਾਰਨਾਮੇ ਦੇ ਆਧਾਰ 'ਤੇ 1 ਤੋਂ 4 ਨੰਬਰ ਕੰਮ ਅਤੇ ਕੰਮ ਦੇ ਆਰਡਰ ਦੇ ਆਧਾਰ 'ਤੇ 5 ਤੋਂ 11 ਨੰਬਰ ਕੰਮ) | 01/06/2026 11/06/2026 | 2.58 ਲੱਖ | 8146818685 xenbddcanal@gmail.com |
| 49. | ਮੰਡਲ ਭੂਮੀ ਸੰਭਾਲ ਅਫ਼ਸਰ, ਗੁਰਦਾਸਪੁਰ | ਮਿੱਟੀ ਦੇ ਕਟੌਤੀ ਭੂਮੀ ਸੁਰੱਖਿਆ ਕਾਰਜ ਅਤੇ ਰਨ-ਆਫ ਕੰਟਰੋਲ ਢਾਂਚੇ ਦੇ ਕੰਮ। | 03/06/2026 11/06/2026 | 2.15 ਲੱਖ | 9463171862 dsco.dswc.gurdaspur@punjab.gov.in |
| 50. | ਕਾਰਜਕਾਰੀ ਇੰਜੀਨੀਅਰ, ਸੂਬਾਈ ਮੰਡਲ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਲੁਧਿਆਣਾ | ਮਾਛੀਵਾੜਾ ਜ਼ਿਲ੍ਹਾ ਲੁਧਿਆਣਾ ਵਿਖੇ ਕਮਿਊਨਿਟੀ ਸਿਹਤ ਕੇਂਦਰ ਦੀ ਵਿਸ਼ੇਸ਼ ਮੁਰੰਮਤ | 04/06/2026 15/06/2026 | 59.70 ਹਜ਼ਾਰ | 8146100632 eepdldnpwdpb@gmail.com |
| 51. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.2, ਫਿਰੋਜ਼ਪੁਰ | ਡਬਲਯੂਐਸਐਸ ਸ਼ਰੀਆਂ ਵਾਲਾ, ਚੁੱਗਾ, ਬਾਘੂ ਵਾਲਾ ਬਲਾਕ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ (ਰਾਜ ਹਿੱਸੇਦਾਰੀ/ਜੇਜੇਐਮ ਅਧੀਨ) ਲਈ ਕਲੱਸਟਰ ਸੈਕਸ਼ਨ ਨੰਬਰ ਐਸ-362(ਸੀ) (ਪੈਕੇਜ-04) | 05/06/2026 18/06/2026 | 4.04 ਲੱਖ | 9872621888 ee.div2.ferozepur@punjab.gov.in |
| 52. | ਕਾਰਜਕਾਰੀ ਇੰਜੀਨੀਅਰ, ਬਠਿੰਡਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਬਠਿੰਡਾ | ਲੰਬੀ ਡਿਸਟੀ/ਭੂਲ ਡਿਸਟੀ/ਟਿਊਣਾ ਡਿਸਟੀ/ਬਠਿੰਡਾ ਸ਼ਾਖਾ/ਹੁਸਨਾਰ ਮਾਈਨਰ/ਬਲ੍ਹਆ ਮਾਈਨਰ/ਗੰਗਾ ਮਾਈਨਰ/ਢਿਪਲੀ ਡਿਸਟੀ/ਢਿਲਵਾਂ ਡਿਸਟੀ ਦੇ ਵੱਖ-ਵੱਖ ਆਊਟਲੈਟ ਉਤੇ ਪਾਣੀ ਦੇ ਵਹਾਅ ਦੀ ਲਾਈਨਿੰਗ/ਰੀਲਾਈਨਿੰਗ ਵਾਸਤੇ ਅਨੁਮਾਨ। | 01/06/2026 16/06/2026 | 13.58 ਲੱਖ | 7888705125 xencanalbathinda@yahoo.in |
| 53. | ਕਾਰਜਕਾਰੀ ਇੰਜੀਨੀਅਰ, ਆਰ.ਐਸ.ਡੀ.-ਮਕੈਨੀਕਲ ਡਿਵੀਜ਼ਨ, ਸ਼ਾਹਪੁਰਕੰਡੀ ਟਾਊਨਸ਼ਿਪ | ਸ਼ਾਹਪੁਰਕੰਡੀ ਡੈਮ ਦੇ ਭੰਡਾਰ ਖੇਤਰ ਵਿੱਚ ਤੈਰਦੇ ਮਲਬੇ ਦੀ ਸਫਾਈ ਲਈ ਵਾਟਰ ਬਾਡੀ ਕਲੀਨਿੰਗ ਮਸ਼ੀਨ (ਘੱਟੋ-ਘੱਟ 4.5 $m^3$ ਸਮਰੱਥਾ) ਦੀ ਸਪਲਾਈ, ਸਥਾਪਨਾ, ਟੈਸਟਿੰਗ ਅਤੇ ਕਮਿਸ਼ਨਿੰਗ। | 03/06/2026 22/06/2026 | 1.37 ਲੱਖ | 9459829046 mechanicaldivision25@gmail.com |
| 54. | ਕਾਰਜਕਾਰੀ ਇੰਜੀਨੀਅਰ, ਬਿਜਲੀ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਫਰੀਦਕੋਟ | ਜੇ.ਸੀ.ਸੀ. ਗਿੱਦੜਬਾਹਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਜਨਤਕ ਪ੍ਰਵੇਸ਼ 'ਤੇ 1 ਨੰਬਰ ਐਕਸ-ਰੇ ਬੈਗੇਜ ਸਕੈਨਰ ਪ੍ਰਦਾਨ ਕਰਨਾ | 03/06/2026 13/06/2026 | 48.00 ਹਜ਼ਾਰ | 9815150900 eeedfdkpwdpb@gmail.com |
| 55. | ਕਾਰਜਕਾਰੀ ਇੰਜੀਨੀਅਰ, ਆਰਐਸਡੀ-ਮਕੈਨੀਕਲ ਡਿਵੀਜ਼ਨ, ਸ਼ਾਹਪੁਰਕੰਡੀ ਟਾਊਨਸ਼ਿਪ | ਐਸ.ਪੀ.ਕੇ. ਮੁੱਖ ਡੈਮ ਦੇ ਹਾਈਡਰੋ-ਮਕੈਨੀਕਲ ਪ੍ਰਣਾਲੀਆਂ ਨਾਲ ਸਬੰਧਤ ਪੇਂਟਿੰਗ ਕਾਰਜਾਂ ਵਾਸਤੇ ਏਅਰ ਕੰਪ੍ਰੈਸਰ ਦੀ ਈ-ਖਰੀਦ ਵਾਸਤੇ ਬੋਲੀ ਦਸਤਾਵੇਜ਼। | 02/06/2026 22/06/2026 | 6.52 ਹਜ਼ਾਰ | 9459829046 mechanicaldivision25@gmail.com |
| 56. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.1, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਕਪੂਰਥਲਾ | 1. ਨਡਾਲਾ ਬੇਗੋਵਾਲ ਰੋਡ ਐਮ.ਸੀ. ਭੁਲੱਥ, ਜ਼ਿਲ੍ਹਾ ਕਪੂਰਥਲਾ 'ਤੇ ਸੀਵਰ ਕੱਟ ਦੀ ਬਹਾਲੀ। | 04/06/2026 15/06/2026 | 43.00 ਹਜ਼ਾਰ | 9988668668 ee.cd1.kpt.pwd@punjab.gov.in |
| 57. | ਕਾਰਜਕਾਰੀ ਇੰਜੀਨੀਅਰ, ਇਲੈਕਟ ?ਰੀਕਲ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਪੰਜਾਬ, ਚੰਡੀਗੜ੍ਹ | ਚੀਫ਼ ਇਲੈਕਟੋਰਲ, ਐਸ.ਸੀ.ਓ. ਨੰਬਰ 29-32, ਸੈਕਟਰ-17-ਈ, ਚੰਡੀਗੜ੍ਹ ਦੇ ਦਫ਼ਤਰ ਵਿੱਚ ਅੱਗ ਖੋਜ ਪ੍ਰਣਾਲੀ ਜਿਵੇਂ ਕਿ ਦੂਜੀ ਮੰਜ਼ਿਲ 'ਤੇ ਫਾਇਰ ਪੈਨਲ ਅਤੇ ਪਹਿਲੀ ਮੰਜ਼ਿਲ 'ਤੇ ਡਿਟੈਕਟਰ ਪ੍ਰਦਾਨ ਕਰਨਾ। ਰਕਮ 7,39,238/- ਰੁਪਏ | 03/06/2026 15/06/2026 | 14.78 ਹਜ਼ਾਰ | 9592933757 eeedchdpwdpb@gmail.com |

ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ : https://eproc.punjab.gov.in/, eproc.punjab.gov.in, pmgsytenderspb.gov.in, www.eproc.punjab.gov.in, www.taxation.punjab.gov.in, EPROC.PUNJAB.GOV.IN, punjabmedicaleducation.org, www.pbindustries.gov.in, www.pbrdp.gov.in, www.chhatbirzoo.gov.in, www.pbhealth.gov.in, irrigation.punjab.gov.in, health.punjab.gov.in, pwd.punjab.gov.in

**RO No. PR-Advt. No.: 1001/12/2026-27/11949/Dated CHD: 03/06/2026**

# ਖੇਤ ਬਚਾਓ ਅਭਿਆਨ ਤਹਿਤ ਕੇ.ਵੀ.ਕੇ. ਐੱਸ ਏ ਐੱਸ ਨਗਰ ਵੱਲੋਂ ਜਾਗਰੂਕਤਾ ਪ੍ਰੋਗਰਾਮ ਕਰਵਾਇਆ




ਮਾਜਰੀ/ਕੁਰਾਲੀ, 3 ਜੂਨ (ਰਜਨੀਕਾਂਤ ਗਰੋਵਰ): ਖੇਤ ਬਚਾਓ ਅਭਿਆਨਤ ਤਹਿਤ ਕ੍ਰਿਸ਼ੀ ਵਿਗਿਆਨ ਕੇਂਦਰ, ਐੱਸ ਏ ਐੱਸ ਨਗਰ (ਮੋਹਾਲੀ) ਦੇ ਡਿਪਟੀ ਡਾਇਰੈਕਟਰ ਡਾ. ਬਲਬੀਰ ਸਿੰਘ ਖੱਦਾ ਦੀ ਅਗਵਾਈ ਹੇਠ ਅੱਜ 3 ਜੂਨ, 2026 ਨੂੰ ਪਿੰਡ ਖਿਜ਼ਰਬਾਦ ਅਤੇ ਖੇੜਾ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।ਪ੍ਰੋਗਰਾਮ ਦੌਰਾਨ ਡਾ ਹਰਮੀਤ ਕੌਰ ਵੱਲੋਂ ਕਿਸਾਨਾਂ ਨੂੰ ਖਾਦਾਂ ਦੇ ਸੰਤੁਲਿਤ ਅਤੇ ਵਿਗਿਆਨਿਕ ਉਪਯੋਗ ਬਾਰੇ ਜਾਣਕਾਰੀ ਦਿੱਤੀ ਗਈ। ਉਹਨਾਂ ਨੇ ਹਰੀ ਖਾਦ ਦੀ ਮਹੱਤਤਾ ਬਾਰੇ ਵੀ ਵਿਸਥਾਰ ਵਿੱਚ ਦੱਸਿਆ। ਡਾ. ਪਾਰੁਲ ਗੁਪਤਾ ਨੇ ਕੇ.ਵੀ.ਕੇ. ਵਿੱਚ ਚੱਲ ਰਹੀਆਂ ਵੱਖ ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।ਪ੍ਰੋਗਰਾਮ ਵਿੱਚ ਸਵੈ ਸਹਾਇਤਾ ਸਮੂਹ ਦੀਆਂ ਮਹਿਲਾ ਮੈਂਬਰਾਂ ਨੇ ਵੀ ਭਾਗ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ ਅਤੇ ਉਹਨਾਂ ਨੂੰ ਖੇਤ ਬਚਾਓ ਅਭਿਆਨ ਤਹਿਤ ਲਾਭਕਾਰੀ ਖੇਤੀ ਤਕਨੀਕਾਂ ਅਪਨਾਉਣ ਲਈ ਪ੍ਰੇਰਿਤ ਕੀਤਾ ਗਿਆ।

# ਹਿਮਾਚਲ ਐਂਟਰੀ ਟੈਕਸ ਦੇ ਵਿਰੋਧ ਵਿੱਚ ਨਿਹੰਗ ਸਿੰਘਾਂ ਨੇ ਸਰਹੱਦੀ ਪਿੰਡ ਮੋੜਾ ਵਿਖੇ ਲਗਾਇਆ ਖਾਲਸਾਈ ਟੈਕਸ



ਸ੍ਰੀ ਕੀਰਤਪੁਰ ਸਾਹਿਬ, 3 ਜੂਨ (ਬੀ ਐਸ ਰਾਣਾ): ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਲਗਾਏ ਗਏ ਐਂਟਰੀ ਟੈਕਸ ਦੇ ਵਿਰੋਧ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਪੰਜਾਬ-ਹਿਮਾਚਲ ਸਰਹੱਦ ਨੇੜਲੇ ਪਿੰਡ ਮੋੜਾ ਵਿਖੇ ਪ੍ਰਤੀਕਾਤਮਕ ਤੌਰ 'ਤੇ ਖਾਲਸਾਈ ਟੈਕਸ ਲਗਾਇਆ ਗਿਆ। ਇਹ ਕਾਰਵਾਈ ਮਿਸਲ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਚਮਕੌਰ ਸਾਹਿਬ ਨਾਲ ਸੰਬੰਧਿਤ ਜਥੇਬੰਦੀ ਦੇ ਅਨੰਦਪੁਰ ਸਾਹਿਬ ਦੇ ਜਥੇਦਾਰ ਬਾਬਾ ਅੱਛਰ ਸਿੰਘ ਦੀ ਅਗਵਾਈ ਹੇਠ ਕੀਤੀ ਗਈ।ਇਸ ਮੌਕੇ ਗੱਲਬਾਤ ਕਰਦਿਆਂ ਬਾਬਾ ਅੱਛਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਕਿਸੇ ਵੀ ਵਿਅਕਤੀ ਤੋਂ ਧੱਕੇ ਨਾਲ ਪੈਸੇ ਇਕੱਠੇ ਕਰਨਾ ਨਹੀਂ, ਸਗੋਂ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਇਹ ਸੰਦੇਸ਼ ਦੇਣਾ ਹੈ ਕਿ ਪੰਜਾਬ ਦੇ ਲੋਕਾਂ ਅਤੇ ਵਪਾਰੀਆਂ 'ਤੇ ਐਂਟਰੀ ਟੈਕਸ ਲਗਾਉਣਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਾਹਨ ਚਾਲਕਾਂ ਨੇ ਯੋਗਦਾਨ ਦਿੱਤਾ, ਉਹ ਆਪਣੀ ਸ਼ਰਧਾ ਅਤੇ ਇੱਛਾ ਨਾਲ ਦਿੱਤਾ ਗਿਆ ਹੈ ਅਤੇ ਕਿਸੇ ਤੋਂ ਵੀ ਜ਼ਬਰਦਸਤੀ ਪੈਸੇ ਨਹੀਂ ਲਏ ਗਏ।ਜਥੇਦਾਰ ਬਾਬਾ ਅੱਛਰ ਸਿੰਘ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਤੋਂ ਪੰਜਾਬ ਵੱਲ ਆ ਰਹੇ ਵਾਹਨਾਂ ਤੋਂ ਕਰੀਬ 20 ਮਿੰਟ ਤੱਕ ਪ੍ਰਤੀਕਾਤਮਕ ਤੌਰ 'ਤੇ ਖਾਲਸਾਈ ਟੈਕਸ ਇਕੱਤਰ ਕੀਤਾ ਗਿਆ। ਇਸ ਦੌਰਾਨ ਕਈ ਵਾਹਨ ਚਾਲਕਾਂ ਨੇ ਆਪਣੀ ਮਰਜ਼ੀ ਨਾਲ ਰਕਮ ਦਿੱਤੀ। ਬਾਅਦ ਵਿੱਚ ਮੌਕੇ 'ਤੇ ਪਹੁੰਚੇ ਪੁਲਿਸ ਅਧਿਕਾਰੀਆਂ ਵੱਲੋਂ ਸਮਝਾਉਣ ਉਪਰੰਤ ਇਹ ਮੁਹਿੰਮ ਬੰਦ ਕਰ ਦਿੱਤੀ ਗਈ।ਉਨ੍ਹਾਂ ਕਿਹਾ ਕਿ ਜੇਕਰ ਹਿਮਾਚਲ ਸਰਕਾਰ ਵੱਲੋਂ ਐਂਟਰੀ ਟੈਕਸ ਦੇ ਮਾਮਲੇ 'ਤੇ ਮੁੜ ਵਿਚਾਰ ਨਾ ਕੀਤਾ ਗਿਆ, ਤਾਂ ਆਉਣ ਵਾਲੇ ਸਮੇਂ ਵਿੱਚ ਖਾਲਸਾਈ ਟੈਕਸ ਨੂੰ ਪੱਕੇ ਤੌਰ 'ਤੇ ਲਾਗੂ ਕਰਨ ਬਾਰੇ ਫੈਸਲਾ ਲਿਆ ਜਾ ਸਕਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਐਂਟਰੀ ਟੈਕਸ ਕਾਰਨ ਪੰਜਾਬ ਅਤੇ ਹੋਰ ਰਾਜਾਂ ਤੋਂ ਹਿਮਾਚਲ ਜਾਣ ਵਾਲੇ ਲੋਕਾਂ ਨੂੰ ਬੇਵਜ੍ਹਾ ਆਰਥਿਕ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਬਾ ਅੱਛਰ ਸਿੰਘ ਨੇ ਇਹ ਵੀ ਸਪੱਸ਼ਟ ਕੀਤਾ ਕਿ ਇਸ ਮੁਹਿੰਮ ਦੌਰਾਨ ਇਕੱਤਰ ਕੀਤੀ ਗਈ ਰਕਮ ਕਿਸੇ ਨਿੱਜੀ ਮਕਸਦ ਲਈ ਨਹੀਂ ਵਰਤੀ ਜਾਵੇਗੀ, ਸਗੋਂ ਇਸ ਨੂੰ ਸਰਬੱਤ ਦੇ ਭਲੇ ਅਤੇ ਸਮਾਜਿਕ ਭਲਾਈ ਦੇ ਕੰਮਾਂ ਲਈ ਖਰਚਿਆ ਜਾਵੇਗਾ। ਪ੍ਰਸ਼ਾਸਨ ਵੱਲੋਂ ਸਥਿਤੀ ਤੇ ਨਜ਼ਰ ਰੱਖੀ ਜਾ ਰਹੀ ਹੈ ਤਾਂ ਜੋ ਕਾਨੂੰਨ-ਵਿਵਸਥਾ ਬਣੀ ਰਹੇ। ਨਿਹੰਗ ਸਿੰਘਾਂ ਨੇ ਹਿਮਾਚਲ ਸਰਕਾਰ ਨੂੰ ਲੋਕਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਐਂਟਰੀ ਟੈਕਸ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਇਸ ਮੌਕੇ ਬਾਬਾ ਅੱਛਰ ਸਿੰਘ, ਗੌਰਵ ਰਾਣਾ ਕਨਵੀਨਰ ਪੰਜਾਬ ਮੋਰਚਾ, ਵੀਰ ਸਿੰਘ ਬੜਬਾ ਪ੍ਰਧਾਨ ਕਿਰਤੀ ਕਿਸਾਨ ਮੋਰਚਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਿਹੰਗ ਸਿੰਘ ਹਾਜ਼ਰ ਸਨ।

# ਨਗਰ ਕੌਂਸਲ ਬਨੂੜ ਨੇ ਪੀ ਐਮ ਸਵੈਨਿਧੀ ਸਕੀਮ ਤਹਿਤ ਲੋਕ ਕਲਿਆਣ ਮੇਲਾ ਲਗਾਇਆ

ਬਨੂੜ ਸ਼ੰਭੂ, 3 ਜੂਨ (ਅਮਰਿੰਦਰ ਸਿੰਘ ਮੋਹੀ): ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 1/6/2026 ਤੋਂ 30/6/2026 ਤੱਕ



ਲੋਕ ਕਲਿਆਣ ਮੇਲਾ ਪੀ ਐਮ ਸਵੈਨਿਧੀ ਸਕੀਮ ਤਹਿਤ ਲਗਾਇਆ ਜਾ ਰਿਹਾ ਹੈ। ਜਿਸ ਤਹਿਤ ਨਗਰ ਕੌਸ਼ਲ ਬਨੂੰੜ ਵੱਲੋਂ ਅੱਜ ਮਿਤੀ 02 ਜੂਨ 2026 ਨੂੰ ਕਾਰਜ ਸਾਧਕ ਅਫਸਰ ਸ੍ਰੀ ਵਿਸ਼ਾਲਦੀਪ, ਸਿਟੀ ਮਿਸ਼ਨ ਮੈਨੇਜਰ ਸ੍ਰੀਮਤੀ ਪ੍ਰਿਅੰਕਾ ਰਾਣੀ ਕਮਿਊਨਿਟੀ ਆਰਗਨਾਈਜ਼ਰ ਸੰਗੀਤਾ ਰਾਣੀ ਦੀ ਅਗਵਾਈ ਵਿੱਚ ਮਾਤਾ ਬੰਨੋ ਮਾਈ ਹਾਲ ਵਿੱਚ ਇੱਕ ਕੈਂਪ ਲਗਾਇਆ ਗਿਆ। ਜਿਸ ਦੇ ਵਿੱਚ 50 ਤੋਂ 60 ਦੇ ਕਰੀਬ ਸਟੀਰ ਵੈਂਡਰਾਂ ਵੱਲੋ ਭਾਗ ਲਿਆ ਗਿਆ, ਜਿਸ ਅਧੀਨ ਪੀ.ਐਮ.ਸਵੈਨਿਧੀ ਸਕੀਮ ਤਹਿਤ ਲੋਨ ਅਪਲਾਈ ਕੀਤੇ ਗਏ ਅਤੇ ਮੌਕੇ 'ਤੇ ਹਾਜ਼ਰ ਆਏ ਵੈਂਡਰਾਂ ਨੂੰ ਹੋਰ ਸਕੀਮਾ ਨਾਲ ਜੋੜਨ ਲਈ ਉਨ੍ਹਾਂ ਦੀ ਪ੍ਰੋਫਾਇਲਿੰਗ ਕੀਤੀ ਗਈ ਅਤੇ ਕਰੈਡਿਟ ਕਾਰਡ ਵੀ ਅਪਲਾਈ ਕੀਤੇ ਗਏ, ਇਸ ਕੈਂਪ ਰਾਹੀਂ ਸਰਕਾਰ ਦੀ ਸਕੀਮਾਂ ਸਬੰਧੀ ਲੋਕਾਂ ਨੂੰ ਜਾਣੂੰ ਕਰਵਾਉਣ ਲਈ ਲਗਾਇਆ ਗਿਆ ਅਤੇ ਅੱਗੇ ਵੀ ਇਹ ਕੈਂਪ ਲਗਾਤਾਰ ਜਾਰੀ ਰਹਿਣਗੇ। ਇਸ ਕੈਂਪ ਵਿੱਚ ਲੋਕਾ ਨੂੰ ਜਾਗਰੂਕ ਕਰਨ ਲਈ ਕੱਪੜੇ ਦੇ ਬੈਗ ਟੀ ਸ਼ਰਟ ਅਤੇ ਟੋਪੀਆਂ ਵੀ ਵੰਡੀਆਂ ਗਈਆਂ।

# ਮੋਹਾਲੀ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੋਸ ਧਰਨਾ, ਪੈਟਰੋਲ-ਡੀਜ਼ਲ ਕੀਮਤਾਂ ਤੇ ਪੰਜਾਬ ਦੇ ਹੱਕਾਂ ਦੇ ਮੁੱਦੇ ਚੁੱਕੇ

ਬਨੂੜ ਮੋਹਾਲੀ, 3 ਜੂਨ (ਅਮਰਿੰਦਰ ਸਿੰਘ ਮੋਹੀ) ਅੱਜ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਡਿਪਟੀ ਕਮਿਸ਼ਨਰ ਦਫ਼ਤਰ ਮੋਹਾਲੀ ਵਿਖੇ ਕਿਸਾਨਾਂ ਵੱਲੋਂ ਰੋਸ ਧਰਨਾ ਦਿੱਤਾ ਗਿਆ। ਇਸ ਧਰਨੇ ਦੌਰਾਨ ਪੈਟਰੋਲ ਅਤੇ ਡੀਜ਼ਲ ਦੀਆਂ ਲਗਾਤਾਰ ਵੱਧ ਰਹੀਆਂ ਕੀਮਤਾਂ, ਬੀ.ਬੀ.ਐਮ.ਬੀ. ਵਿੱਚੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰਨ ਦੇ ਫ਼ੈਸਲੇ ਅਤੇ ਜ਼ਿਲ੍ਹਾ ਮੋਹਾਲੀ ਦੀਆਂ ਖਰਾਬ ਸੜਕਾਂ ਨੂੰ ਜਲਦ ਬਣਾਉਣ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ।



ਧਰਨੇ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਕੌਮੀ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਲੋਕਾਂ ਅਤੇ ਕਿਸਾਨਾਂ ਨਾਲ ਜੁੜੇ ਮੁੱਦਿਆਂ ਪ੍ਰਤੀ ਗੰਭੀਰਤਾ ਦਿਖਾਉਣੀ ਚਾਹੀਦੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਪੈਟਰੋਲ-ਡੀਜ਼ਲ ਦੀਆਂ ਵਧਦੀਆਂ ਕੀਮਤਾਂ ਕਾਰਨ ਆਮ ਲੋਕਾਂ ਅਤੇ ਕਿਸਾਨਾਂ ਤੇ ਆਰਥਿਕ ਬੋਝ ਲਗਾਤਾਰ ਵੱਧ ਰਿਹਾ ਹੈ। ਇਸ ਤੋਂ ਇਲਾਵਾ ਬੀ.ਬੀ.ਐਮ.ਬੀ. ਵਿੱਚ ਪੰਜਾਬ ਦੀ ਨੁਮਾਇੰਦਗੀ ਖਤਮ ਕਰਨਾ ਸੂਬੇ ਦੇ ਹੱਕਾਂ ਤੇ ਸਿੱਧਾ ਹਮਲਾ ਹੈ। ਉਨ੍ਹਾਂ ਮੋਹਾਲੀ ਜ਼ਿਲ੍ਹੇ ਦੀਆਂ ਟੁੱਟੀਆਂ ਅਤੇ ਖਰਾਬ ਸੜਕਾਂ ਦੀ ਤੁਰੰਤ ਮੁਰੰਮਤ ਅਤੇ ਨਿਰਮਾਣ ਦੀ ਵੀ ਮੰਗ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਆਗੂ ਮੌਜੂਦ ਰਹੇ।

# ਨਾਰਾਇਣਾ ਦੇ ਵਿਦਿਆਰਥੀਆਂ ਨੇ ਜੇਈਈ ਐਡਵਾਂਸਡ 2026 ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ

ਲੁਧਿਆਣਾ 3 ਜੂਨ (ਕਰਨੈਲ ਸਿੰਘ ਐੱਮ.ਏ.) : ਨਾਰਾਇਣਾ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਪੰਜਾਬ (ਲੁਧਿਆਣਾ) ਨੇ 3 ਜੂਨ ਨੂੰ ਜੇਈਈ ਐਡਵਾਂਸਡ 2026 ਦੇ ਨਤੀਜਿਆਂ ਦਾ ਐਲਾਨ ਕੀਤਾ। ਇਸ ਮੌਕੇ ਤੇ ਨਾਰਾਇਣਾ ਗਰੁੱਪ ਦੇ ਸਤਿਕਾਰਯੋਗ ਡਾਇਰੈਕਟਰ ਸ੍ਰੀਮਤੀ ਸ਼ਰਣੀ ਪੋਗੂਰੂ ਅਤੇ ਸ੍ਰੀ ਰਵੀ ਤੇਜਾ ਮੌਜੂਦ ਸਨ। ਨਾਰਾਇਣਾ ਗਰੁੱਪ ਦੇ ਡਾਇਰੈਕਟਰਾਂ ਨੇ ਦੱਸਿਆ ਕਿ ਨਾਰਾਇਣਾ ਦੀ ਲਗਾਤਾਰ ਵਧੀਆ ਨਤੀਜੇ ਦੇਣ ਦੀ 47 ਸਾਲ ਪੁਰਾਣੀ ਪਰੰਪਰਾ ਇਸ ਸਾਲ ਵੀ ਜਾਰੀ ਹੈ, ਨਾਰਾਇਣਾ ਦੇ ਵਿਦਿਆਰਥੀਆਂ ਨੇ ਜੇਈਈ ਐਡਵਾਂਸਡ 2026 ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਹਨ। ਸੱਤ ਵਿਦਿਆਰਥੀਆਂ ਨੇ ਟੌਪ 20 ਵਿੱਚ, 36 ਨੇ ਟੌਪ 100 ਵਿੱਚ, 150 ਨੇ ਟੌਪ 500 ਵਿੱਚ, 220 ਨੇ ਟੌਪ 1000 ਵਿੱਚ ਅਤੇ 631 ਨੇ ਟੌਪ 5000 ਵਿੱਚ ਸਥਾਨ ਪ੍ਰਾਪਤ ਕੀਤੇ ਹਨ। ਨਾਰਾਇਣਾ ਗਰੁੱਪ ਦੇ ਡਾਇਰੈਕਟਰਾਂ ਨੇ ਜੇਈਈ ਐਡਵਾਂਸਡ ਪ੍ਰੀਖਿਆ ਬਾਰੇ ਗੱਲ ਕੀਤੀ, ਜਿਸ ਨੂੰ ਦੁਨੀਆ ਦੀਆਂ ਸਭ ਤੋਂ ਔਖੀਆਂ ਪ੍ਰੀਖਿਆਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਪ੍ਰੀਖਿਆ ਇਸ ਸਾਲ 17 ਮਈ ਨੂੰ ਹੋਈ ਸੀ, ਅਤੇ ਨਤੀਜੇ 1 ਜੂਨ, 2026 ਨੂੰ ਘੋਸ਼ਿਤ ਕੀਤੇ ਗਏ ਸਨ। ਨਾਰਾਇਣਾ ਦੇ ਵਿਦਿਆਰਥੀਆਂ ਨੇ ਜੇਈਈ ਐਡਵਾਂਸਡ 2026 ਦੇ ਨਤੀਜਿਆਂ ਵਿੱਚ ਆਪਣੀਆਂ ਚੋਟੀ ਦੀਆਂ ਪ੍ਰਾਪਤੀਆਂ ਨਾਲ ਸਾਨੂੰ ਮਾਣ ਮਹਿਸੂਸ ਕਰਵਾਇਆ ਹੈ। ਨਾਰਾਇਣਾ ਵਿਖੇ JEE ਐਡਵਾਂਸਡ 2026 ਦੇ ਚੋਟੀ ਦੇ ਰੈਂਕਰ ਕੁਚੀ ਸੰਦੀਪ ਹਨ, ਜਿਨ੍ਹਾਂ ਨੇ ਜੈਕ੍ਰਿਸ਼ਨ ਸ਼੍ਰੀਨਿਵਾਸ, ਮਨੂ ਪਰਮੇਸ਼ਵਰਨ, ਪ੍ਰਿੰਸ ਚੌਧਰੀ, ਵੇਲਦੁਰਤੀ ਹਰਸ਼ਿਤ, ਤਨਯ ਅਗਰਵਾਲ, ਅਤੇ ਅਨੀਸ਼ ਮੁੱਪੱਲਾ, ਪ੍ਰਾਪਤ ਕੀਤੇ ਹਨ।ਪੰਜਾਬ ਵਿੱਚ ਖੇਤਰੀ ਰੈਂਕਾਂ ਵੱਲ ਮੁੜਦੇ ਹੋਏ, ਸਾਡਾ ਐਡਵਾਂਸਡ 2026 ਪੰਜਾਬ ਟਾਪਰ ਅਰਨਵ ਜੈਨ ਹੈ, ਜਿਸਨੇ ਮੋਹਾਲੀ ਖੇਤਰ ਤੋਂ AIR HD ਪ੍ਰਾਪਤ ਕੀਤਾ ਹੈ। ਮੋਹਾਲੀ ਖੇਤਰ ਦੇ ਕੁਝ ਹੋਰ ਚੋਟੀ ਦੇ ਨਤੀਜਿਆਂ ਵਿੱਚ ਦਰਸ਼ੀਲ ਮੋਦੀ (AIR ABE), ਮਾਨਸ ਜਿੰਦਲ (AIR AG@), ਆਰੁਸ਼ ਗੋਇਲ (AIR AGE), ਅਤੇ ਨਮਨ ਗੋਇਲ (AIR BEH) ਸ਼ਾਮਲ ਹਨ। ਮੋਹਾਲੀ ਖੇਤਰ ਦੇ 11 ਵਿਦਿਆਰਥੀ ਹਨ ਜਿਨ੍ਹਾਂ ਨੇ AIR 1000 ਤੋਂ ਘੱਟ ਪ੍ਰਾਪਤ ਕੀਤੇ ਹਨਵਿੱਚ ਉੱਤਮ ਹੋਣ ਦਾ ਸੁਪਨਾ ਦੇਖਦਾ ਹੈ, ਤਾਂ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਸਾਡੇ 850 ਤੋਂ ਵੱਧ ਸੰਸਥਾਨ, ਪੰਜਾਬ ਖੇਤਰ ਵਿੱਚ 8 ਸ਼ਾਖਾਵਾਂ ਅਤੇ ਲੁਧਿਆਣਾ ਵਿੱਚ 3 ਸ਼ਾਖਾਵਾਂ ਵੱਖ-ਵੱਖ ਇੰਜੀਨੀਅਰਿੰਗ ਅਤੇ ਮੈਡੀਕਲ ਦਾਖਲਾ ਪ੍ਰੀਖਿਆਵਾਂ ਲਈ ਤਿਆਰੀ ਪ੍ਰੋਗਰਾਮ ਪੇਸ਼ ਕਰਦੀਆਂ ਹਨ।

# 9ਵਾਂ ਇੰਟਰਨੈਸ਼ਨਲ ਅਲਬਰਟਾ ਹਾਕੀ ਕੱਪ 2026 ਧੂਮ-ਧੜੱਕੇ ਨਾਲ ਹੋਇਆ ਸਮਾਪਤ

ਲੁਧਿਆਣਾ, 3 ਜੂਨ (ਕਰਨੈਲ ਸਿੰਘ ਐੱਮ.ਏ.) : ਯੂਨਾਈਟਡ ਫੀਲਡ ਹਾਕੀ ਕਲੱਬ ਕੈਲਗਰੀ ਵੱਲੋਂ ਕਰਵਾਇਆ ਗਿਆ 9ਵਾਂ ਇੰਟਰਨੈਸ਼ਨਲ ਅਲਬਰਟਾ ਕੱਪ 2026, 29, 30 ਅਤੇ 31 ਮਈ ਨੂੰ Genesis Centre ਵਿੱਚ ਬਹੁਤ ਹੀ ਸ਼ਾਨਦਾਰ ਢੰਗ ਨਾਲ ਸੰਪੰਨ ਹੋਇਆ। ਉੱਤਰੀ ਅਮਰੀਕਾ ਦੀਆਂ 27 ਟੀਮਾਂ ਅਤੇ 300 ਤੋਂ ਵੱਧ ਖਿਡਾਰੀਆਂ ਨੇ ਇਸ ਟੂਰਨਾਮੈਂਟ ਵਿੱਚ ਭਾਗ ਲਿਆ, ਜਦਕਿ ਹਜ਼ਾਰਾਂ ਦਰਸ਼ਕਾਂ ਨੇ ਹਾਜ਼ਰੀ ਭਰ ਕੇ ਖਿਡਾਰੀਆਂ ਦਾ ਹੌਸਲਾ ਵਧਾਇਆ। ਟੂਰਨਾਮੈਂਟ ਦੌਰਾਨ ਫੀਲਡ ਹਾਕੀ ਦੇ ਰੋਮਾਂਚਕ ਮੁਕਾਬਲਿਆਂ ਦੇ ਨਾਲ-ਨਾਲ ਬੱਚਿਆਂ ਦੀਆਂ ਦੌੜਾਂ, ਤਾਸ਼ ਸ਼ੀਪ ਮੁਕਾਬਲੇ ਅਤੇ ਲੱਕੀ ਡਰਾਅ ਵੀ ਕਰਵਾਏ ਗਏ। ਟੂਰਨਾਮੈਂਟ ਨਤੀਜੇ ਮੈਨਜ਼ ਡਿਵੀਜ਼ਨ ਵਿੱਚ ਮੈਕਸੀਕੋ ਬਾਹਾ ਨੇ ਪਹਿਲਾ ਅਤੇ ਅਕਾਲ 683 ਨੇ ਦੂਜਾ ਸਥਾਨ ਹਾਸਲ ਕੀਤਾ। ਮਾਸਟਰਜ਼ 45+ ਵਿੱਚ ਪੰਜਾਬ ਸਪੋਰਟਸ ਜੇਤੂ ਰਹੀ ਜਦਕਿ ਸੁਰਿੰਦਰ ਲਾਇਨਜ਼ ਸਰੀ ਉਪ-ਜੇਤੂ ਰਹੀ।ਅੰਡਰ-18 ਵਿੱਚ ਯੂਨਾਈਟਿਡ ਫੀਲਡ ਹਾਕੀ ਕਲੱਬ ਨੇ ਖਿਤਾਬ ਜਿੱਤਿਆ ਅਤੇ ਮੈਕਸੀਕੋ ਬਾਹਾ ਨੇ ਦੂਜਾ ਸਥਾਨ ਹਾਸਲ ਕੀਤਾ।ਅੰਡਰ-14 ਵਿੱਚ ਮੈਕਸੀਕੋ ਬਾਹਾ ਜੇਤੂ ਅਤੇ ਐਡਮੰਟਨ 683 ਉਪ-ਜੇਤੂ ਰਹੀ। ਅੰਡਰ-10 ਵਿੱਚ ਐਡਮੰਟਨ 683 ਨੇ ਪਹਿਲਾ ਅਤੇ ਪੰਜਾਬ ਸਪੋਰਟਸ ਨੇ ਦੂਜਾ ਸਥਾਨ ਹਾਸਲ ਕੀਤਾ।ਟੂਰਨਾਮੈਂਟ ਦੇ ਮੁੱਖ ਆਯੋਜਕ ਮਨਦੀਪ ਝੱਲੀ ਰਹੇ। ਟੂਰਨਾਮੈਂਟ ਕਮੇਟੀ ਵਿੱਚ ਕਵਲ ਢਿੱਲੋਂ, ਮਨਵੀਰ ਗਿੱਲ, ਕੁਲਵੰਤ ਬਰਾੜ, ਅਮਨਪ੍ਰੀਤ ਕੌਰਾ, **ਸੁਰਿੰਦਰ ਸਿੰਘ, ਮਨਵੀਰ ਮੰਗਟ,** ਜਸਕਰਨ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ।


**ਦਫਤਰ ਨਗਰ ਕੌਂਸਲ ਫਾਜ਼ਿਲਕਾ ਜ਼ਿਲ੍ਹਾ ਫਾਜ਼ਿਲਕਾ**
**ਈ-ਨਿਲਾਮੀ**
**EO/MC/Fazilka/2026-27-02**

ਨਗਰ ਕੌਂਸਲ ਫਾਜ਼ਿਲਕਾ ਵੱਲੋਂ ਆਪਣੀ ਮਾਲਕੀ ਐਮ.ਸੀ.-2 ਕਲੋਨੀ ਦੇ ਪਲਾਟਾਂ ਨੂੰ ਈ ਆਕਸ਼ਨ ਪ੍ਰਣਾਲੀ ਰਾਹੀਂ ਵੇਚੇ ਜਾ ਰਹੇ ਹਨ ਜਿਨ੍ਹਾਂ ਨੂੰ ਖਰੀਦਣ ਦਾ ਸੁਨਹਿਰੀ ਮੌਕਾ ਆਮ ਲੋਕਾਂ ਨੂੰ ਦਿੱਤਾ ਜਾਂਦਾ ਹੈ ਅਤੇ ਹੇਠ ਦਰਸਾਏ ਅਨੁਸਾਰ ਬੋਲੀ ਦੀ ਪੇਸ਼ਕਸ਼ ਕਰਦਾ ਹੈ।

| | |
|---|---|
| ਬਿਡਰ ਲਈ ਰਜਿਸਟ੍ਰੇਸ਼ਨ ਸ਼ੁਰੂ ਹੋਣ ਅਤੇ ਬਿਆਨਾ ਰਕਮ ਜਮ੍ਹਾਂ ਕਰਵਾਉਣ ਦੀ ਮਿਤੀ ਅਤੇ ਸਮਾਂ | 04.06.2026 ਸਵੇਰੇ 10:00 ਵਜੇ |
| ਬਿਡਰ ਲਈ ਰਜਿਸਟ੍ਰੇਸ਼ਨ ਬੰਦ ਹੋਣ ਅਤੇ ਬਿਆਨਾ ਰਕਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਅਤੇ ਸਮਾਂ | 24.06.2026 ਸ਼ਾਮ 05:00 ਵਜੇ |
| ਆਨਲਾਈਨ ਬਿਡ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | 25.06.2026 ਸਵੇਰੇ 10:00 ਵਜੇ |
| ਆਨਲਾਈਨ ਬਿਡ ਬੰਦ ਹੋਣ ਦੀ ਮਿਤੀ ਅਤੇ ਸਮਾਂ | 26.06.2026 ਸ਼ਾਮ 05:00 ਵਜੇ |
| ਈ-ਆਕਸ਼ਨ ਪੋਰਟਲ | www.tenderwizard.com/DLGP |

ਹੋਰ ਨਿਲਾਮੀ ਸਬੰਧੀ ਸ਼ਰਤਾਂ ਅਤੇ ਡਿਟੇਲ ਦਫਤਰੀ ਨੋਟਿਸ ਵੈੱਬਸਾਈਟ ਅਤੇ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਨਗਰ ਕੌਂਸਲ ਫਾਜ਼ਿਲਕਾ ਵਿਖੇ ਮੋਬਾਇਲ ਨੰ. 95017-04400, 98146-70132, 98764-33775 ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਪ੍ਰਸ਼ਾਸਕ
ਨਗਰ ਕੌਂਸਲ ਫਾਜ਼ਿਲਕਾ
ਉਪ ਮੰਡਲ ਮੈਜਿਸਟ੍ਰੇਟ, ਫਾਜ਼ਿਲਕਾ

ਸਹੀ/-
ਕਾਰਜਸਾਧਕ ਅਫਸਰ
ਨਗਰ ਕੌਂਸਲ ਫਾਜ਼ਿਲਕਾ

Ro No.: PR-Advt. No.: 1493 / 12 / 2026-27 / 11903 / Dated CHD : 03.06.2026



**ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**
(ਰਜਿਸਟਰਡ ਆਫਿਸ : ਪੰ:ਰਾ:ਬਿ:ਬੋ: ਹੈੱਡ ਆਫਿਸ, ਪਟਿਆਲਾ-147001)
ਕਾਰਪੋਰੇਟ ਆਈਡੈਂਟਿਟੀ ਨੰਬਰ : U40109PB2010SGC033814
ਦਫਤਰ : ਸੀਨੀ. ਕਾ.ਕਾ. ਇੰਜੀ., ਪ੍ਰੋਟੈਕਸ਼ਨ ਮੰਡਲ, ਗੁਰਦਾਸਪੁਰ,
ਈ-ਮੇਲ : srxen-prot-malikp@pstcl.org ਟੈਲੀਫੋਨ ਨੰ. 96461-18246, 01874-2456476

ਓਪਨ ਈ-ਟੈਂਡਰ ਨੋਟਿਸ

| | |
|---|---|
| ਈ. ਟੈਂਡਰ ਦਾ ਨੋਟਿਸ | ਸੀਨੀ. ਕਾ.ਕਾ. ਇੰਜੀਨੀਅਰ, ਪ੍ਰੋਟੈਕਸ਼ਨ ਮੰਡਲ, ਗੁਰਦਾਸਪੁਰ ਦੇ ਦਫਤਰ ਦੀ ਵਰਤੋਂ ਲਈ ਇਕ ਨੰ. ਸਕਾਰਪੀਓ/ਜਾਯਲੋ/ਮਹਿੰਦਰਾ ਬੋਲੈਰੋ/ਟੀਯੂਵੀ 300 ਗੱਡੀ ਜਾਂ ਇਸ ਦੇ ਬਰਾਬਰ ਰੇਟ ਵਿੱਚ ਨੂੰ 1 ਸਾਲ ਲਈ ਕਿਰਾਏ ਤੇ ਲੈਣ ਬਾਰੇ। |
| ਈ. ਟੈਂਡਰ ਇੰਨਕੁਆਇਰੀ ਨੰ. | 02/2026-27 |
| ਈ. ਟੈਂਡਰ/ਬੋਲੀ ਤੇ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 06.07.2026 ਸਵੇਰੇ 11:00 ਵਜੇ |
| ਈ. ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ | 08.07.2026 ਸਵੇਰੇ 12:00 ਵਜੇ |
| ਈ.ਐਮ.ਡੀ. | ਕੰਟਰੈਕਟ ਰਕਮ ਦਾ 2% |

ਨੋਟ : ਸੂਚਿਤ ਕੀਤਾ ਜਾਂਦਾ ਹੈ ਕਿ ਅਖ਼ਬਾਰਾਂ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ। ਟੈਂਡਰ ਸਬੰਧੀ ਸੋਧ ਵੇਰਵੇ ਪੀ.ਐਸ.ਟੀ.ਸੀ.ਐਲ. ਦੀ ਵੈੱਬਸਾਈਟ ਤੋਂ ਵੇਖੇ ਜਾਣ। ਨਿਯਮ ਅਤੇ ਸ਼ਰਤਾਂ ਪੀ.ਐਸ.ਟੀ.ਸੀ.ਐਲ. ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ।
www.pstcl.org and https://eproc.punjab.gov.in

-ਸਹੀ/- ਸੀ.ਕਾ.ਕਾ. ਇੰਜੀ. ਪ੍ਰੋਟੈਕਸ਼ਨ ਮੰਡਲ, ਪੀ.ਐਸ.ਟੀ.ਸੀ.ਐਲ., ਗੁਰਦਾਸਪੁਰ

Ro No.: PR-Advt. No.: 1078 / 12 / 2026-27 / 11926 / Dated CHD : 03.06.2026



**ਈ-ਟੈਂਡਰ ਨੋਟਿਸ ਨੰ: 05/2026-27**
**ਪੀ ਅਤੇ ਐਮ ਮੰਡਲ, ਜਮਸ਼ੇਰ, ਜਲੰਧਰ ਦੇ ਦਫਤਰ ਰਾਹੀ ਹੇਠ ਦਰਸਾਏ ਈ-ਟੈਂਡਰ**

| ਲੜੀ ਨੰ: | ਕੰਮ ਦਾ ਵੇਰਵਾ |
|---|---|
| 1 | ਪੀ ਅਤੇ ਐਮ ਮੰਡਲ ਸਮਸ਼ੇਰ ਅਧੀਨ ਆਉਂਦੇ 09 ਨੰ ਸਬਸਟੇਸ਼ਨਾਂ ਵਿਖੇ ਪੀਐਸਟੀਸੀਐਲ ਦੀ ਹਾਰਟੀਕਲਚਰ ਪਾਲਿਸੀ ਮੁਤਾਬਿਕ ਨਾਨ-ਯਾਰਡ ਏਰੀਏ ਤੋਂ ਜੰਗਲੀ ਦੀ ਕਟਾਈ/ਸਫਾਈ ਕਰਨ ਸਬੰਧੀ। |

ਬਿਡ ਪਾਉਣ ਦੀ ਅੰਤਿਮ ਮਿਤੀ/ਸਮਾਂ : 30.06.2026 ਸਮਾਂ 11:00 ਵਜੇ ਤੱਕ।
ਟੈਂਡਰ ਖੋਲਣ ਦੀ ਮਿਤੀ ਅਤੇ ਸਮਾਂ :- 30.06.2026 ਦੁਪਹਿਰ 12:00 ਵਜੇ।
ਟੈਂਡਰ ਦੇ ਵੇਰਵੇ :- ਵੈਬ ਸਾਈਟ www.pstcl.org ਅਤੇ https://eproc.punjab.gov.in/nicgep/app ਵੇਖੇ ਜਾਣ। ਮੋਬਾਇਲ ਨੰ: 96461-18227 , ਈ ਮੇਲ - srxen-pm-jamsher@pstcl.org
ਨੋਟ :- ਟੈਂਡਰ ਦਾ ਕੋਰੀਜੈਂਡਮ ਉਪਰਕੋਤ ਦਰਸਾਈ ਗਈ web site ਵਿੱਖੇ ਪ੍ਰਕਾਸਿਤ ਕੀਤੇ ਜਾਣਗੇ।
ਸੀਨੀਅਰ ਕਾਰਜਕਾਰੀ ਇੰਜੀ, ਪੀਐਂਡਐਮ ਮੰਡਲ, ਜਮਸ਼ੇਰ, ਜਲੰਧਰ।

Ro No.: PR-Advt. No.: 1078 / 12 / 2026-27 / 11920/ Dated CHD : 03.06.2026



**ਵੇਰਕਾ**
**ਦੀ ਪਟਿਆਲਾ ਡਿਸਟ੍ਰਿਕਟ ਕੋਆਪਰੇਟਿਵ ਮਿਲਕ ਪ੍ਰੋਡਿਊਸਰਜ਼ ਯੂਨੀਅਨ ਲਿਮਟਿਡ**
**ਨੋਟਿਸ**

ਦੀ ਪਟਿਆਲਾ ਜ਼ਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਸੰਘ ਲਿਮਟਿਡ ਪਟਿਆਲਾ ਦੇ ਸਮੂਹ ਮੈਂਬਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸੰਸਥਾ ਦੇ ਬੋਰਡ ਆਫ ਡਾਇਰੈਕਟਰਜ਼ ਦੀ ਚੋਣ ਕਰਵਾਉਣ ਲਈ, ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਪਟਿਆਲਾ ਵੱਲੋਂ 12 ਤਜਵੀਜ਼ਤ ਜੋਨ ਤਿਆਰ ਕਰਕੇ ਇਸ ਦਫਤਰ ਵਿੱਚ ਪ੍ਰਵਾਨਗੀ ਲਈ ਭੇਜੇ ਗਏ ਹਨ।ਇਹ ਤਜਵੀਜ਼ਤ ਜੋਨ ਅਤੇ ਜੋਨਾਂ ਦੀਆਂ ਲਿਸਟਾਂ ਦਫਤਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਪਟਿਆਲਾ ਦੇ ਦਫਤਰ, ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਤਿਹਗੜ੍ਹ ਸਾਹਿਬ ਦੇ ਦਫਤਰ, ਨਿਮਨ ਹਸਤਾਖਰੀ ਦੇ ਦਫਤਰ ਅਤੇ ਦੀ ਪਟਿਆਲਾ ਜ਼ਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਸੰਘ ਲਿਮਟਿਡ ਪਟਿਆਲਾ ਦੇ ਦਫਤਰ ਵਿਖੇ ਵੇਖੀਆਂ ਜਾ ਸਕਦੀਆਂ ਹਨ। ਤਜਵੀਜ਼ ਹੋਏ ਜੋਨਾਂ ਦੀ ਬਣਤਰ ਅਤੇ ਜੋਨਾਂ ਦੀਆਂ ਲਿਸਟਾਂ ਬਾਰੇ ਜੇਕਰ ਕਿਸੇ ਮੈਂਬਰ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨਿਮਨ ਹਸਤਾਖਰ ਦੇ ਦਫਤਰ (ਜੋ ਕਿ ਮੁੱਖ ਦਫਤਰ, ਦੀ ਪਟਿਆਲਾ ਕੇਂਦਰੀ ਸਹਿਕਾਰੀ ਬੈਂਕ ਲਿਮਟਿਡ ਪਟਿਆਲਾ, ਮਾਲ ਰੋਡ, ਪਟਿਆਲਾ ਦੀ ਬਿਲਡਿੰਗ ਵਿੱਚ ਸਥਿਤ ਹੈ) ਵਿਖੇ ਮਿਤੀ **22.06.2026** ਤੱਕ ਦੁਪਹਿਰ ਦੇ **01:30** ਵਜੇ ਤੱਕ ਲਿਖਤੀ ਰੂਪ ਵਿੱਚ ਆਪਣਾ ਇਤਰਾਜ਼ ਦਾਖਲ ਕਰ ਸਕਦਾ ਹੈ। ਇਤਰਾਜ਼ਾਂ ਦੀ ਸੁਣਵਾਈ ਅਗਲੇ ਦਿਨ ਮਿਤੀ **23.06.2026** ਨੂੰ ਸਵੇਰੇ **11:00** ਵਜੇ ਨਿਮਨ ਹਸਤਾਖਰ ਦੇ ਦਫਤਰ ਵਿਖੇ ਕੀਤੀ ਜਾਵੇਗੀ। ਪ੍ਰਵਾਨਗੀ ਉਪਰੰਤ ਜੋਨਾਂ ਦੀ ਅੰਤਿਮ ਸੂਚੀ ਅਗਲੇ ਦਿਨ ਮਿਤੀ **24.06.2026** ਨੂੰ ਦੁਪਹਿਰ **01:00** ਵਜੇ ਨਿਮਨ ਹਸਤਾਖਰ ਦੇ ਦਫਤਰੀ ਕਮਰੇ ਦੇ ਬਾਹਰ ਨੋਟਿਸ ਬੋਰਡ ਤੇ ਲਟਕਾ ਦਿੱਤੀ ਜਾਵੇਗੀ।
ਇਹ ਨੋਟਿਸ ਅੱਜ ਮਿਤੀ **01.06.2026** ਨੂੰ ਮੇਰੇ ਦਸਤਖਤਾਂ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ।

ਮਿਤੀ : 01.06.2026
ਸਥਾਨ: ਪਟਿਆਲਾ।

-ਸਹੀ-
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪਟਿਆਲਾ ਮੰਡਲ,
ਪਟਿਆਲਾ।

Ro No.: PR-Advt. No.: 1018 / 12 / 2026-27 / 11906 / Dated CHD : 03.06.2026



**ਨਗਰ ਨਿਗਮ ਚੰਡੀਗੜ੍ਹ**
**ਟੈਂਡਰ ਸੂਚਨਾ**

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | ਕਾਰਜਕਾਰੀ ਇੰਜੀਨੀਅਰ -ਸੜਕ ਮੰਡਲ ਨੰ. 2 | | |
| 1. | ਪਿੰਡ ਮੌਲੀ ਜਾਗਰਾਂ, ਚੰਡੀਗੜ੍ਹ ਵਿਖੇ ਮਕਾਨ ਨੰ. 448 ਤੋਂ 445 (ਬਲਾਕ-1), ਮਕਾਨ ਨੰ. 550 ਤੋਂ ਪਖਾਨਾ (ਬਲਾਕ-2) ਸ਼ਿਵ ਮੰਦਰ (ਬਲਾਕ-3) ਅਤੇ ਮਕਾਨ ਨੰ. 439 (ਬਲਾਕ-4) ਦੇ ਨਜ਼ਦੀਕ 80 ਐਮਐਮ ਮੋਟੇ ਪੇਵਰ ਬਲਾਕਾਂ ਦੀ ਵਿਵਸਥਾ ਅਤੇ ਸਥਾਪਨਾ।<br>ਅਨੁਮਾਨਤ ਲਾਗਤ : ਰੁ. 38.40 ਲੱਖ ਬਿਆਨਾ ਰਕਮ : ਰੁ. 76,819/-<br>ਸਮਾਂ ਹੱਦ : 02 ਮਹੀਨੇ | 03.06.2026 To 10.06.2026 upto 12.00 noon | 10.06.2026 at 12.00 noon |
| 2. | ਐਮਐਚਸੀ, ਮਨੀਮਾਜਰਾ, ਚੰਡੀਗੜ੍ਹ ਵਿਖੇ ਗੇਟ ਨੰ. 3 ਤੋਂ ਅੰਡਰਪਾਸ ਤੱਕ ਪੈਦਲ ਯਾਤਰੀ ਪਾਰਕ ਦਾ ਪੁਨਰ-ਨਿਰਮਾਣ ਅਤੇ ਮਾਰਕਿਟ ਖੇਤਰ ਦਾ ਵਿਕਾਸ।<br>ਅਨੁਮਾਨਤ ਲਾਗਤ : ਰੁ. 42.51 ਲੱਖ ਬਿਆਨਾ ਰਕਮ : ਰੁ. 85,023/-<br>ਸਮਾਂ ਹੱਦ : 04 ਮਹੀਨੇ | 03.06.2026 To 10.06.2026 upto 12.00 noon | 10.06.2026 at 12.00 noon |
| | ਕਾਰਜਕਾਰੀ ਇੰਜੀਨੀਅਰ -ਐਮਸੀਪੀਐਚ ਡਵੀਜ਼ਨ ਨੰ. 3 | | |
| 3. | ਬਾਪੂ ਧਾਮ ਕਲੋਨੀ, ਸੈਕਟਰ 26, ਚੰਡੀਗੜ੍ਹ ਵਿਚ ਵੱਖ ਵੱਖ ਥਾਵਾਂ 'ਤੇ ਬਰਸਾਤੀ ਪਾਣੀ ਦੇ ਸੌਖੇ ਨਿਪਟਾਰੇ ਲਈ ਸੜਕ, ਗਲੀਆਂ ਅਤੇ ਮਸ਼ੀਨ ਹੋਲਜ਼ ਦੇ ਨਿਰਮਾਣ ਦੁਆਰਾ ਬਰਸਾਤੀ ਪਾਣੀ ਨਿਕਾਸੀ ਪ੍ਰਣਾਲੀ ਦਾ ਵਿਕਾਸ (ਸੀਐਚ ਟੂ : ਕੈਪੀਟਲ ਹੈਡ-ਐਸਡਬਲਿਊਡੀ ਪ੍ਰਣਾਲੀ) (ਪੁਨਰ-ਸੱਦਾ)<br>ਅਨੁਮਾਨਤ ਲਾਗਤ : ਰੁ. 42,48,788/- ਬਿਆਨਾ ਰਕਮ : ਰੁ. 84,976/-<br>ਸਮਾਂ ਹੱਦ : 06 ਮਹੀਨੇ ਟੈਂਡਰ ਫੀਸ : ਰੁ. 3,000/- | 04-06-2026 To 12-06-2026 upto 1.00 P.M. | 12-06-2026 at 03.00 P.M. |
| 4. | ਐਸਡੀਈ ਐਮਸੀਪੀਐਚ ਉਪ ਮੰਡਲ ਨੰ. 4, ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਜਲ ਜਮ੍ਹਾ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਬੂਥ ਨੰਬਰ 1 ਸੈਕਟਰ 23-ਸੀ ਅਤੇ 22/23 ਲਾਈਟ ਪੁਆਇੰਟ ਦੇ ਨੇੜੇ, ਸੈਕਟਰ-23 ਚੰਡੀਗੜ੍ਹ ਦੇ ਨਜ਼ਦੀਕ ਪੁਰਾਣੇ ਮੌਜੂਦਾ ਜਨਤਕ ਪਖਾਨਾ ਬਲਾਕਾਂ ਦਾ ਸੁਧਾਰ। (ਸੀਐਚ ਟੂ : ਕੈਪੀਟਲ ਹੈਡ-ਨਾਗਰਿਕ ਕੰਮ/ਜਨਤਕ ਪਖਾਨਾ) (ਪੁਨਰ-ਸੱਦਾ)<br>ਅਨੁਮਾਨਤ ਲਾਗਤ : ਰੁ. 44,72,438/- ਬਿਆਨਾ ਰਕਮ : ਰੁ. 89,449/-<br>ਸਮਾਂ ਹੱਦ : 03 ਮਹੀਨੇ ਟੈਂਡਰ ਫੀਸ : ਰੁ. 3,000/- | 04-06-2026 To 12-06-2026 upto 1.00 P.M. | 12-06-2026 at 03.00 P.M. |

ਨੋਟ :- 1) ਵਿਸਥਾਰਤ ਨਿਯਮ ਅਤੇ ਸ਼ਰਤਾਂ ਸਮੇਤ ਟੈਂਡਰ ਸੂਚਨਾ ਵੈਬਸਾਈਟ www.chandigarh.gov.in ਜਾਂ etenders.chd.nic.in 'ਤੇ ਉਪਲਬਧ/ਅਪਲੋਡ ਕੀਤੀ ਗਈ ਹੈ

ਕਾਰਜਕਾਰੀ ਇੰਜੀਨੀਅਰ
ਸੜਕ ਮੰਡਲ ਨੰ. 2, ਕਮਰਾ ਨੰ. 304, ਐਮ.ਸੀ. ਚੰਡੀਗੜ੍ਹ,
ਅਤੇ ਐਮਸੀਪੀਐਚ ਮੰਡਲ ਨੰ. 3, ਚੰਡੀਗੜ੍ਹ,



**ਨਗਰ ਕੌਂਸਲ ਸਨੌਰ ਜ਼ਿਲ੍ਹਾ ਪਟਿਆਲਾ**
**ਪੰਜਾਬ ਸਰਕਾਰ**
ਟੈਂਡਰ / ਆਰਐਫਪੀ ਹਵਾਲਾ ਨੰਬਰ ਐਮਸੀ ਸਨੌਰ/2026-27/02
ਨਗਰ ਕੌਂਸਲ ਸਨੌਰ ਵਿਭਾਗ ਸਿਵਲ ਵਰਕਸ/ਲੇਬਰ ਵਰਕਸ ਅਤੇ ਹੋਰਾਂ ਲਈ ਆਨਲਾਈਨ ਬੋਲੀਆਂ ਮੰਗਦਾ ਹੈ।

| ਲੜੀ ਨੰ. | ਬੋਲੀ ਦਸਤਾਵੇਜ਼ਾਂ ਦੀ ਆਨਲਾਈਨ ਵਿਕਰੀ ਦੀ ਸ਼ੁਰੂਆਤ | ਬੋਲੀ ਦਸਤਾਵੇਜ਼ਾਂ ਦੀ ਆਨਲਾਈਨ ਵਿਕਰੀ ਅਤੇ ਪੇਸ਼ਕਸ਼ ਦੀ ਆਖਰੀ ਮਿਤੀ | ਬੋਲੀ ਦਸਤਾਵੇਜ਼ਾਂ ਦਾ ਖੁੱਲ੍ਹਣਾ | ਕੀਮਤ ਬੋਲੀ ਦਾ ਖੁੱਲ੍ਹਣਾ |
|---|---|---|---|---|
| 1 | 04.06.2026 (09.00 ਵਜੇ ਸਵੇਰੇ) | 12.06.2026 (05.00 ਵਜੇ ਸ਼ਾਮੇ) | 15.06.2026 (09.00 ਵਜੇ ਸਵੇਰੇ) | 15.06.2026 (03.00 ਵਜੇ ਦੁਪਹਿਰ) |

ਵੇਰਵਿਆਂ ਲਈ ਲੌਗਇਨ ਕਰੋ: https://eproc.punjab.gov.in
ਨੋਟ: ਟੈਂਡਰ/ਆਰਐਫਪੀ ਨੋਟਿਸ ਦਾ ਕੋਈ ਵੀ ਸੋਧ (ਸ਼ੁੱਧੀਆਂ) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।
ਸਹੀ/- ਕਾਰਜਕਾਰੀ ਅਧਿਕਾਰੀ,
ਨਗਰ ਕੌਂਸਲ ਸਨੌਰ।

RO.No.PR-Advt.No. 1532/12/2026-27/11905/Dated CHD 03.06.2026



**ਪੰਜਾਬ ਸਰਕਾਰ**
ਟੈਂਡਰ/ਆਰਐਫਪੀ ਹਵਾਲਾ ਨੰਬਰ: ਈ-ਟੈਂਡਰ :- ਐਲਜੀ/ਐਨਪੀ ਦਿੜ੍ਹਬਾ/2026-27/04
ਨਗਰ ਪੰਚਾਇਤ ਦਿੜ੍ਹਬਾ (ਸੰਗਰੂਰ) ਦੇ ਵਿਭਾਗ ਵੱਲੋਂ ਦਿੜ੍ਹਬਾ ਵਿਖੇ ਵੱਖ ਵੱਖ ਵਾਰਡਾਂ ਵਿਚ ਵਿਕਾਸ ਕਾਰਜਾਂ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ:
ਬੰਦ ਹੋਣ ਦੀ ਮਿਤੀ ਅਤੇ ਸਮਾਂ : 17.06.2026 ਨੂੰ ਦੁਪਹਿਰ 12.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : www.eproc.punjab.gov.in
ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-ਪ੍ਰਧਾਨ,
ਨਗਰ ਪੰਚਾਇਤ, ਦਿੜ੍ਹਬਾ
ਸਹੀ/-ਕਾਰਜਕਾਰੀ ਅਧਿਕਾਰੀ,
ਨਗਰ ਪੰਚਾਇਤ, ਦਿੜ੍ਹਬਾ

RO.No.PR-Advt.No.1228/12/2026-27/11900/Dated CHD : 03/06/2026



**PSPCL Punjab State Power Corporation Limited**
**(ਜਨਤਕ ਸੂਚਨਾ)**

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਫੋਰਮ ਅਤੇ ਓਮਬਡਸਮੈਨ) ਰੈਗੂਲੇਸ਼ਨਜ਼, 2016 (ਜਿਵੇਂ ਕਿ ਸਮੇਂ-ਸਮੇਂ ਤੇ ਸੋਧ ਕੀਤੇ ਗਏ ਹਨ) ਦੇ ਰੈਗੂਲੇਸ਼ਨ 2.9 ਅਧੀਨ ਸੰਬੰਧਿਤ ਫੋਰਮਾਂ ਦੀ ਵਿੱਤੀ ਸੀਮਾ ਵਿੱਚ ਵਾਧੇ ਸੰਬੰਧੀ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੰ:ਰਾ:ਪਾ:ਕਾ:ਲਿਮ;) ਵੱਲੋਂ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਚੰਡੀਗੜ੍ਹ (ਪੀ.ਐਸ.ਈ.ਆਰ.ਸੀ.) ਦੇ ਸਨਮੁੱਖ ਦਾਇਰ ਪਟੀਸ਼ਨ ਨੰਬਰ 37 ਆਫ 2026 ਵਿੱਚ ਤੋਂ ਇਤਰਾਜਾਂ/ਸੁਝਾਅ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ।

1) ਸਾਰਿਆਂ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਫੋਰਮ ਅਤੇ ਓਮਬਡਸਮੈਨ) ਰੈਗੂਲੇਸ਼ਨਜ਼, 2016 (ਜਿਵੇਂ ਕਿ ਸਮੇਂ-ਸਮੇਂ ਤੇ ਸੋਧ ਕੀਤੇ ਗਏ ਹਨ) ਦੇ ਰੈਗੂਲੇਸ਼ਨ 2.9 ਅਧੀਨ ਸੰਬੰਧਿਤ ਫੋਰਮਾਂ ਦੀ ਦਿੱਤੀ ਸੀਮਾ ਵਿੱਚ ਵਾਧੇ ਸੰਬੰਧੀ ਪੀ.ਐਸ.ਈ.ਆਰ.ਸੀ. ਦੇ ਸਨਮੁੱਖ ਪਟੀਸ਼ਨ ਨੰ: 37 ਆਫ 2026 ਦਾਇਰ ਕੀਤੀ ਗਈ ਹੈ। ਇਹ ਪਟੀਸ਼ਨ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ www.pspcl.in ਦੇ ਨਾਲ ਨਾਲ ਕਮਿਸ਼ਨ ਦੀ ਵੈਬਸਾਈਟ www.pserc.punjab.gov.in ਤੇ ਵੀ ਉਪਲੱਬਧ ਹੈ ਅਤੇ ਇਥੋਂ ਇਸ ਦੀ ਕਾਪੀ ਡਾਊਨਲੋਡ ਕੀਤੀ ਜਾ ਸਕਦੀ ਹੈ।

2) ਪੀ.ਐਸ.ਪੀ.ਸੀ.ਐਲ ਦੁਆਰਾ ਸੰਬੰਧਿਤ ਫੋਰਮਾਂ ਦੀ ਵਿੱਤੀ ਸੀਮਾ ਵਿੱਚ ਵਾਧੇ ਸੰਬੰਧੀ ਦਾਇਰ ਕੀਤੀ ਗਈ ਪਟੀਸ਼ਨ ਵਿਰੁੱਧ ਇਤਰਾਜ਼ਾਂ/ਸੁਝਾਅ ਸਮੇਤ ਸਬੰਧਤ ਦਸਤਾਵੇਜ ਸਕੱਤਰ/ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਸਾਇਟ ਨੰ. 3, ਸੈਕਟਰ-18 ਏ, ਮੱਧਿਆ ਮਾਰਗ, ਚੰਡੀਗੜ੍ਹ 160018 ਕੋਲ ਖੁਦ ਪੇਸ਼ ਹੋ ਕੇ ਜਾਂ ਰਜਿਸਟਰਡ ਡਾਕ ਰਾਹੀਂ ਇਸ ਜਨਤਕ ਸੂਚਨਾ ਦੇ ਪ੍ਰਕਾਸ਼ਿਤ ਹੋਣ ਦੇ 7 ਦਿਨਾਂ ਦੇ ਅੰਦਰ-ਅੰਦਰ ਦਾਇਰ ਕੀਤੇ ਜਾ ਸਕਦੇ ਹਨ। ਇਸ ਦੀ ਕਾਪੀ ਚੀਫ ਇੰਜੀਨੀਅਰ/ਏ.ਆਰ.ਆਰ ਅਤੇ ਟੀ.ਆਰ., ਪੀ.ਐਸ.ਪੀ.ਸੀ.ਐਲ, ਐਫ-4, ਸ਼ਕਤੀ ਵਿਹਾਰ ਪਟਿਆਲਾ ਨੂੰ ਵੀ ਭੇਜੀ ਜਾਵੇ ਅਤੇ ਇਸ ਨੂੰ ਭੇਜਣ ਦਾ ਸਬੂਤ ਪੀ.ਐਸ.ਈ.ਆਰ.ਸੀ., ਚੰਡੀਗੜ੍ਹ ਨੂੰ ਇਤਰਾਜ ਦਾਇਰ ਕਰਨ ਸਮੇਂ ਨਾਲ ਲਗਾਇਆ ਜਾਵੇ।

3) ਇਤਰਾਜਾਂ/ਸੁਝਾਅ 10 ਕਾਪੀਆਂ ਵਿੱਚ ਦਾਇਰ ਕੀਤੇ ਜਾਣ। ਇਤਰਾਜਾਂ/ਸੁਝਾਅ ਵਿੱਚ ਭੇਜਣ ਵਾਲੇ ਵਿਅਕਤੀ ਦਾ ਪੂਰਾ ਨਾਮ, ਹਸਤਾਖਰ, ਪਤਾ ਅਤੇ ਟੈਲੀਫੂਨ/ਮੋਬਾਈਲ ਨੰਬਰ ਹੋਣਾ ਚਾਹੀਦਾ ਹੈ। ਜੇਕਰ ਇਤਰਾਜ ਕਿਸੇ ਸੰਗਠਨ ਜਾਂ ਕਿਸੇ ਕਿਸਮ ਦੇ ਖਪਤਕਾਰਾਂ ਦੀ ਤਰਫੋਂ ਦਾਇਰ ਕੀਤਾ ਜਾਂਦਾ ਹੈ ਤਾਂ ਇਸਦਾ ਵੀ ਪੂਰਾ ਵੇਰਵਾ ਦਿੱਤਾ ਜਾਵੇ। ਸਾਰੇ ਇਤਰਾਜਕਰਤਾ ਆਪਣੇ ਇਤਰਾਜਾ/ਸੁਝਾਅ ਦੀ ਸੋਫਟ ਕਾਪੀ ਸਕੱਤਰ/ਪੀ.ਐਸ.ਈ.ਆਰ.ਸੀ.ਦੀ ਈਮੇਲ ਆਈ.ਡੀ. secretarypsercchd@gmail.com ਅਤੇ ਪੀ.ਐਸ.ਪੀ.ਸੀ.ਐਲ ਦੀ ਈਮੇਲ ਆਈ.ਡੀ.ce-arr-tr@pspel.in ਤੇ ਵੀ ਭੇਜਣ।

4) ਮਾਨਯੋਗ ਕਮਿਸ਼ਨ ਵਲੋਂ ਪਟੀਸ਼ਨ ਦੀ ਸੁਣਵਾਈ ਅਤੇ ਜਨਤਕ ਸੁਣਵਾਈ ਮਿਤੀ 17.06.2026 ਨੂੰ ਸਵੇਰੇ 11:30 ਵਜੇ ਕਮਿਸ਼ਨ ਦਫਤਰ, ਸਾਇਟ ਨੰ. 3, ਸੈਕਟਰ-18 ਏ, ਮੱਧਿਆ ਮਾਰਗ, ਚੰਡੀਗੜ੍ਹ 160018 ਵਿਖੇ - ਹੋਵੇਗੀ। ਸਾਰੇ ਆਮ ਲੋਕ/ਹਿੱਸੇਦਾਰ ਜਿਹਨਾਂ ਨੇ ਇਤਰਾਜਾਂ/ਸੁਝਾਅ ਦਾਖਲ ਕਰਨ ਦੀ ਆਖਰੀ ਮਿਤੀ ਤੱਕ ਆਪਣੇ ਇਤਰਾਜ਼ ਦਾਇਰ ਕੀਤੇ ਹਨ ਅਤੇ ਹੋਰ ਵਿਅਕਤੀ/ਸੰਸਥਾ ਜੋ ਉਪਰੋਕਤ ਮਾਮਲੇ ਤੇ ਆਪਣੇ ਵਿਚਾਰ/ਸੁਝਾਅ ਪੇਸ਼ ਕਰਨ ਦੇ ਚਾਹਵਾਨ ਹੋਣ, ਨੂੰ ਮਾਨਯੋਗ ਕਮਿਸ਼ਨ ਅੱਗੇ ਸੁਣਵਾਈ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਜੇ ਜਨਤਾ ਦਾ ਕੋਈ ਵੀ ਮੈਂਬਰ ਵਰਚੂਅਲ ਤੌਰ ਤੇ ਸੁਣਵਾਈ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ ਤਾਂ ਉਹ ਆਪਣਾ ਪੂਰਾ ਨਾਮ, ਟੈਲੀਫੂਨ/ਮੋਬਾਈਲ ਨੰ: ਅਤੇ ਵੈਧ ਈਮੇਲ ਆਈ.ਡੀ. registrarpsercchd@gmail.com ਤੇ ਭੇਜ ਸਕਦਾ ਹੈ ਅਤੇ ਇਸਦਾ ਲਿੰਕ ਕਮਿਸ਼ਨ ਵਲੋਂ ਮੁਹੱਈਆ ਕੀਤਾ ਜਾਵੇਗਾ।
C 614/26

ਸਹੀ/- ਉੱਪ ਮੁੱਖ ਇੰਜ/ ਸੇਲਜ਼-2
ਮੁੱਖ ਇੰਜੀਨੀਅਰ/ਵਣਜ,
ਪੰ:ਰਾ.ਪਾ.ਕਾ.ਲਿਮ:ਪਟਿਆਲਾ।



**ਦਫਤਰ ਨਗਰ ਕੌਂਸਲ ਲਾਲੜੂ (ਐਸ.ਏ.ਐਸ. ਨਗਰ)**
ਨੰਬਰ : 212
ਮਿਤੀ : 02.06.2026
**ਪਬਲਿਕ ਨੋਟਿਸ**
**ਵਾਹੀ ਯੋਗ ਜ਼ਮੀਨ ਦੀ ਖੁੱਲ੍ਹੀ ਬੋਲੀ ਸਬੰਧੀ**

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਲਾਲੜੂ ਅਧੀਨ ਪੈਂਦੇ ਪਿੰਡਾਂ ਦੀ ਵਾਹੀਯੋਗ ਜ਼ਮੀਨ ਦੀ ਖੁੱਲ੍ਹੀ ਬੋਲੀ ਇੱਕ ਸਾਲ (2026-27) ਲਈ ਮਿਤੀ 16.06.2026 ਨੂੰ ਸਵੇਰੇ 10:00 ਵਜੇ ਦਫਤਰ ਨਗਰ ਕੌਂਸਲ ਲਾਲੜੂ ਵਿਖੇ ਰੱਖੀ ਗਈ ਹੈ। ਬੋਲੀ ਦੇਣ ਦੇ ਚਾਹਵਾਨ ਵਿਅਕਤੀ ਬਿਆਨਾ ਰਕਮ ਸਵੇਰੇ 10:00 ਵਜੇ ਤੱਕ ਜਮ੍ਹਾਂ ਕਰਵਾ ਸਕਦੇ ਹਨ। ਬਿਆਨਾ ਰਕਮ ਜਮ੍ਹਾਂ ਕਰਵਾਉਣ ਵਾਲਾ ਹੀ ਬੋਲੀ ਦੇਣ ਦਾ ਹੱਕਦਾਰ ਹੋਵੇਗਾ। ਜੇਕਰ ਕੋਈ ਵਿਅਕਤੀ ਉਕਤ ਸਬੰਧੀ ਸ਼ਰਤਾਂ ਦੇਖਣਾ ਚਾਹੁੰਦਾ ਹੈ ਤਾਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਨਗਰ ਕੌਂਸਲ ਲਾਲੜੂ ਵਿਖੇ ਆ ਕੇ ਦੇਖ ਸਕਦਾ ਹੈ। ਬੋਲੀ ਵਾਲੇ ਦਿਨ ਜੇਕਰ ਅਚਾਨਕ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਬੋਲੀ ਅਗਲੇ ਕੰਮਕਾਜ ਵਾਲੇ ਦਿਨ ਰੱਖੀ ਜਾਵੇਗੀ ਜੀ। ਬਾਕੀ ਦੀਆਂ ਸ਼ਰਤਾਂ ਸਮਾਂ ਅਤੇ ਸਥਾਨ ਉਹੀ ਰਹਿਣਗੇ।

| ਲੜੀ ਨੰ. | ਪਿੰਡ ਦਾ ਨਾਮ | ਮਿਤੀ | ਸਮਾਂ |
|---|---|---|---|
| 2 | ਲਾਲੜੂ | 16.06.2026 | 10:00 ਸਵੇਰੇ |
| 3 | ਘੋਲੂਮਾਜਰਾ | 16.06.2026 | 10:30 ਸਵੇਰੇ |
| 6 | ਡਹਿਰ | 16.06.2026 | 11:00 ਸਵੇਰੇ |

ਸਹੀ/-
ਕਾਰਜ ਸਾਧਕ ਅਫਸਰ,
ਨਗਰ ਕੌਂਸਲ ਲਾਲੜੂ।

Ro No.: PR-Advt. No.: 1808 / 12 / 2026-27 / 11904 / Dated CHD : 03.06.2026



ਈ.ਮੇਲ ਆਈਡੀ:- eomcdera@gmail.com
01762-280028
01762-281028
ਨਗਰ ਕੌਂਸਲ, ਡੇਰਾਬੱਸੀ (ਐਸ.ਏ.ਐਸ. ਨਗਰ)
ਨੰਬਰ : 325
ਮਿਤੀ : 01.06.2026

**ਨਿਲਾਮੀ ਨੋਟਿਸ**

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਡੇਰਾਬੱਸੀ ਵੱਲੋਂ ਹੇਠ ਲਿਖੇ ਠੇਕੇ ਦੀ ਖੁੱਲ੍ਹੀ ਬੋਲੀ ਦਫਤਰ ਨਗਰ ਕੌਂਸਲ ਡੇਰਾਬੱਸੀ ਵਿਖੇ ਮਿਤੀ : 08.06.2026 ਨੂੰ ਕੀਤੀ ਜਾਵੇਗੀ। ਚਾਹਵਾਨ ਵਿਅਕਤੀ ਮੌਕੇ ਤੇ ਨਿਸ਼ਚਿਤ ਮਿਤੀ ਅਤੇ ਸਮੇਂ ਸਿਰ ਹਾਜ਼ਰ ਹੋ ਕੇ ਬੋਲੀ ਦੇ ਕੇ ਲਾਭ ਉਠਾਉਣ। ਸ਼ਰਤਾਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਵਿੱਚ ਵੇਖੀਆਂ ਜਾ ਸਕਦੀਆਂ ਹਨ।

| ਲੜੀ ਨੰ. | ਠੇਕੇ ਦਾ ਨਾਮ | ਮਿਆਦ | ਬਿਆਨਾ/ ਸਕਿਉਰਿਟੀ ਰਕਮ | ਸਮਾਂ |
|---|---|---|---|---|
| 1 | ਵਾਹੀਯੋਗ ਜ਼ਮੀਨਾਂ | ਸਾਲ 2026-27 | 5000/- ਰੁਪਏ ਪ੍ਰਤੀ ਪਲਾਟ | ਮਿਤੀ : 08.06.2026 ਸਮਾਂ ਸਵੇਰੇ 10.00 ਵਜੇ |

ਨੋਟ : ਜੇਕਰ ਨਿਲਾਮੀ ਵਾਲੇ ਦਿਨ ਛੁੱਟੀ ਹੋ ਜਾਂਦੀ ਹੈ ਤਾਂ ਨਿਲਾਮੀ ਅਗਲੇ ਕੰਮਕਾਜ ਵਾਲੇ ਦਿਨ ਉਸੇ ਸਮੇਂ ਹੋਵੇਗੀ।

ਸਹੀ/- ਕਾਰਜ ਸਾਧਕ ਅਫਸਰ
ਨਗਰ ਕੌਂਸਲ ਡੇਰਾਬੱਸੀ।

Ro No.: PR-Advt. No.: 1617 / 12 / 2026-27 / 11908 / Dated CHD : 03.06.2026



**ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**
ਰਜਿ:ਦਫ਼ਤਰ ਪੰਜਾਬ ਰਾਜ ਬਿਜਲੀ ਬੋਰਡ, ਮੁੱਖ ਦਫ਼ਤਰ ਮਾਲ ਰੋਡ ਪਟਿਆਲਾ 147001, ਪੰਜਾਬ,ਭਾਰਤ
ਦਫ਼ਤਰ:ਸੀਨੀਅਰ ਕਾਰਜਕਾਰੀ ਇੰਜੀਨੀਅਰ, 400 ਕੇ.ਵੀ ਸ/ਸ, ਪੀ.ਐਸ.ਟੀ.ਸੀ.ਐਲ, ਗੋਨੇਆਣਾ, ਸ੍ਰੀ ਮੁਕਤਸਰ ਸਾਹਿਬ-152026
ਈਮੇਲ ਆਈ ਡੀ: srxenD@@kvmkt@pstcl.org ਮੋਬਾਇਲ ਨੰ: 96461-04472

ਸ਼ਾਰਟ ਟਰਮ ਨੋਟਿਸ ਓਪਨ ਈ-ਟੈਂਡਰ ਇਨਕੁਆਰੀ ਨੋਟਿਸ ਨੰ. 03/400 MKS/2026-27

| ਲ.ਨ. | |
|---|---|
| 1 | 400 ਕੇ.ਵੀ ਸਬ-ਸਟੇਸ਼ਨ, ਸ੍ਰੀ ਮੁਕਤਸਰ ਸਾਹਿਬ ਵਿਖੇ ਆਈ.ਸੀ.ਟੀ'ਜ਼ ਅਤੇ ਰਿਐਕਟਰ ਦੀ ਸੁਰੱਖਿਆ ਲਈ ਸਥਾਪਿਤ ਖਰਾਬ ਹਾਈ ਵੈਲੋਸਿਟੀ ਵਾਟਰ ਸਪ੍ਰਿੰਕਲਿੰਗ ਸਿਸਟਮ (ਐਚ.ਵੀ.ਡਬਲਯੂ.ਐੱਸ.ਐੱਸ) ਦੀ ਰਿਪੇਅਰ/ਓਵਰਹਾਲਿੰਗ ਅਤੇ ਪੇਂਟ ਦਾ ਕੰਮ ਕਰਵਾਉਣਾ। ਜ਼ਮਾਨਤੀ ਰਕਮ:20000/-, ਉਹ ਰਕਮ GePNIC ਦੇ ਈ-ਪੇਮੈਂਟ ਗੇਟਵੇਅ ਰਾਹੀਂ ਜਮਾਹ ਕਰਵਾਈ ਜਾਵੇ। ਬਿਡ ਪਾਉਣ ਦੀ ਆਖਰੀ ਮਿਤੀ ਅਤੇ ਸਮਾਂ: 19.06.2026, ਸਵੇਰੇ: 11:00 ਵਜੇ ਤੱਕ। ਬਿਡ ਖੁੱਲਣ ਦੀ ਮਿਤੀ ਅਤੇ ਸਮਾਂ: 19.06.2026, ਬਾਅਦ ਦੁਪਿਹਰ 02:00 ਵਜੇਂ। |
| | ਨੋਟਿਸ ਓਪਨ ਈ-ਟੈਂਡਰ ਇਨਕੁਆਰੀ ਨੋਟਿਸ ਨੰ. 04/400 MKS/2026-27 |
| 2 | 400 ਕੇ.ਵੀ ਸਬ-ਸਟੇਸ਼ਨ, ਸ੍ਰੀ ਮੁਕਤਸਰ ਸਾਹਿਬ ਵਿਖੇ ਏਅਰ ਕੰਡੀਸ਼ਨਰਾਂ (ਕਿਉਸਕਾਂ ਅਤੇ ਕੰਟਰੋਲ ਰੂਮ) ਦੀ ਸਪਲਾਈ/ਪਹੁੰਚ ਅਤੇ ਇੰਸਟਾਲੇਸ਼ਨ ਜ਼ਮਾਨਤੀ ਰਕਮ:41000/- ਉਹ ਰਕਮ GePNIC ਦੇ ਈ-ਪੇਮੈਂਟ ਗੇਟਵੇਅ ਰਾਹੀਂ ਜਮਾਹ ਕਰਵਾਈ ਜਾਵੇ। ਬਿਡ ਪਾਉਣ ਦੀ ਆਖਰੀ ਮਿਤੀ ਅਤੇ ਸਮਾਂ: 02.07.2026 ਸ਼ਾਮ:03:00 ਵਜੇ ਤੱਕ। ਬਿਡ ਖੁੱਲ੍ਹਣ ਦੀ ਮਿਤੀ ਅਤੇ ਸਮਾਂ: 03.07.2026, ਸਵੇਰੇ 11:30 ਵਜੇਂ। |

ਨੋਟ: ਵਧੇਰੇ ਜਾਣਕਾਰੀ ਲਈ www.pstcl.org ਅਤੇ https://eproc.punjab.gov.in/nicgep/app ਤੇ ਲਾਗ-ਇਨ ਕੀਤਾ ਜਾਵੇ। ਟੈਂਡਰ ਨੋਟਿਸ ਨਾਲ ਸੰਬੰਧਿਤ ਕੋਈ ਵੀ ਸੋਧ-ਸੂਚਨਾ ਸਿਰਫ ਉਪਰੋਕਤ ਵੈਬਸਾਈਟਾਂ ਤੇ ਹੀ ਪ੍ਰਕਾਸ਼ਿਤ ਕੀਤੀ ਜਾਵੇਗੀ।
ਸਹੀ/- ਸੀ.ਕਾ.ਕਾ.ਇੰਜੀ, 400 ਕੇ.ਵੀ ਸ/ਸ ਸ੍ਰੀ ਮੁਕਤਸਰ ਸਾਹਿਬ।

Ro No.: PR-Advt. No.: 1078 / 12 / 2026-27 / 11913/ Dated CHD : 03.06.2026



**ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**
Registered Office: PSEB Head Office, The Mall Road, Patiala-147001
Corporate Identity No. U40109PB2010SGC033814
ਦਫ਼ਤਰ: ਵਧੀਕ ਨਿਗਰਾਨ ਇੰਜੀਨੀਅਰ, 400 ਕੇ.ਵੀ. ਸਬ-ਸਟੇਸ਼ਨ, ਚੱਕ ਵੈਂਡਲ, ਨਕੋਦਰ।
ਫੋਨ ਨੰਬਰ: 96461-02978, ਸ/ਸ 96461-01926 Email:- srxen-pm-nakodar@pstcl.org

**ਪਬਲਿਕ ਨੋਟਿਸ**

ਆਮ ਜਨਤਾ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੀਆਂ ਐਕਸਟਰਾ ਹਾਈ ਵੋਲਟੇਜ ਟਰਾਂਸਮਿਸ਼ਨ ਲਾਈਨਾਂ ਦੀ ਸਾਂਭ ਸੰਭਾਲ ਦਾ ਕੰਮ, ਜੋ ਲਾਈਨਾਂ ਨਾਲ ਦਰਸਾਏ ਪਿੰਡਾਂ/ਸ਼ਹਿਰਾਂ ਨੇੜਿਓਂ/ਵਿੱਚੋਂ ਲੰਘਦੀਆਂ ਹਨ, ਏ.ਈ.ਈ. ਟੀ.ਐੱਲ ਸਾਡ 400 ਕੇ.ਵੀ ਪੰ:ਰਾ:ਟ:ਕਾ:ਲਿਮ: ਨਕੋਦਰ। (ਮੰਡਲ:-ਵਧੀਕ ਨਿਗਰਾਨ ਇੰਜੀਨੀਅਰ,400 ਕੇ.ਵੀ ਪੰ:ਰਾ:ਟ:ਕਾ:ਲਿਮ: ਨਕੋਦਰ) ਦੇ ਅਧੀਨ ਹੈ:- ਇਹ ਸਰਾਪ ਹੈ:-

1. 132 **ਕੇ.ਵੀ ਫਗਵਾੜਾ-ਗੁਰਾਇਆ ਸਰਕਟ ਨੰ 1 ਅਤੇ 2** :- ਫਗਵਾੜਾ (ਮੁਹੱਲਾ: ਅਮਰ ਨਗਰ, ਕੋਲਸਰ, ਸਵਾਮੀ ਪਰਮਾਨੰਦ ਨਗਰ, ਗ੍ਰੀਨ ਮਾਡਲ ਟਾਊਨ, ਜਸਵੀਰ ਦੋਸਾਂਝ ਕਲੋਨੀ ਆਦਿ), ਪੀਪਾਰੰਗੀ, ਖੌਥੜਾਂ, ਵਿਰਕ, ਗੋਹਾਵਰ, ਪਦੀ ਖਲਾਸਾ, ਪਦੀ ਜਗੀਰ, ਮਹਲ, ਰੁੜਕਾ ਖੁਰਦ, ਗੁਰਾਇਆ, ਆਦਿ।

2. 132 **ਕੇ.ਵੀ ਗਰਾਇਆ-ਫਿਲੌਰ** :- ਗੁਰਾਇਆ, ਰੁੜਕਾ ਖੁਰਦ, ਕਮਾਲਪੁਰ ਅਤੇ ਕਮਾਲਪੁਰ ਦੀਆਂ ਕਲੋਨੀਆਂ, ਮਨਸੂਰਪੁਰ, ਅੱਟੀ, ਸ਼ਾਹਪੁਰ, ਤੇਹੰਗ, ਬਚਹੋਵਾਲ, ਸਵਾਬਾਹਤ, ਫਿਲੌਰ, ਆਦਿ।

3. 132 **ਕੇ.ਵੀ ਫਿਲੌਰ-ਜਮਾਲਪੁਰ** :- ਫਿਲੌਰ ਅਤੇ ਫਿਲੌਰ ਪੁਲਿਸ ਅਕੈਡਮੀ, ਸਤਲੁਜ ਨਦੀ, ਤਲਵੰਡੀ, ਫਤਿਹਗੜ੍ਹ ਗੁਜਰਾਂ, ਕਾਦੀਆਂ, ਕੁਤਬੇਵਾਲ ਅਰਾਈਆਂ, ਭੱਟੀਆਂ (ਸੀਵਰੇਜ ਟੀਰੀਟਮੈਂਟ ਪਲਾਂਟ), ਲੁਧਿਆਣਾ ( ਭੱਟੀਆਂ, ਬਹਾਦਰ ਕੇ ਰੋਡ,ਕਾਮਨ ਐਫਲੂਐਂਟ ਟਰੀਟਮੈਂਟ ਪਲਾਂਟ, ਗੁਰੂ ਹਰ ਰਾਏ ਨਗਰ, ਬਾਜੀਗਰ ਕਲੋਨੀ, ਭਾਰਤੀ ਕਲੋਨੀ, ਥਾਪਰ ਕਲੋਨੀ, ਗੋਵਿੰਦਪੁਰਾ, ਦਾਣਾ ਮੰਡੀ,ਸਰਤਾਜ ਨਗਰ, ਮਾਸਟਰ ਕਲੋਨੀ, ਨਿਊ ਸ਼ਿਵ ਪੁਰੀ, ਜਗਦੀਪ ਨਗਰ, ਸੁੰਦਰਨਗਰ, ਦੌਲਤ ਕਲੋਨੀ, ਰਿਸ਼ੀ ਨਗਰ, ਗੁਰੂ ਅਰਜਨ ਦੇਵ ਨਗਰ, ਸੈਕਟਰ 32 ਏ, ਸੈਕਟਰ 38, ਜਮਾਲਪੁਰ ਕਲੋਨੀ,ਜਮਾਲਪੁਰ), ਆਦਿ।

4. 132 **ਕੇ.ਵੀ. ਗੁਰਾਇਆ-ਜਮਾਲਪੁਰ** :- ਗੁਰਾਇਆ, ਰੁੜਕਾ ਖੁਰਦ, ਕਮਾਲਪੁਰ ਅਤੇ ਕਮਾਲਪੁਰ ਦੀਆਂ ਕਲੋਨੀਆਂ, ਮਨਸੂਰਪੁਰ, ਅੱਟੀ, ਸ਼ਾਹਪੁਰ, ਤੇਹੰਗ, ਬਚਹੋਵਾਲ, ਬੀਰ ਫਿਲੌਰ, ਰੇਡ ਕਰੋਸਿੰਗ ਐੱਨ.ਐਚ 01 ਨੇੜੇ ਫਿਲੌਰ, ਫਿਲੌਰ ( ਅਕਾਲਪੁਰ, ਨੰਗਲ), ਸਤਲੁਜ ਨਦੀ, ਲਾਡੋਵਾਲ, ਮੰਜ਼, ਲਾਡੀਆ ਕਲਾਂ, ਲੁਧਿਆਣਾ ( ਸ੍ਰੀ ਸਾਈਂ ਇੰਨਕਲੇਵ, ਨਿਊ ਚੰਦਰ ਨਗਰ, ਸਰ ਸਿਟੀ ਕਲੋਨੀ, ਹੈਬੋਵਾਲ ਕਲਾਂ, ਕੇਹਰ ਸਿੰਘ ਨਗਰ, ਸੰਧੂ ਨਗਰ, ਨਿਊ ਜਨਕਪੁਰੀ, ਨੇਤਾਜੀ ਕਲੋਨੀ, ਕਰਾਬਾਰਾ ਬਸਤੀ, ਦਾਣਾ ਮੰਡੀ,ਸਰਤਾਜ ਨਗਰ, ਮਾਸਟਰ ਕਲੋਨੀ, ਨਿਊ ਸ਼ਿਵ ਪੁਰੀ, ਜਗਦੀਪ ਨਗਰ, ਸੁੰਦਰਨਗਰ, ਦੌਲਤ ਕਲੋਨੀ, ਰਿਸ਼ੀ ਨਗਰ, ਗੁਰੂ ਅਰਜਨ ਦੇਵ ਨਗਰ, ਸੈਕਟਰ 32 ਏ, ਸੈਕਟਰ 38, ਜਮਾਲਪੁਰ ਕਲੋਨੀ,ਜਮਾਲਪੁਰ), ਆਦਿ।

5. 132 **ਕੇ.ਵੀ. ਗੁਰਾਇਆ-ਨੂਰਮਹਿਲ** :- ਗੁਰਾਇਆ, ਅੱਟਾ, ਨਾਵਾ ਪਿੰਡ ਨਾਇਚਾ, ਧਿਨਸੇ, ਬੀਰ ਬਨਸੀਆਂ, ਪਾਸਲਾ, ਤੰਗੜ, ਸਿੱਧੂ ਹਰੀ ਸਿੰਘ, ਚੀਮਾ ਖੁਰਦ, ਜਾਗੋ ਸੰਘਾ, ਨੂਰਮਹਿਲ, ਆਦਿ।

6. 132 **ਕੇ.ਵੀ. ਨੂਰਮਹਿਲ-ਨਕੋਦਰ** :- ਨੂਰਮਹਿਲ, ਓਪਲ ਜਗੀਰ, ਦਿਵਯ ਜਯੋਤੀ ਜਾਗਰਤੀ ਸੰਸਥਾ, ਰਾਮ ਪੁਰਾ, ਗਿੱਦੜਪਿੰਡੀ, ਸੰਘਾ ਜਗੀਰ, ਲਿੱਤਰਾਂ, ਜਵਿੰਦੇ, ਨਕੋਦਰ, ਆਦਿ।

7. 132 **ਕੇ.ਵੀ ਨਕੋਦਰ-ਕੋਟਲਾ ਜੰਗਾ ਅਤੇ 132 ਕੇ.ਵੀ. ਕੋਟਲਾ ਜੰਗਾ-ਅਰਬਨ ਸਟੇਟ** :- ਨਕੋਦਰ ( ਨਿਊ ਆਦਰਸ਼ ਨਗਰ, ਕਲੋਰ ਨਗਰ, ਆਦਰਸ਼ ਕਲੋਨੀ, ਰਸੂਲਪੁਰ, ਆਲੋਵਾਲ, ਨੰਗਲ ਜੀਵਨ, ਕੋਟਲਾ ਜੰਗਾ, ਗੋਹੀਰ, ਮੁੱਧਾਂ, ਕੰਗ ਸਾਧੂ, ਸਿੰਘਾਂ, ਲੌਹਰ ਸੁਖਾ ਸਿੰਘ, ਲਾਂਬੜਾਂ, ਤਾਜਪੁਰ, ਬਾਦਸ਼ਾਹਪੁਰ, ਜਗਨ, ਖਾਂਬੜਾ, ਜਲੰਧਰ ( ਰੈਡ ਕਰੋਸ ਕਲੋਨੀ, ਮਹਾਵੀਰ ਐਵੀਨਿਊ, ਗਿੱਲ ਕਲੋਨੀ, ਅਜੀਤ ਨਗਰ, ਅਰਬਨ ਸਟੇਟ ਫੇਜ 2), ਆਦਿ।

8. 220 **ਕੇ.ਵੀ ਨਕੋਦਰ-ਨੂਰਮਹਿਲ ਸਰਕਟ ਨੰ 1 ਅਤੇ 2** :- ਚੱਕ ਵੇਂਡਲ, ਚੱਕ ਖੁਰਦ, ਟਾਹਲੀ, ਚੰਨੀਆ, ਹੁਸੈਨਬਾਦ, ਭੰਗਾਲਾ, ਚੁਹੇਕੀ, ਨੂਰਮਹਿਲ, ਆਦਿ।

9. 220 **ਕੇ.ਵੀ ਨਕੋਦਰ-ਕਰਤਾਰਪੁਰ ਸਰਕਟ ਨੰ 1 ਅਤੇ 2** :- ਚੱਕ ਵੇਂਡਲ, ਕੰਗ ਸਾਬੂ, ਆਵਾਂ ਚਹਾਰਮੀ, ਸਿੰਘ, ਲੱਲੀਆ ਖੁਰਦ, ਲੱਲੀਆ ਕਲਾਂ, ਚੱਕ ਬਾਸ਼ੇਸ਼ਰਪੁਰ, ਰਸੂਲਪੁਰ ਖੁਰਦ, ਕੁਰਾਲੀ, ਅਵਾਦਾਂ, ਐਲੀ ਚੱਕ, ਗਿੱਲ, ਗਾਜੀਪੁਰ, ਚਮਿਆਰਾ, ਬਸਤੀ ਇਬਰਾਹਿਮ ਖਾਨ, ਖੋਜੇਵਾਲ, ਗੋਕਾਲਪੁਰ, ਫਿਰੋਜ, ਮੰਦ, ਤਲਵਾਰਾ, ਨੰਗਲ ਮਨੋਹਰ, ਸਰਾਏ ਖਾਸ, ਕਰਤਾਰਪੁਰ, ਆਦਿ।

10. 220 **ਕੇ.ਵੀ ਕੋਟਲਾ ਜੰਗਾ-ਕਰਤਾਰਪੁਰ ਸਰਕਟ ਨੰ 1 ਅਤੇ 2**:- ਕੋਟਲਾ ਜੰਗਾ, ਮੁੱਧਾਂ, ਆਵਾਂ ਚਹਾਰਮੀ, ਸਿੰਘ, ਲੱਲੀਆ ਖੁਰਦ, ਲੱਲੀਆ ਕਲਾਂ, ਚਕ ਬਾਸ਼ੇਸ਼ਰਪੁਰ, ਰਸੂਲਪੁਰ ਖੁਰਦ, ਕੁਰਾਲੀ, ਅਵਾਦਾਂ, ਕੋਟਲਾ,ਗੋਨਾ ਚੱਕ, ਐਲੀ ਚੱਕ, ਗਿੱਲ, ਗਾਜੀਪੁਰ, ਚਮਿਆਰਾ, ਬਸਤੀ ਅਬਰਹੀਮ ਖਾਨ, ਖੋਜੇਵਾਲ, ਗੋਕਾਲਪੁਰ, ਫਿਰੋਜ, ਮੰਡ, ਕੋਟ ਕਰਾਰ, ਤਲਵਾਰਾ, ਨੰਗਲ ਮਨੋਹਰ, ਸਰਾਏ ਖਾਸ, ਕਰਤਾਰਪੁਰ ਆਦਿ।

11. 220 **ਕੇ.ਵੀ ਕਰਤਾਰਪੁਰ-PGCIL ਸਰਕਟ ਨੰ 1 ਅਤੇ 2**:- ਕਰਤਾਰਪੁਰ ਖੁਸਰੋਪੁਰ, ਬੰਖੂਨੰਗਲ, ਆਦਿ।

12. 220 **ਕੇ.ਵੀ ਕੋਟਲਾ ਜੰਗਾ-ਜਮਸ਼ੇਰ ਸਰਕਟ ਨੰ 1 ਅਤੇ 2** :- ਕੋਟਲਾ ਜੰਗਾ, ਮੁੱਧਾਂ, ਗੋਹੀਰ, ਚੱਕ ਕਲਾਂ, ਚੱਕ ਖੁਰਦ, ਚੱਕ ਵੇਂਡਲ, ਬਰਸਾਲ, ਜਗਰਾਲ, ਚਨਾਨਪੁਰ, ਸਪਰਾਏ, ਚਿਤੋਵਾਲ, ਜਮਸ਼ੇਰ, ਆਦਿ।

13. 220 **ਕੇ.ਵੀ ਨਕੋਦਰ-ਹੁਸ਼ਿਆਰਪੁਰ,220 ਕੇ.ਵੀ. ਹੁਸ਼ਿਆਰਪੁਰ**- ਰਿਹਾਣਾ ਜੱਟਾਂ ਅਤੇ 220 ਕੇ.ਵੀ ਨਕੋਦਰ-ਰਿਹਾਣਾ ਜੱਟਾਂ :-ਹੁਸ਼ਿਆਰਪੁਰ ਅਤੇ ਹੁਸ਼ਿਆਰਪੁਰ ਵਿੱਚ ਨਿਊ ਦਸ਼ਮੇਸ਼ ਨਗਰ,ਦਗਾਨਾ ਖੁਰਦ, ਫਤੇਹਗੜ੍ਹ ਨਿਆਰਾ, ਹੈਦਰਵਾਲ, ਸਿੰਘੜੀਵਾਲਾ, ਹੁਸ਼ਿਆਰਪੁਰ-ਜਲੰਧਰ ਰੋਡ, ਪੰਡੋਰੀ ਰੁਕਮਾਨ, ਗਗਨੁਲੀ, ਹੁਸੈਨਪੁਰ, ਕਾਹਰੀ, ਸਾਹਰੀ, ਰਾਮੂ ਥਿਆੜਾ, ਅਜਰਾਮ, ਖਿਆਲਾ, ਆਹਰਾਨਾ ਕਲਾਂ, ਪਾਧਿਆਣਾ, ਖਨੌੜਾ, ਆਦਮਪੁਰ ਰੋਡ, ਮੇਹਟੀਆਣਾ, ਮੀਰਾਪੁਰ, ਗੁਜਰਾਤਾਂ, ਡੋਮੇਲੀ, ਰਿਹਾਣਾਂ ਜੱਟਾਂ, ਗੁਲਾਬਗੜ੍ਹ, ਭਾਬਿਆਨਾ, ਰਾਮਪੁਰ ਸੁੰਡਾ, ਰਵਾਪਿੰਡੀ, ਸਿਕਰੀ, ਰਾਮਗੜ੍ਹ, ਜਗਪਾਲਪੁਰ, ਭੋਗਪੁਰ, ਸ੍ਰੀ ਹਰਗੋਬਿੰਦਗੜ੍ਹ, ਢਾਕ ਬਰਨਾ, ਪਾਲਹੀ, ਨੰਗਲ ਮੱਜਾ, ਸਪਰੌੜ, ਮੋਹਟਾਂ, ਗੰਢਵਾਂ, ਹਰਦਾਸਪੁਰ, ਨਾਰੰਗਪੁਰ, ਮਹੇੜੂ, ਸਾਲਾਰਪੁਰ, ਰਾਏਪੁਰ, ਦਾਦੂਵਾਲ, ਚਾਚੋਵਾਲ, ਚੋਲਾਂਗ, ਮਾਛੀਆਣਾ, ਜੰਡਿਆਲੀ, ਕੰਗਣੀਵਾਲ, ਪਿੰਡੋਰੀ ਰਾਜਪੂਤਾਂ, ਬਜੂਹਾਂ ਕਲਾਂ, ਬਜੂਹਾ ਖੁਰਦ, ਖੁਣ-ਖੁਣਾ, ਚੱਕ, ਵੇਂਡਲ ਆਦਿ।

14. 400 ਕੇ.ਵੀ ਨਕੋਦਰ-ਤਲਵੰਡੀ ਸਾਬੋ ਅਤੇ 400 ਕੇ.ਵੀ ਨਕੋਦਰ-ਮੋਗਾ :- ਚੱਕ ਵੇਂਡਲ, ਕੰਗ ਸਾਬੂ, ਮੁੱਧਾਂ, ਜਲੰਧਰ-ਨਕੋਦਰ ਰੋਡ, ਗੋਹੀਰ, ਕੋਟਲਾ ਜੰਗਾ, ਨੰਗਲ ਜੀਵਨ, ਮੋਹਮੁਦ ਪੁਰ, ਹੁਸੇਨਪੁਰ, ਮਾਲੜੀ, ਨਕੋਦਰ, ਮੋਗਾ-ਜਲੰਧਰ ਰੋਡ, ਬਲ ਹੁਕਮੀ, ਗੰਧ੍ਰਾਂ, ਪੰਡੋਰੀ ਖਾਸ, ਨਵਾਂ ਪਿੰਡ ਜੱਟਾਂ, ਤਲਵੰਡੀ ਸੰਘੇੜਾ, ਸੋਹਲ ਜਗੀਰ, ਅਕਬਰਪੁਰ ਕਲਾਂ, ਰੋਨਤਾਂ, ਗੇਹਲਾਂ, ਡੰਡੋ, ਬੌਪੁਰ, ਸਤਲੁਜ ਨਦੀ, ਚੱਕ ਤਾਰੇਵਾਲਾ, ਚੱਕ ਜਿੰਦਰਾ, ਜਿੰਦਰਾ, ਗਟੀ ਜੱਟਾਂ, ਠੁਠਗੜ੍ਹ, ਸੈਦ ਮਹੁੰਮਦ ਸ਼ਾਹਵਾਲ, ਇੱਜਤਵਾਲਾ, ਦੋਬੁਰਜੀ, ਕੋਟ ਮਹੁੰਮਦ ਖਾਨ, ਧਰਮਕੋਟ-ਲੁਧਿਆਣਾ ਰੋਡ, ਲੋਹਗੜ੍ਹ, ਭਿੰਡਰ ਕਲਾਂ, ਦਾਤਾ, ਰੌਲੀ, ਬੁਗੀਪੁਰਾ, ਬੁੱਘੀਪੁਰਾ, ਜਗਰਾਉ-ਮੋਗਾ ਰੋਡ, ਬਰਨਾਲਾ-ਮੋਗਾ ਰੋਡ, ਦਾਲਾ, ਮੇਹਰੋਨ, ਰਾਮੂਵਾਲਾ ਨਵਾਂ, ਰਾਮੂਵਾਲਾ ਕਲਾਂ, ਚਰਿਕ, ਮਲੀਆਂ ਵਾਲਾ, ਝੰਡੇ ਵਾਲਾ, ਬੁਧ ਸਿੰਘ ਵਾਲਾ, ਪਟੀ ਸੰਧਵਾਨ, ਤਾਰੇ ਵਾਲਾ, ਮੋਗਾ, ਆਦਿ।

15. 400 **ਕੇ.ਵੀ ਨਕੋਦਰ-ਮਖੂ ਸਰਕਟ ਨੰ 1 ਅਤੇ 2** :- ਚੱਕ ਵੇਂਡਲ, ਕੰਗ ਸਾਬੂ, ਮੁੱਧਾਂ, ਜਲੰਧਰ-ਨਕੋਦਰ ਰੋਡ, ਸਿੰਘਪੁਰ, ਤਲਵੰਡੀ ਭਰੋ, ਉੱਗੀ, ਚੁਹਾਰਪੁਰ, ਤਲਵੰਡੀ ਸਏਮ, ਮੀਰਪੁਰ, ਬਾਲ ਖੋਨਾ, ਈਦਾ, ਖੀਵਾ, ਮੇਹਮਾਦਪੁਰ, ਬਿੱਲੀ ਚੋਅ, ਬਿੱਲੀ ਬੜੈਚ, ਜਫਰਾਪੁਰ, ਰੈਵਾਲ ਦੋਨਾ, ਤਲਵਾਰਾ, ਮਾਲਾ, ਚੱਕ ਚੇਲਾ, ਨਿਹਾਲੂਵਾਲ, ਬਦਲੀ, ਮਾਹਮੋਵਾਲ, ਅਲੀਵਾਲ, ਟੁਰਨਾ, ਪੰਡੋਰੀ ਰਾਜਪੂਤਾਂ, ਨਵਾਂ ਪਿੰਡ ਦੋਨੇਵਾਲ, ਮਾਖੀ, ਖੋਸਾ, ਨਵਾਂ ਪਿੰਡ ਖਾਲੇਵਾਲ, ਕੰਗ ਕਲਾਂ, ਕੰਗ ਖੁਰਦ, ਕੋਠਾ, ਜਨੀਆ ਕਲਾਂ, ਚੱਕ ਬੁੰਡਾਲਾ, ਸਤਲੁਜ ਨਦੀ, ਚੱਕ ਖਾਨਾ, ਬੰਡਾਲਾ, ਬੁਰਜ ਮਹੁੰਮਦ, ਸ਼ਰਾਫ ਅਲੀ ਸ਼ਾਹਵਾਲ, ਬਾਹਦਰਾਵਾਲਾ, ਲਾਲੇਹ, ਬਾਲ, ਕਾਰਾਹੇ ਵਾਲਾ, ਮੌਜੇ ਵਾਲਾ, ਮੋਗਾ-ਅੰਮ੍ਰਿਤਸਰ ਰੋਡ, ਚੰਬ, ਮਸਤੇਵਾਲ, ਅਦਿ।

16. 400 ਕੇ.ਵੀ ਨਕੋਦਰ-ਰਾਜਪੁਰਾ ਸਰਕਟ ਨੰ 1 ਅਤੇ 2 :- ਚੱਕ ਵੇਂਡਲ, ਕੰਗ ਸਾਬੂ, ਗੁਰਾ, ਪੰਜਗਰਾਈਆ, ਚਾਨੀਆ, ਨਕੋਦਰ- ਫਗਵਾੜਾ ਰੋਡ, ਭੰਗਾਲਾ, ਬੈਨਾਪੁਰ, ਭਰਦਵਾਜੀਆ, ਸੰਨੇਰ ਕਲਾਂ, ਅਦੇਕਾਲੀ, ਮਿਠੜਾ, ਤੱਗੜ, ਪਾਸਲਾ, ਰੁਪੋਦਾਲ, ਮਾਸਪੁਰ, ਰੁੜਕਾ ਕਲਾਂ, ਜੱਜਾ ਕਲਾਂ, ਮੁਠੱਡਾ ਕਲਾਂ, ਮੁਠੱਡਾ ਖੁਰਦ, ਦਿੱਲੀ-ਅੰਮ੍ਰਿਤਸਰ ਰੋਡ, ਸ਼ਾਹਪੁਰ, ਦੋਸਾਂਝ ਖੁਰਦ, ਕੰਗ ਜਗੀਰ, ਪਾਲ ਕਾਦੀਆ, ਜੱਜ ਖੁਰਦ, ਪਾਲਨਾਉ, ਅੱਪਰਾ, ਖਾਨਪੁਰ, ਸੁਲਤਾਨਪੁਰ, ਭਰਸਿੰਗਪੁਰਾ, ਬੰਸੀਆਂ ਢਾਕ, ਰਾਏਪੁਰ ਅਰਾਈਆ, ਦਯਾਲਪੁਰ, ਸੈਲਕਿਆਨਾ, ਪੋਵਾਰੀ, ਸੋਧੋਂ, ਲਸਾੜਾ, ਸ਼ਿਵਦਾਯਾਲਪੁਰ, ਖੁਰਦ, ਨੰਗਲ ਜੱਟਾਂ, ਬੁਰਜ ਟੈਰਲ ਦਾਸ, ਬੇਗੋਵਾਲ, ਖੜਕੂਵਾਲ, ਜੁਲਾਹ ਮਜਰਾ, ਤਾਜਪੁਰ, ਖੋਜਾ, ਝੁੰਗੀਆ, ਗੜ੍ਹੀ ਫਾਜਿਲ, ਕਾਲੇਵਾਲ, ਗੋਪਾਲਪੁਰ ਬੁਲੰਦੇਵਾਲ, ਆਦਿ।

ਸਾਰੇ ਰਿਹਾਇਸ਼ੀ/ ਗੈਰ ਰਿਹਾਇਸ਼ੀ ਖੇਤਰਾਂ ਤੇ ਮੁਹੱਲਿਆਂ, ਪਿੰਡਾਂ, ਸ਼ਹਿਰਾਂ ਅਤੇ ਫਰਮਾਂ/ਡਿਪਾਰਟਮੈਂਟਾਂ ਭਾਵੇਂ ਉਹ ਸਰਕਾਰੀ ਹੋਣ ਜਾਂ ਗੈਰ- ਸਰਕਾਰੀ, ਨਾਲ ਸਬੰਧਿਤ ਲੋਕਾਂ/ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਦਰਸਾਈਆਂ 400/220/132 ਕੇ.ਵੀ ਲਾਈਨਾਂ ਦੇ ਥੱਲੇ,ਦੋਵੇ ਪਾਸਿਆਂ ਦੇ ਕੰਡਕਟਰਜ (ਤਾਰਾਂ) ਤੋਂ ਲਾਈਨਾਂ ਦੇ ਬਾਹਰ ਵੱਲ ਕ੍ਰਮਵਾਰ 7.0/5.4/4.6 ਮੀਟਰ (23/18/15 ਫੁੱਟ) ਤੱਕ ਕੋਈ ਵੀ ਇਮਾਰਤ ਦੀ ਉਸਾਰੀ ਕਰਨਾ ਜਾਂ ਸਟਰੱਕਚਰਜ ਦੇ ਚਾਰੇ ਪਾਸਿਆਂ ਤੋਂ 10 ਮੀਟਰ (32.8 ਫੁੱਟ) ਤੱਕ ਮਿੱਟੀ ਦੀ ਖੁਦਾਈ ਕਰਨਾ, ਭਾਰਤੀ ਬਿਜਲੀ ਨਿਯਮ 1910 ਦੀ ਧਾਰਾ 18 ਅਤੇ ਉਪ ਧਾਰਾ 3 ਅਤੇ ਭਾਰਤੀ ਬਿਜਲੀ ਨਿਯਮ 1956 ਦੀ ਧਾਰਾ 77, 80 ਅਤੇ 82,82(ਏ) ਅਤੇ ਕੇਂਦਰੀ ਬਿਜਲੀ ਅਥਾਰਟੀ (ਸੁਰੱਖਿਆ ਅਤੇ ਬਿਜਲੀ ਪੂਰਤੀ ਸਬੰਧੀ ਉਪਾਵਾਂ) ਨਿਯਮ-2010 ਦੀ ਧਾਰਾ 58,61,63,64 ਅਤੇ 65 ਦੀ ਉਲੰਘਣਾ ਹੈ। ਇਸ ਲਈ ਅਜਿਹੀ ਕੋਈ ਵੀ ਉਸਾਰੀ/ਸਟਰੱਕਚਰ/ਦਰਖੱਤਾਂ ਨੂੰ ਉਪਰੋਕਤ ਦਰਸਾਏ ਫਾਸਲੇ ਤੱਕ ਹਟਾ ਲਿਆ ਜਾਵੇ ਅਤੇ ਟਾਵਰਾਂ/ਸਟਰੱਕਚਰ ਦੇ ਆਲੇ ਦੁਆਲੇ ਮਿੱਟੀ ਦੀ ਭਰਾਈ ਕਰ ਦਿੱਤੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕੋਈ ਘਾਤਕ/ਗੈਰ-ਘਾਤਕ ਹਾਦਸਾ ਵਾਪਰਨ ਕਾਰਣ ਹੋਣ ਵਾਲੇ ਕਿਸੇ ਵੀ ਕਿਸਮ ਦੇ ਨੁਕਸਾਨ ਚਾਹੇ ਉਹ ਆਮ ਪਬਲਿਕ ਦਾ ਹੋਵੇ ਜਾਂ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦਾ ਹੋਵੇ ਜਾਂ ਸਰਕਾਰੀ ਪ੍ਰਾਪਰਟੀ ਦਾ ਹੋਵੇ, ਉਸ ਦਾ ਜਿੰਮੇਵਾਰ ਸੰਬੰਧਿਤ ਵਿਅਕਤੀ/ਫਰਮ/ਵਿਭਾਗ ਹੋਵੇਗਾ, ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਉਕਤ ਨੁਕਸਾਨ ਦਾ ਜਿੰਮੇਵਾਰ ਨਹੀਂ ਹੋਵੇਗਾ। ਇਹ ਹਦਾਇਤਾਂ ਉਨ੍ਹਾਂ ਪਿੰਡਾਂ, ਕਸਬਿਆਂ, ਸ਼ਹਿਰਾਂ ਤੇ ਵੀ ਲਾਗੂ ਹੋਣਗੀਆਂ ਜੋ ਦਰਸਾਈਆਂ 400/220/132 ਕੇ.ਵੀ ਲਾਈਨਾਂ ਹੇਠਾਂ/ਨੇੜੇ ਆਉਂਦੇ ਹਨ ਪਰ ਨਾਮ ਦਰਸਾਉਣਾ ਰਹਿ ਗਿਆ ਹੋਵੇ।

ਸਹੀ/- ਵਧੀਕ ਨਿਗਰਾਨ ਇੰਜੀਨੀਅਰ,
400 ਕੇ.ਵੀ. ਸਬ-ਸਟੇਸ਼ਨ,
ਪੰ:ਰਾ:ਪਾ:ਕਾ:ਲਿ:, ਨਕੋਦਰ।

Ro No.: PR-Advt. No.: 1078/ 12 / 2026-27 / 11931/ Dated CHD : 03.06.2026

# ਖੇਤੀਬਾੜੀ ਪਸ਼ੂਪਾਲਨ ਅਤੇ ਫ਼ੂਡ ਪ੍ਰੋਸੈਸਿੰਗ ਪਾਰਲੀਮੈਂਟ ਸੰਸਦੀ ਕਮੇਟੀ ਨੇ ਪੀ ਏ ਯੂ ਲੁਧਿਆਣਾ ਵਿਖੇ ਟੀਚਿੰਗ ਅਸਾਮੀਆਂ ਵਿੱਚ ਰਾਖਵਾਂਕਰਨ ਲਾਗੂ ਕਰਨ ਦੇ ਹੁਕਮ ਦਿੱਤੇ

ਲੁਧਿਆਣਾ, 3 ਜੂਨ (ਜਤਿੰਦਰਪਾਲ ਸਿੰਘ ਛਾਬੜਾ): ਬੀਤੇ ਦਿਨੀਂ ਖੇਤੀਬਾੜੀ ਪਸ਼ੂਪਾਲਨ ਅਤੇ ਫ਼ੂਡ ਪ੍ਰੋਸੈਸਿੰਗ ਪਾਰਲੀਮੈਂਟ ਸੰਸਦੀ ਕਮੇਟੀ ਨੇ ਪੀ ਏ ਯੂ ਲੁਧਿਆਣਾ ਵਿਖੇ ਦੌਰਾ ਕੀਤਾ। ਪੀ ਏ ਯੂ ਐੱਸ ਸੀ ਬੀ ਸੀ ਇੰਪਲਾਈਜ ਵੈਲਫ਼ੇਅਰ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਪ੍ਰੋਫੈਸਰ ਹਰਨੇਕ ਸਿੰਘ ਨੇ ਜਾਣਕਾਰੀ ਦਿੱਤੀ ਕਿ ਸੰਸਦੀ ਕਮੇਟੀ ਦੇ ਚੇਅਰਮੈਨ ਅਤੇ ਸਾਬਕਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੇ ਮੀਟਿੰਗ ਦੌਰਾਨ ਪੀ ਏ ਯੂ ਦੇ ਵਾਈਸ




ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੂੰ ਆਦੇਸ਼ ਦਿੱਤਾ ਕਿ ਜਲਦ ਤੋਂ ਜਲਦ ਐੱਸ ਸੀ ਬੀ ਸੀ ਲੋਕਾਂ ਨੂੰ ਓਹਨਾ ਦੇ ਕਾਨੂੰਨੀ ਹੱਕ ਦਿੰਦੇ ਹੋਏ ਯੂਨੀਵਰਸਿਟੀ ਵਿਖੇ ਟੀਚਿੰਗ ਅਸਾਮੀਆਂ ਵਿੱਚ ਰਾਖਵਾਂਕਰਨ ਪਾਲਿਸੀ ਲਾਗੂ ਕੀਤੀ ਜਾਵੇ, ਇਥੇ ਓਹਨਾ ਨੇ ਇਹ ਵੀ ਜ਼ਿਕਰ ਕੀਤਾ ਕਿ ਇਹ ਬੜੇ ਦੁੱਖ ਅਤੇ ਅਚੰਭੇ ਵਾਲੀ ਗੱਲ ਹੈ ਕਿ ਸਾਲ 1962 ਤੋਂ ਹੀ ਜਦੋਂ ਦੀ ਇਹ ਯੂਨੀਵਰਸਿਟੀ ਬਣੀ ਹੈ ਉਦੋਂ ਤੋਂ ਹੀ ਐੱਸ ਸੀ ਲੋਕਾਂ ਦਾ ਸੰਵਿਧਾਨਿਕ ਹੱਕ ਖਾਇਆ ਜਾ ਰਿਹਾ ਹੈ ਪਰ ਹੁਣ ਅੱਗੇ ਇਹ ਬਰਦਾਸ਼ਤ ਯੋਗ ਨਹੀਂ ਹੈ ਓਹਨਾ ਜਥੇਬੰਦੀ ਨੂੰ ਆਸ਼ਵਾਸਨ ਦਿਵਾਇਆ ਕਿ ਕਮੇਟੀ ਵੱਲੋਂ ਜਲਦ ਤੋਂ ਜਲਦ ਇਹ ਰਾਖਵਾਂਕਰਨ ਨੀਤੀ ਲਾਗੂ ਕਰਵਾਈ ਜਾਵੇਗੀ।

# ਪੰਜ ਦਿਨਾਂ ਨਿੱਜੀ ਵਿਕਾਸ ਅਤੇ ਸੱਭਿਆਚਾਰ ਕੈਂਪ ਦਾ ਸਫਲਤਾ ਪੂਰਵਕ ਆਯੋਜਨ

ਲੁਧਿਆਣਾ,3 ਜੂਨ( ਜਤਿੰਦਰਪਾਲ ਸਿੰਘ ਛਾਬੜਾ)ਭਾਰਤ ਵਿਕਾਸ ਪ੍ਰੀਸ਼ਦ, ਸ਼ਹੀਦ ਸੁਖਦੇਵ ਸ਼ਾਖਾ, ਲੁਧਿਆਣਾ ਨੇ ਧਰਮ ਜਾਗਰਣ ਟੀਮ, ਏਕਤਾ ਪਬਲਿਕ ਸ਼੍ਰੀ ਸਤਪਾਲ ਸਿੰਘ, ਪ੍ਰਦੀਪ ਕੁਮਾਰ ਅਤੇ ਸੀਨੀਅਰ ਸੈਕੰਡਰੀ ਸਕੂਲ, ਸੂਆ ਰੋਡ, ਲੁਧਿਆਣਾ ਦੇ ਪ੍ਰਿੰਸੀਪਲ ਦੇ ਸਹਿਯੋਗ ਨਾਲ, ਸੁਰਿੰਦਰ ਰਾਣਾ ਦੀ ਪ੍ਰਧਾਨਗੀ ਹੇਠ ਪੰਜ ਦਿਨਾਂ ਨਿੱਜੀ ਵਿਕਾਸ ਅਤੇ ਸੱਭਿਆਚਾਰ ਕੈਂਪ ਦਾ ਸਫਲਤਾਪੂਰਵਕ ਆਯੋਜਨ ਕੀਤਾ। ਸਕੂਲ ਦੇ ਲਗਭਗ 55 ਬੱਚਿਆਂ ਨੇ ਕੈਂਪ ਵਿੱਚ ਹਿੱਸਾ ਲਿਆ। ਕੈਂਪ 28 ਜੂਨ ਨੂੰ ਸ਼ੁਰੂ ਹੋਇਆ। ਇਸ ਯੁਵਾ ਸੰਸਕਾਰ ਕਲਾਸ ਵਿੱਚ, ਬੱਚਿਆਂ ਨੂੰ ਦੇਸ਼ ਭਗਤੀ, ਚੰਗੀ ਸਿਹਤ, ਸਨਾਤਨ ਧਰਮ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਦੀਆਂ ਸਿੱਖਿਆਵਾਂ ਬਾਰੇ ਸਿਖਾਇਆ ਜਾਂਦਾ ਹੈ। ਭਗਤ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਪੜ੍ਹਾਈਆਂ ਗਈਆਂ। ਕੈਂਪ ਦਾ ਸਿਲੇਬਸ ਚੰਗੀ ਤਰ੍ਹਾਂ ਤਿਆਰ ਕੀਤਾ ਗਿਆ ਸੀ, ਅਤੇ ਬੱਚਿਆਂ ਨੇ ਬਹੁਤ ਦਿਲਚਸਪੀ ਨਾਲ ਹਿੱਸਾ ਲਿਆ। ਹਰ ਰੋਜ਼, ਕੈਂਪ ਦੀ ਸ਼ੁਰੂਆਤ ਦਿਵਾ ਦੇ ਜਾਗਰਣ ਨਾਲ ਹੋਈ। ਇਸ ਕੈਂਪ





ਦੌਰਾਨ ਬੱਚਿਆਂ ਨੇ ਬਹੁਤ ਸਾਰੇ ਕੀਮਤੀ ਸਬਕ ਸਿੱਖੇ। ਉਨ੍ਹਾਂ ਨੂੰ ਰੋਜ਼ਾਨਾ ਜੀਵਨ ਵਿੱਚ ਯੋਗ ਦੀ ਮਹੱਤਤਾ ਬਾਰੇ ਵੀ ਸਿਖਾਇਆ ਗਿਆ। ਅੰਜਲੀ ਸ਼ੁਕਲਾ, ਸਨੇਹਾ ਸ਼ੁਕਲਾ, ਕਲਾਵਤੀ ਅਤੇ ਬ੍ਰਿਜਮੋਹਨ ਸਾਰਿਆਂ ਨੇ ਇਸ ਕੈਂਪ ਨੂੰ ਆਯੋਜਿਤ ਕਰਨ ਲਈ ਸਖ਼ਤ ਮਿਹਨਤ ਕੀਤੀ। ਸਖ਼ਤ ਮਿਹਨਤ ਕੀਤੀ। ਹਰ ਰੋਜ਼, ਸਾਰੇ ਬੱਚਿਆਂ ਨੂੰ ਇੱਕ ਜੀਵਨੀ ਅਤੇ ਇੱਕ ਦੇਸ਼ ਭਗਤ ਦੀ ਤਸਵੀਰ ਦਿੱਤੀ ਗਈ। ਅਗਲੇ ਦਿਨ, ਉਹ ਸੁੰਦਰ ਰੰਗਾਂ ਨਾਲ ਸਜਾਈ ਗਈ ਤਸਵੀਰ ਵਾਪਸ ਲੈ ਆਏ। ਕੈਂਪ ਵਿੱਚ ਬੱਚਿਆਂ ਦਾ ਉਤਸ਼ਾਹ ਦੇਖਣਯੋਗ ਸੀ। ਹਰੇਕ ਕੈਂਪ ਤੋਂ ਬਾਅਦ ਪੌਸ਼ਟਿਕ ਭੋਜਨ ਵੀ ਦਿੱਤਾ ਗਿਆ।ਭਾਰਤ ਵਿਕਾਸ ਪ੍ਰੀਸ਼ਦ ਦੇ ਸੂਬਾਈ ਉਪ ਪ੍ਰਧਾਨ ਸੁਧੀਰ ਜੈਨ, ਸ਼ਾਖਾ ਪ੍ਰਧਾਨ ਅਨਿਲ ਗੁਪਤਾ, ਬ੍ਰਿਜ ਭੂਸ਼ਣ ਬਾਂਸਲ, ਵਰੁਣ ਸੂਦ, ਤਰੁਣ ਅਗਰਵਾਲ, ਸੰਜੀਵ ਦੱਤਾ, ਅਜੈ ਗੁਪਤਾ, ਸੰਜੀਵ ਖੁਰਾਨਾ, ਪਰਵੀਨ ਗੋਇਲ, ਸੰਜੇ ਗੁਪਤਾ, ਵਿਜੇ ਵਰਮਾ, ਆਰਤੀ ਗੁਪਤਾ, ਕੁਲਦੀਪ, ਰਜਨੀਸ਼ ਗੋਇਲ ਅਤੇ ਸ਼੍ਰੀਮਤੀ ਪਰਵੀਨ ਨੇ ਇਸ ਕੈਂਪ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ।ਸਮਾਪਤੀ ਸਮਾਰੋਹ ਇੱਕ ਸ਼ਾਨਦਾਰ ਸਮਾਗਮ ਸੀ। ਕੈਂਪ ਵਿੱਚ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਉਨ੍ਹਾਂ ਦੇ ਸਫਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

# ਮਿੰਨੀ ਸਕੱਤਰੇਤ ਦੇ ਲਾਇਸੰਸ ਹੋਲਡਰਾਂ ਨੇ ਫੀਸਾਂ ਵਿੱਚ ਵਾਧੇ ਦਾ ਨੋਟੀਫਿਕੇਸ਼ਨ ਰੱਦ ਕਰਨ ਦੀ ਕੀਤੀ ਮੰਗ

ਰਾਜਪੁਰਾ, 3 ਜੂਨ (ਮਦਨ ਲਾਲ): ਮਿੰਨੀ ਸਕੱਤਰੇਤ ਲਾਇਸੰਸ ਹੋਲਡਰ ਐਸੋਸੀਏਸ਼ਨ ਰਾਜਪੁਰਾ (ਰਜਿ.) ਵੱਲੋਂ ਐਸਡੀਐਮ ਰਾਜਪੁਰਾ ਸੁਖਜਿੰਦਰ ਸਿੰਘ ਟਿਵਾਣਾ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਇੱਕ ਮੰਗ ਪੱਤਰ ਭੇਜ ਕੇ ਕਚਿਹਰੀ ਕੰਪਲੈਕਸ ਵਿੱਚ ਕੰਮ ਕਰ ਰਹੇ ਟਾਈਪਿਸਟਾਂ, ਵੁਡਨ ਕੈਬਿਨ ਧਾਰਕਾਂ, ਫੋਟੋ ਸਟੇਟ, ਕੰਪਿਊਟਰ ਟਾਈਪਿੰਗ, ਫੋਟੋਗ੍ਰਾਫੀ ਅਤੇ ਡਰਾਫਟਸਮੈਨਾਂ ਦੀਆਂ ਲਾਇਸੰਸ ਫੀਸਾਂ ਵਿੱਚ ਕੀਤੇ ਗਏ ਵਾਧੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ। ਐਸੋਸੀਏਸ਼ਨ ਦੇ ਪ੍ਰਧਾਨ ਪ੍ਰੀਤਮ ਸਿੰਘ ਅਤੇ ਸਕੱਤਰ ਦਰਸ਼ਨ ਸਿੰਘ ਨੇ ਦੱਸਿਆ ਕਿ ਮਾਲ ਤੇ ਮੁੜ ਵਸੇਬਾ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਲਾਇਸੰਸ ਫੀਸਾਂ ਨੂੰ ਦੁੱਗਣਾ ਕਰ



ਦਿੱਤਾ ਗਿਆ ਹੈ ਅਤੇ ਹਰ ਵਿੱਤੀ ਸਾਲ ਮਗਰੋਂ 10 ਫੀਸਦੀ ਵਾਧੇ ਦੀ ਸ਼ਰਤ ਵੀ ਲਾਗੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਈ ਲਾਇਸੰਸ ਧਾਰਕ ਪਿਛਲੇ 40 ਤੋਂ 50 ਸਾਲਾਂ ਤੋਂ ਕਚਿਹਰੀ ਵਿੱਚ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਇਹੋ ਇਕੋ ਸਾਧਨ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਸੇਵਾਵਾਂ ਦੇ ਆਨਲਾਈਨ ਹੋਣ ਅਤੇ ਬਿਆਨ ਹਲਫੀਆ ਦੀ ਪ੍ਰਕਿਰਿਆ ਖਤਮ ਹੋਣ ਕਾਰਨ ਕੰਮਕਾਜ ਪਹਿਲਾਂ ਨਾਲੋਂ ਕਾਫੀ ਘੱਟ ਗਿਆ ਹੈ। ਇਸ ਦੇ ਬਾਵਜੂਦ ਫੀਸਾਂ ਵਿੱਚ ਵੱਡਾ ਵਾਧਾ ਕਰਨਾ ਅਤੇ ਹਰ ਸਾਲ 10 ਫੀਸਦੀ ਵਾਧਾ ਲਾਗੂ ਕਰਨਾ ਛੋਟੇ ਕਾਰੋਬਾਰੀਆਂ ਲਈ ਭਾਰੀ ਆਰਥਿਕ ਬੋਝ ਹੈ। ਐਸੋਸੀਏਸ਼ਨ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਲਾਇਸੰਸ ਫੀਸਾਂ ਵਿੱਚ ਹਰ ਸਾਲ 10 ਫੀਸਦੀ ਵਾਧੇ ਦੀ ਸ਼ਰਤ ਨੂੰ ਤੁਰੰਤ ਰੱਦ ਕਰਕੇ ਲਾਇਸੰਸ ਹੋਲਡਰਾਂ ਨੂੰ ਰਾਹਤ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਨਾਲ ਸੈਂਕੜਿਆਂ ਪਰਿਵਾਰਾਂ ਦੀ ਰੋਜ਼ੀ-ਰੋਟੀ ਸੁਰੱਖਿਅਤ ਰਹਿ ਸਕੇਗੀ। ਵਫਦ ਵਿਚ ਗੁਰਬਚਨ ਸਿੰਘ ਸੈਦਖੇੜੀ, ਭੁਪਿੰਦਰ ਸਿੰਘ ਚੋਪੜਾ, ਵਿਕਾਸ ਅਨੇਜਾ, ਮੁਨੀਸ਼ ਕੁਮਾਰ, ਕਮਲਜੀਤ ਸਿੰਘ ਲਾਲੀ, ਤਲਵਿੰਦਰ ਸਿੰਘ, ਬਲਜਿੰਦਰ ਸਿੰਘ ਅਤੇ ਸਤਨਾਮ ਸਿੰਘ ਤੋਂ ਇਲਾਵਾ ਹੋਰ ਲਾਇਸੰਸ ਹੋਲਡਰ ਹਾਜ਼ਰ ਸਨ।

# ਓਬੀਸੀ ਵਰਗ ਨੂੰ ਬਣਦਾ 27 ਫੀਸਦੀ ਰਾਖਵਾਂਕਰਨ ਮਿਲੇ : ਹਰਦਿਆਲ ਸਿੰਘ ਭੱਟੀ

ਚੰਡੀਗੜ੍ਹ, 3 ਜੂਨ (ਚ.ਨ.ਸ.): ਓਬੀਸੀ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਬਲਵਿੰਦਰ ਸਿੰਘ ਮੁਲਤਾਨੀ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਕਿ ਪਿੱਛੜੇ ਵਰਗਾਂ ਦੇ ਹੱਕਾਂ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਬੀ.ਸੀ. ਵਿੰਗ ਦੇ ਕੌਮੀ ਮੀਤ ਪ੍ਰਧਾਨ ਸ. ਹਰਦਿਆਲ ਸਿੰਘ ਭੱਟੀ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਟਿਆਲਾ ਸ਼ਹਿਰੀ ਹਲਕੇ ਤੋਂ ਪਾਰਟੀ ਦਾ ਉਮੀਦਵਾਰ ਐਲਾਨਿਆ ਜਾਵੇ। ਵਫ਼ਦ ਨੇ ਕਿਹਾ ਕਿ ਭੱਟੀ ਨੇ ਓਬੀਸੀ ਵਰਗ, ਸਮਾਜਿਕ ਨਿਆਂ ਅਤੇ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਨਿਰੰਤਰ ਆਵਾਜ਼ ਬੁਲੰਦ ਕੀਤੀ ਹੈ, ਜਿਸ ਕਰਕੇ ਉਹ ਇਸ ਹਲਕੇ ਦੀ ਨੁਮਾਇੰਦਗੀ ਕਰਨ ਲਈ ਇੱਕ ਯੋਗ, ਤਜਰਬੇਕਾਰ ਅਤੇ ਮਜ਼ਬੂਤ ਉਮੀਦਵਾਰ ਹਨ।ਸ਼੍ਰੋਮਣੀ ਅਕਾਲੀ ਦਲ ਦੇ ਐਲਾਨਨਾਮਾ-2024 ਵਿੱਚ ਓਬੀਸੀ ਵਰਗ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਘੱਟੋ-ਘੱਟ 27 ਫੀਸਦੀ ਪ੍ਰਤੀਨਿਧਤਾ ਦੇਣ ਦੀ ਮੰਗ ਦਾ ਸਮਰਥਨ ਕੀਤਾ ਗਿਆ ਹੈ। ਐਲਾਨਨਾਮੇ ਦੇ ਪੰਨਾ 26 ਅਨੁਸਾਰ ਪਾਰਲੀਮੈਂਟ, ਵਿਧਾਨ ਸਭਾਵਾਂ, ਪੰਚਾਇਤਾਂ ਅਤੇ ਹੋਰ ਲੋਕਤੰਤਰੀ ਸੰਸਥਾਵਾਂ ਵਿੱਚ ਵੀ ਓਬੀਸੀ ਵਰਗ ਨੂੰ ਬਣਦੀ ਨੁਮਾਇੰਦਗੀ ਦੇਣ ਲਈ ਯਤਨ ਕੀਤੇ ਜਾਣਗੇ। ਨੌਕਰੀਆਂ ਵਿੱਚ ਰਾਖਵਾਂਕਰਨ ਸਮੇਂ ਵੀ ਇਸੇ ਅਸੂਲ ਦੀ ਹਿਮਾਇਤ ਕੀਤੀ ਜਾਵੇਗੀ ਅਤੇ ਓਬੀਸੀ ਵਰਗ ਦੀਆਂ ਹੋਰ ਮੰਗਾਂ ’ਤੇ ਵਿਚਾਰ ਕਰਨ ਲਈ ਸਰਕਾਰੀ ਕਮੇਟੀ ਦੇ ਗਠਨ ਲਈ ਵੀ ਕੋਸ਼ਿਸ਼ ਕੀਤੀ ਜਾਵੇਗੀ।ਸ਼੍ਰੋਮਣੀ ਅਕਾਲੀ ਦਲ



ਬੀ.ਸੀ. ਵਿੰਗ ਦੇ ਕੌਮੀ ਮੀਤ ਪ੍ਰਧਾਨ ਹਰਦਿਆਲ ਸਿੰਘ ਭੱਟੀ ਨੇ ਕਿਹਾ ਕਿ ਪੰਜਾਬ ਵਿੱਚ 74 ਤੋਂ ਵੱਧ ਪੱਛੜੀਆਂ ਜਾਤੀਆਂ ਅਤੇ ਭਾਈਚਾਰੇ ਬੈਕਵਰਡ ਕਲਾਸ (ਬੀ.ਸੀ./ਓਬੀਸੀ) ਸੂਚੀ ਵਿੱਚ ਸ਼ਾਮਲ ਹਨ। ਇਨ੍ਹਾਂ ਵਿੱਚ ਰਾਮਗੜ੍ਹੀਆ/ਤਰਖਾਣ, ਸੈਣੀ, ਕਮਬੋਜ, ਲਬਾਣਾ, ਅਰਾਈਂ, ਗੁੱਜਰ, ਯਾਦਵ/ਅਹੀਰ, ਤੇਲੀ, ਧੋਬੀ, ਨਾਈ, ਲੋਹਾਰ, ਕੁੰਮ੍ਹਾਰ, ਜੁਲਾਹਾ, ਕਸ਼ਯਪ, ਝੀਂਵਰ ਅਤੇ ਧੀਮਰ ਸਮੇਤ ਹੋਰ ਕਈ ਭਾਈਚਾਰੇ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਰਾਸ਼ਟਰੀ ਪਿੱਛੜਾ ਵਰਗ ਆਯੋਗ (ਐਨਸੀਬੀਸੀ) ਵੱਲੋਂ 14 ਮਈ 2024 ਨੂੰ ਪੰਜਾਬ ਸਰਕਾਰ ਨੂੰ ਭੇਜੇ ਗਏ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਪੰਜਾਬ ਵਿੱਚ ਸਰਕਾਰੀ ਨੌਕਰੀਆਂ ਵਿੱਚ ਇਸ ਵੇਲੇ ਅਨੁਸੂਚਿਤ ਜਾਤੀਆਂ ਲਈ 25 ਫੀਸਦੀ ਅਤੇ ਓਬੀਸੀ ਵਰਗ ਲਈ 12 ਫੀਸਦੀ ਰਾਖਵਾਂਕਰਨ ਹੈ, ਜੋ ਕੁੱਲ 37 ਫੀਸਦੀ ਬਣਦਾ ਹੈ। ਸੁਪਰੀਮ ਕੋਰਟ ਦੇ ਇੰਦਰਾ ਸਾਹਨੀ ਕੇਸ ਅਨੁਸਾਰ ਰਾਖਵਾਂਕਰਨ ਦੀ ਸੀਮਾ 50 ਫੀਸਦੀ ਤੱਕ ਹੋ ਸਕਦੀ ਹੈ। ਇਸ ਕਰਕੇ ਪੰਜਾਬ ਸਰਕਾਰ ਕੋਲ ਓਬੀਸੀ ਵਰਗ ਲਈ ਹੋਰ 13 ਫੀਸਦੀ ਰਾਖਵਾਂਕਰਨ ਵਧਾਉਣ ਦੀ ਗੁੰਜਾਇਸ਼ ਮੌਜੂਦ ਹੈ।ਸ. ਭੱਟੀ ਨੇ ਦੱਸਿਆ ਕਿ ਸਿੱਖਿਆ ਸੰਸਥਾਵਾਂ ਵਿੱਚ ਵੀ ਐਸ.ਸੀ. ਵਰਗ ਲਈ 25 ਫੀਸਦੀ ਅਤੇ ਓਬੀਸੀ ਵਰਗ ਲਈ 10 ਫੀਸਦੀ ਰਾਖਵਾਂਕਰਨ ਹੈ, ਜਿਸ ਨਾਲ ਕੁੱਲ ਰਾਖਵਾਂਕਰਨ 35 ਫੀਸਦੀ ਬਣਦਾ ਹੈ। ਇਸ ਤਰ੍ਹਾਂ ਸਿੱਖਿਆ ਖੇਤਰ ਵਿੱਚ ਵੀ 15 ਫੀਸਦੀ ਹੋਰ ਰਾਖਵਾਂਕਰਨ ਵਧਾਉਣ ਦੀ ਸੰਭਾਵਨਾ ਹੈ, ਜਿਸ ਦਾ ਲਾਭ ਓਬੀਸੀ ਵਰਗ ਨੂੰ ਮਿਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਰਾਸ਼ਟਰੀ ਪਿੱਛੜਾ ਵਰਗ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਇਹ ਵੀ ਯਾਦ ਦਿਵਾਇਆ ਹੈ ਕਿ 22 ਫਰਵਰੀ 2024 ਨੂੰ ਓਬੀਸੀ ਰਾਖਵਾਂਕਰਨ ਦੀ ਪ੍ਰਤੀਸ਼ਤਤਾ ਵਧਾਉਣ ਸਬੰਧੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਪਰ ਅਜੇ ਤੱਕ ਇਸ ਸਬੰਧੀ ਕੋਈ ਕਾਰਵਾਈ ਰਿਪੋਰਟ ਨਹੀਂ ਭੇਜੀ ਗਈ। ਕਮਿਸ਼ਨ ਨੇ ਇਸ ਮਾਮਲੇ ਵਿੱਚ ਨਾਰਾਜ਼ਗੀ ਜਤਾਉਂਦਿਆਂ ਇੱਕ ਹਫ਼ਤੇ ਅੰਦਰ ਰਿਪੋਰਟ ਭੇਜਣ ਲਈ ਕਿਹਾ ਹੈ।ਇਸ ਮੌਕੇ ਓਬੀਸੀ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ ਦੀ ਅਗਵਾਈ ਹੇਠ ਸ. ਹਰਦਿਆਲ ਸਿੰਘ ਭੱਟੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ. ਮੁਲਤਾਨੀ ਨੇ ਕਿਹਾ ਕਿ ਸ. ਭੱਟੀ ਲੰਮੇ ਸਮੇਂ ਤੋਂ ਓਬੀਸੀ ਵਰਗ ਦੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਸਮਾਜ ਲਈ ਪ੍ਰੇਰਨਾ ਸਰੋਤ ਹਨ।ਸਨਮਾਨ ਪ੍ਰਾਪਤ ਕਰਨ ਉਪਰੰਤ ਸ. ਹਰਦਿਆਲ ਸਿੰਘ ਭੱਟੀ ਨੇ ਓਬੀਸੀ ਫੈਡਰੇਸ਼ਨ ਪੰਜਾਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਿੱਛੜੇ ਵਰਗਾਂ ਦੇ ਹੱਕਾਂ, ਸਮਾਜਿਕ ਨਿਆਂ ਅਤੇ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਆਪਣਾ ਸੰਘਰਸ਼ ਲਗਾਤਾਰ ਜਾਰੀ ਰੱਖਣਗੇ।

# ਗੈਰ-ਮਿਆਰੀ ਖਾਧ ਪਦਾਰਥ ਵੇਚਣ ਵਾਲਿਆਂ ਖ਼ਿਲਾਫ਼ ਕਾਰਵਾਈ, ਪੰਜ ਫੂਡ ਕਾਰੋਬਾਰੀਆਂ ਨੂੰ ਕੀਤੇ ਜੁਰਮਾਨੇ

ਰੂਪਨਗਰ, 3 ਜੂਨ ( ਅਮਿਤ ਅਰੋੜਾ): ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ ਫੂਡ ਐਂਡ ਡਰੱਗਜ਼ ਐਡਮਿਨਿਸਟ੍ਰੇਸ਼ਨ ਪੰਜਾਬ ਕੰਵਲਪ੍ਰੀਤ ਕੌਰ ਬਰਾੜ (ਆਈ.ਏ.ਐਸ.) ਦੇ ਹੁਕਮਾਂ ਅਨੁਸਾਰ ਮਿਲਾਵਟੀ ਅਤੇ ਗੈਰ-ਮਿਆਰੀ ਖਾਧ ਪਦਾਰਥਾਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਫੂਡ ਸੇਫਟੀ ਟੀਮਾਂ ਵੱਲੋਂ ਸਮੇਂ-ਸਮੇਂ ’ਤੇ ਚੈਕਿੰਗ ਕੀਤੀ ਜਾਂਦੀ ਹੈ ਅਤੇ ਖਾਧ ਪਦਾਰਥਾਂ ਦੇ ਸੈਂਪਲ ਭਰ ਕੇ ਜਾਂਚ ਲਈ ਭੇਜੇ ਜਾਂਦੇ ਹਨ। ਸਟੇਟ ਫੂਡ ਲੈਬੋਰਟਰੀ ਤੋਂ ਪ੍ਰਾਪਤ ਨਤੀਜਿਆਂ ਅਨੁਸਾਰ ਫੇਲ੍ਹ ਪਾਏ ਜਾਣ ਵਾਲੇ ਸੈਂਪਲਾਂ ਸਬੰਧੀ ਕੇਸ ਮਾਣਯੋਗ



ਅਦਾਲਤਾਂ ਵਿੱਚ ਦਾਇਰ ਕੀਤੇ ਜਾਂਦੇ ਹਨ। ਇਸੇ ਮੁਹਿੰਮ ਤਹਿਤ ਵਧੀਕ ਡਿਪਟੀ ਕਮਿਸ਼ਨਰ-ਕਮ-ਐਡਜੂਡੀਕੇਟਿੰਗ ਅਫ਼ਸਰ ਚੰਦਰ ਜੋਤੀ ਸਿੰਘ (ਆਈ.ਏ.ਐਸ.) ਦੀ ਅਦਾਲਤ ਵੱਲੋਂ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਦੀ ਉਲੰਘਣਾ ਕਰਨ ਵਾਲੇ ਫੂਡ ਬਿਜ਼ਨਸ ਆਪਰੇਟਰਾਂ ਨੂੰ ਜੁਰਮਾਨੇ ਕੀਤੇ ਗਏ ਹਨ। ਇਨ੍ਹਾਂ ਜੁਰਮਾਨਿਆਂ ਵਿੱਚ ਮੈਸ. ਪ੍ਰਧਾਨ ਵੈਜੀਟੇਬਲ ਸ਼ਾਪ, ਅਨਾਜ ਮੰਡੀ ਰੋਪੜ ਨੂੰ 50,000 ਰੁਪਏ, ਮੈਸ. ਲਕਸ਼ਮੀ ਆਈਸ ਫੈਕਟਰੀ, ਰੈਲੋਂ ਰੋਡ, ਰੋਪੜ ਨੂੰ 50,000 ਰੁਪਏ, ਮੈਸ. ਚੰਡੀਗੜ੍ਹ ਸਵੀਟਸ, ਸ਼ੂਗਰ ਮਿੱਲ ਰੋਡ, ਮੋਰਿੰਡਾ ਨੂੰ 5,000 ਰੁਪਏ, ਮੈਸ. ਮਨਾਰ ਹਿਲਜ਼, ਨੇੜੇ ਗੋਬਿੰਦ ਵੈਲੀ, ਦਰਗਾਹ ਸ਼ਾਹ, ਰੋਪੜ ਨੂੰ 5,000 ਰੁਪਏ, ਗੁਪਤਾ ਡੇਅਰੀ, ਫੂਲ ਚੱਕਰ ਬਾਜ਼ਾਰ, ਰੋਪੜ ਨੂੰ 2,500 ਰੁਪਏ ਸ਼ਾਮਿਲ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਹਾਇਕ ਕਮਿਸ਼ਨਰ ਫੂਡ ਸੇਫਟੀ ਮਨਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਹਰੇਕ ਫੂਡ ਬਿਜ਼ਨਸ ਆਪਰੇਟਰ ਲਈ ਆਪਣੀ ਟਰਨਓਵਰ ਅਨੁਸਾਰ ਫੂਡ ਸੇਫਟੀ ਐਕਟ ਤਹਿਤ ਫੂਡ ਲਾਇਸੈਂਸ ਜਾਂ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੈ। ਲਾਇਸੈਂਸ ਜਾਂ ਰਜਿਸਟ੍ਰੇਸ਼ਨ ਨਾ ਕਰਵਾਉਣ ਵਾਲਿਆਂ ਵਿਰੁੱਧ ਚਲਾਨ ਅਤੇ ਜੁਰਮਾਨੇ ਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਖਾਧ ਪਦਾਰਥਾਂ ਦੇ ਕਾਰੋਬਾਰ ਨਾਲ ਜੁੜੇ ਸਾਰੇ ਵਿਅਕਤੀਆਂ ਨੂੰ ਸਫ਼ਾਈ ਦੇ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਗਾਹਕਾਂ ਨੂੰ ਕੇਵਲ ਸਾਫ਼-ਸੁਥਰੇ, ਮਿਆਰੀ ਅਤੇ ਉੱਚ ਗੁਣਵੱਤਾ ਵਾਲੇ ਖਾਧ ਪਦਾਰਥ ਹੀ ਉਪਲਬਧ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਸਬ-ਸਟੈਂਡਰਡ ਅਤੇ ਅਸੁਰੱਖਿਅਤ ਖਾਧ ਪਦਾਰਥਾਂ ਦਾ ਕਾਰੋਬਾਰ ਕਰਨ ਵਾਲੇ ਆਪਰੇਟਰਾਂ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਸ ਮੌਕੇ ਫੂਡ ਸੇਫਟੀ ਅਫ਼ਸਰ ਸਿਮਰਨਜੀਤ ਸਿੰਘ ਗਿੱਲ ਵੀ ਹਾਜ਼ਰ ਸਨ।

# ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਨੇ ਪੈਟਰੋਲ, ਡੀਜ਼ਲ ਦੀਆਂ ਵਧੀਆਂ ਕੀਮਤਾਂ ਵਿਰੁੱਧ ਫੁਹਾਰਾ ਚੌਕ ਵਿਖੇ ਪ੍ਰਧਾਨ ਮੰਤਰੀ ਦਾ ਪੁਤਲਾ ਫੂਕਿਆ



ਰਾਜਪੁਰਾ, 3 ਜੂਨ (ਸੰਜੀਵ ਕੁਮਾਰ): ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਭਾਰਤ ਵੱਲੋਂ ਅੱਜ ਫੁਹਾਰਾ ਚੌਕ ਰਾਜਪੁਰਾ ਟਾਊਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਕੌਮੀ ਪ੍ਰਧਾਨ ਮਨਜੀਤ ਸਿੰਘ ਘੁਮਾਣਾਂ ਨੇ ਦੱਸਿਆ ਕੀ ਡੀਜ਼ਲ, ਪੈਟਰੋਲ , ਗੈਸ ਸਿਲੰਡਰ ਅਤੇ ਹੋਰ ਵੱਖੋ ਵੱਖ ਚੀਜ਼ਾਂ ਦੀਆਂ ਵਧੀਆਂ ਕੀਮਤਾਂ ਦੇ ਵਿਰੋਧ ਵਿੱਚ ਅਤੇ ਭਾਖੜਾ ਵਿਆਸ ਬੋਰਡ ਦੇ ਵਿੱਚ ਪੰਜਾਬ ਦੀ ਹਿੱਸੇਦਾਰੀ ਖਤਮ ਕਰਨਾ ਤੇ ਦੇਸ਼ ਨੂੰ ਕਾਰਪੋਰੇਟ ਪਰਿਵਾਰਾਂ ਦੇ ਹਵਾਲੇ ਕਰਨਾ, ਇਹਨਾਂ ਸਭ ਦਾ ਵਿਰੋਧ ਕਰਦੇ ਹੋਏ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ ਗਿਆ ਅਤੇ ਸੈਂਟਰ ਸਰਕਾਰ ਨੂੰ ਕਿਹਾ ਗਿਆ ਕਿ ਜਦੋਂ ਤੱਕ ਵਧੀਆਂ ਕੀਮਤਾਂ ਵਾਪਸ ਨਹੀਂ ਹੁੰਦੀਆਂ ਉਦੋਂ ਤੱਕ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਭਾਰਤ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੱਖ-ਵੱਖ ਥਾਵਾਂ ’ਤੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਤੇ ਪੁਤਲੇ ਸਾੜੇ ਜਾਣਗੇ ਤਾਂ ਜੋ ਸੁੱਤੀ ਪਈ ਸੈਂਟਰ ਦੀ ਮੋਦੀ ਹਕੂਮਤ ਨੂੰ ਜਗਾਇਆ ਜਾ ਸਕੇ। ਇਸ ਮੌਕੇ ਤਜਿੰਦਰ ਸਿੰਘ ਮੋਹੀ ਮੀਤ ਪ੍ਰਧਾਨ ਭਾਰਤ , ਲੱਖਾ ਸਿੰਘ ਕਬੂਲਪੁਰ ਮੀਤ ਪ੍ਰਧਾਨ ਪੰਜਾਬ , ਲੱਖਾ ਲੰਬੜਦਾਰ ਸੋਟੀ ਜਰਨਲ ਸਕੱਤਰ ਪੰਜਾਬ, ਨਾਗਰ ਸਿੰਘ ਸੁਹਰੋਂ ਕੋਰ ਕਮੇਟੀ ਮੈਂਬਰ ਭਾਰਤ, ਗੁਰਮੀਤ ਸਿੰਘ ਅਕਬਰਪੁਰ ਯੂਥ ਪ੍ਰਧਾਨ ਪਟਿਆਲਾ, ਬਲਕਾਰ ਸਿੰਘ ਸੈਦਖੇੜੀ ਸੂਬਾ ਸਕੱਤਰ ਪੰਜਾਬ , ਮੋਨੂੰ ਸਿੰਘ ਬਪਰੌਰ ਯੂਥ ਮੀਤ ਪ੍ਰਧਾਨ ਪੰਜਾਬ , ਅਵਤਾਰ ਸਿੰਘ ਚਤਰ ਨਗਰ ਯੂਥ ਮੀਤ ਪ੍ਰਧਾਨ ਜ਼ਿਲ੍ਹਾ ਪਟਿਆਲਾ, ਇੰਦਰਜੀਤ ਸਿੰਘ ਲੰਬੜਦਾਰ ਜਲਾਲਪੁਰ , ਕਲਦੀਪ ਸਿੰਘ ਸਾਹਲ , ਬਲਕਾਰ ਸਿੰਘ ਘੜਾਮਾ ਕਲਾਂ, ਜਸਵੰਤ ਸਿੰਘ ਪ੍ਰਧਾਨ ਟੈਕਸੀ ਯੂਨੀਅਨ, ਗੁਰਪ੍ਰੀਤ ਸਿੰਘ ਮੀਤ ਪ੍ਰਧਾਨ ਜ਼ਿਲ੍ਹਾ ਪਟਿਆਲਾ, ਸੋਨੂੰ ਕਵਾਰਟਰ , ਜਤਿੰਦਰ ਸਿੰਘ ਸ਼ੰਟੀ ਇਕਾਈ ਪ੍ਰਧਾਨ ਵਾਰਡ ਨੰਬਰ 11, ਸੁਖਵਿੰਦਰ ਸਿੰਘ ਕੋਟਲਾ ਸਰਕਲ ਮੀਤ ਪ੍ਰਧਾਨ, ਰਗਵਿੰਦਰ ਸਿੰਘ ਜੰਡੋਲੀ, ਜੱਗਾ ਸਿੰਘ ਖਰਾਜਪੁਰ, ਹੈਰੀ ਸਿੰਘ ਵਾਰਡ ਨੰਬਰ 11 ਅਤੇ ਹੋਰ ਵੱਖੋ ਵੱਖ ਅਹੁਦੇਦਾਰ ਹਾਜ਼ਰ ਸਨ।

## ਮਾਨ ਸਰਕਾਰ ਵੱਲੋਂ ਕਿਸਾਨ ਕ੍ਰੈਡਿਟ ਕਾਰਡ ਦੀ ਕਰਜ਼ਾ ਹੱਦ ’ਚ ਕੀਤਾ ਵਾਧਾ ਇਤਿਹਾਸਕ ਫ਼ੈਸਲਾ : ਰੱਖੜਾ

ਪਟਿਆਲਾ, 3 ਜੂਨ (ਅਮਰਜੀਤ): ਸਾਬਕਾ ਕੈਬਨਿਟ ਮੰਤਰੀ ਅਤੇ ‘ਆਪ’ ਆਗੂ ਸੁਰਜੀਤ ਸਿੰਘ ਰੱਖੜਾ ਨੇ ਮਨ ਸਰਕਾਰ ਵੱਲੋਂ ਕਿਸਾਨ ਕ੍ਰੈਡਿਟ ਕਾਰਡ (ਕੇ.ਸੀ.ਸੀ.) ਪ੍ਰਣਾਲੀ ਵਿੱਚ ਕੀਤੇ ਗਏ ਵੱਡੇ ਸੁਧਾਰਾਂ ਦਾ ਸਵਾਗਤ ਕਰਦਿਆਂ ਇਸ ਨੂੰ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਮਜ਼ਬੂਤੀ ਵੱਲ ਚੁੱਕਿਆ ਗਿਆ ਇਤਿਹਾਸਿਕ ਅਤੇ ਦੂਰਅੰਦੇਸ਼ੀ ਕਦਮ ਕਰਾਰ ਦਿੱਤਾ ਹੈ। ਸ. ਰੱਖੜਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਨੇ 26 ਸਾਲਾਂ ਤੋਂ ਚੱਲੇ ਆ ਰਹੇ ਪੁਰਾਣੇ ਕੇ.ਸੀ.ਸੀ. ਢਾਂਚੇ ਵਿੱਚ ਬਦਲਾਅ ਕਰਕੇ ਕਿਸਾਨਾਂ ਨੂੰ ਅਸਲ ਲੋੜਾਂ ਅਨੁਸਾਰ ਕਰਜ਼ਾ ਸਹੂਲਤ ਮੁਹੱਈਆ ਕਰਵਾਉਣ ਦਾ ਰਾਹ ਪੱਧਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਣਕ, ਝੋਨਾ, ਗੰਨਾ, ਬਾਗਬਾਨੀ ਅਤੇ ਹੋਰ ਉੱਚ ਮੁੱਲ ਵਾਲੀਆਂ ਫ਼ਸਲਾਂ ਲਈ ਕਰਜ਼ਾ ਹੱਦ ਵਿੱਚ ਕੀਤਾ ਗਿਆ ਵਾਧਾ ਕਿਸਾਨਾਂ ਨੂੰ ਵਿੱਤੀ ਤੌਰ ’ਤੇ ਮਜ਼ਬੂਤ ਬਣਾਏਗਾ।

# ਵੋਟਰ ਸੂਚੀ ਦੀ ਸਪੈਸ਼ਲ ਇਨਟਨਸਿਵ ਰਵੀਜ਼ਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੈਲਪ ਡੈਸਕ ਸਥਾਪਤ : ਦੀਪਸ਼ਿਖਾ ਸ਼ਰਮਾ

ਫਿਰੋਜ਼ਪੁਰ, 3 ਜੂਨ (ਤਿਵਾੜੀ): ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੋਟਰ ਸੂਚੀਆਂ ਦੀ ਸਪੈਸ਼ਲ ਇਨਟੈਨਸਿਵ ਰਵੀਜ਼ਨ (ਐੱਸ.ਆਈ.ਆਰ.) ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਪੱਧਰ ’ਤੇ ਕਮਰਾ ਨੰਬਰ 204, ਦਫ਼ਤਰ ਚੋਣ ਤਹਿਸੀਲਦਾਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਫ਼ਿਰੋਜ਼ਪੁਰ ਵਿਖੇ ਹੈਲਪ ਡੈਸਕ ਸਥਾਪਤ ਕੀਤਾ ਗਿਆ ਹੈ। ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਸਾਂਝੀ ਕੀਤੀ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਸ ਹੈਲਪ ਡੈਸਕ ਦਾ ਮੁੱਖ ਉਦੇਸ਼ ਐੱਸ.ਆਈ.ਆਰ. ਪ੍ਰਕਿਰਿਆ ਦੌਰਾਨ ਚੋਣਾਂ ਨਾਲ ਸਬੰਧਤ ਸੇਵਾਵਾਂ ਆਸਾਨੀ ਨਾਲ ਲੋਕਾਂ ਤੱਕ ਪਹੁੰਚਾਉਣਾ ਹੈ। ਇਸ ਦੇ ਨਾਲ ਹੀ




ਸਾਰੇ ਯੋਗ ਨਾਗਰਿਕਾਂ, ਖਾਸ ਕਰਕੇ ਦਿਵਿਆਂਗ ਵਿਅਕਤੀਆਂ, ਪ੍ਰਵਾਸੀ ਵੋਟਰਾਂ ਅਤੇ ਸੀਨੀਅਰ ਸਿਟੀਜ਼ਨਾਂ ਦੀ ਚੋਣ ਪ੍ਰਕਿਰਿਆ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ। ਇਸ ਹੈਲਪ ਡੈਸਕ ਰਾਹੀਂ ਵੋਟਰਾਂ ਨੂੰ ਕਈ ਮਹੱਤਵਪੂਰਨ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਹੈਲਪ ਡੈਸਕ ’ਤੇ ਆਉਣ ਵਾਲੇ ਨਾਗਰਿਕਾਂ ਨੂੰ ਐਸ.ਆਈ.ਆਰ. ਦੀ ਸਮਾਂ-ਸੀਮਾ ਬਾਰੇ ਪੂਰੀ ਜਾਣਕਾਰੀ ਦੇ ਨਾਲ-ਨਾਲ ਨਵੀਂ ਵੋਟਰ ਰਜਿਸਟ੍ਰੇਸ਼ਨ, ਵੋਟ ਵਿੱਚ ਸੋਧ ਜਾਂ ਨਾਮ ਕਟਵਾਉਣ ਲਈ ਲੋੜੀਂਦੇ ਦਸਤਾਵੇਜ਼ਾਂ ਸਬੰਧੀ ਵੀ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਵੋਟਰਾਂ ਨੂੰ ਸਾਲ 2003 ਦੀ ਆਖਰੀ ਐਸ.ਆਈ.ਆਰ. ਵੋਟਰ ਸੂਚੀ ਨਾਲ ਰਿਕਾਰਡ ਖੋਜਣ ਅਤੇ ਜੋੜਨ ਵਿੱਚ ਵੀ ਸਹਾਇਤਾ ਦਿੱਤੀ ਜਾਵੇਗੀ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਹੈਲਪ ਡੈਸਕ ਦਾ ਸਟਾਫ ਵੋਟਰਾਂ ਨੂੰ ਅਨੁਮਰੇਸ਼ਨ ਫਾਰਮ ਭਰਨ ਅਤੇ ਜਮ੍ਹਾਂ ਕਰਵਾਉਣ ਵਿੱਚ ਆਨਲਾਈਨ ਅਤੇ ਆਫ਼ਲਾਈਨ ਦੋਵੇਂ ਢੰਗਾਂ ਰਾਹੀਂ ਸਹਾਇਤਾ ਦੇਵੇਗਾ । ਪ੍ਰਵਾਸੀ ਵੋਟਰਾਂ ਨੂੰ ਉਨ੍ਹਾਂ ਦੇ ਮੌਜੂਦਾ ਅਤੇ ਪਿਛਲੇ ਵਿਧਾਨ ਸਭਾ ਹਲਕਿਆਂ ਦੀ ਪਛਾਣ ਕਰਨ ਲਈ ਵਿਸ਼ੇਸ਼ ਮਦਦ ਦਿੱਤੀ ਜਾਵੇਗੀ ਤਾਂ ਜੋ ਉਨ੍ਹਾਂ ਦੀ ਸਹੀ ਥਾਂ ’ਤੇ ਰਜਿਸਟ੍ਰੇਸ਼ਨ ਯਕੀਨੀ ਬਣਾਈ ਜਾ ਸਕੇ। ਨਾਗਰਿਕਾਂ ਨੂੰ ਵੋਟਰ ਹੈਲਪਲਾਈਨ ਨੰਬਰ 1950 ਅਤੇ ਆਲ-ਇਨਕਲੂਸਿਵ ਮੋਬਾਈਲ ਐਪਲੀਕੇਸ਼ਨ ਦੀਆਂ ਵਿਸ਼ੇਸ਼ਤਾਵਾਂ ਬਾਰੇ ਵੀ ਜਾਣੂੰ ਕਰਵਾਇਆ ਜਾਵੇਗਾ, ਖਾਸ ਕਰਕੇ ‘ਬੁੱਕ ਅ ਕਾਲ ਵਿਦ ਬੀ.ਐਲ.ਓ.’ ਸਹੂਲਤ ਬਾਰੇ।ਦੀਪਸ਼ਿਖਾ ਸ਼ਰਮਾ ਨੇ ਹੈਲਪ ਡੈਸਕ ’ਤੇ ਤਾਇਨਾਤ ਸਟਾਫ ਨੂੰ ਉਪਰੋਕਤ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵੋਟਰਾਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਐਸ.ਆਈ.ਆਰ. ਤਹਿਤ ਚੱਲ ਰਹੀ ਇਸ ਮਹੱਤਵਪੂਰਨ ਚੋਣ ਪ੍ਰਕਿਰਿਆ ਵਿੱਚ ਹੈਲਪ ਡੈਸਕ ਸਹੂਲਤ ਦਾ ਲਾਭ ਉਠਾਇਆ ਜਾਵੇ।

# ਜਦੋਂ ਪੱਤਰਕਾਰ ਨਾਲ ਬਦਸਲੂਕੀ ਕਰਨ ਵਾਲੇ ਸਕੂਲ ਸਟਾਫ ਮੈਂਬਰ ਨੇ ਮੁਆਫੀ ਮੰਗ ਕੇ ਖਹਿੜਾ ਛਡਾਇਆ

ਲੁਧਿਆਣਾ 3 ਜੂਨ (ਰਵਿੰਦਰ ਸਿੰਘ ਨਿੱਝਰ) ਸਥਾਨਕ ਮਾਡਲ ਟਾਊਨ ਵਿਖੇ ਪੈਂਦੇ ਇਲਾਕੇ ਸ਼ਾਸਤਰੀ ਨਗਰ ਵਿੱਚ ਸਥਿਤ ਇੱਕ ਸੀਨੀਅਰ ਸੈਕੰਡਰੀ ਸਕੂਲ ਦੇ ਸਟਾਫ ਮੈਂਬਰ ਨੂੰ ਜਿਸ ਨੇ ਕਿ ਪਹਿਲਾਂ ਪੱਤਰਕਾਰ ਨਾਲ ਬਦਤਮੀਜੀ ਕੀਤੀ ਉਸ ਨੂੰ ਆਖਰ ਮੁਆਫੀ ਮੰਗ ਕੇ ਖਹਿੜਾ ਛਡਾਉਣਾ ਪਿਆ । ਹੋਇਆ ਇੰਝ ਕਿ ਪੰਜਾਬ ਸਰਕਾਰ ਵੱਲੋਂ ਨਿੱਜੀ ਤੇ ਸਰਕਾਰੀ ਹਰ ਤਰ੍ਹਾਂ ਦੇ ਸਕੂਲਾਂ ਵਿੱਚ 30 ਜੂਨ ਤੱਕ ਛੁੱਟੀਆਂ ਕੀਤੀਆਂ ਹੋਈਆਂ ਹਨ । ਪ੍ਰੰਤੂ ਇਸ ਸਕੂਲ ਵਿੱਚ ਕੁਝ ਜਮਾਤਾਂ ਦੇ ਵਿਦਿਆਰਥੀਆਂ ਨੂੰ ਅਜੇ ਵੀ ਸੱਦਿਆ ਜਾ ਰਿਹਾ ਹੈ। ਇਸ ਦੀ ਭਿਣਕ ਪੈਣ ਤੇ ਟੀਵੀ ਪੱਤਰਕਾਰ ਇੰਦਰਪਾਲ ਧੁੰਨਾ ਮੌਕੇ ਤੇ ਪਹੁੰਚ ਗਏ ਅਤੇ ਉਨ੍ਹਾਂ ਨੇ ਬਾਹਰ ਨਿਕਲਦੇ ਵਿਦਿਆਰਥੀਆਂ ਦੀ ਕਵਰੇਜ ਕਰਨੀ ਸ਼ੁਰੂ ਕਰ ਦਿੱਤੀ। ਐਨੇ ਨੂੰ ਸਕੂਲ ਦੇ ਅੰਦਰੋਂ ਸਟਾਫ ਦਾ ਇੱਕ ਵਿਅਕਤੀ ਆਇਆ ਅਤੇ ਪੱਤਰਕਾਰ ਨਾਲ ਹਿੰਦੀ ਵਿੱਚ ਗੱਲ ਕਰਨ ਅਤੇ ਤੂੰ ਤੂੰ ਮੈਂ ਮੈਂ ਕਰਨ ਲੱਗਾ। ਜਦੋਂ ਪੱਤਰਕਾਰ ਧੁੰਨਾ ਨੇ ਉਸ ਨੂੰ ਪੰਜਾਬੀ ਵਿੱਚ ਗੱਲ ਕਰਨ ਲਈ ਆਖਿਆ ਤਾਂ ਉਸ ਨੇ ਕਿਹਾ ਕਿ ਮੈਂ ਤਾਂ ਹਿੰਦੀ ਹੀ ਬੋਲਾਂਗਾ। ਉਸ ਨੇ ਪੱਤਰਕਾਰ ਨਾਲ ਕਥਿਤ ਤੌਰ ਤੇ ਬਦਤਮੀਜੀ ਵੀ ਕੀਤੀ ਜਿਸ ਤੋਂ ਨਰਾਜ਼ ਹੋਏ ਪੱਤਰਕਾਰ ਨੇ ਆਪਣੇ ਸਾਥੀਆਂ ਨੂੰ ਇਤਲਾਹ ਦਿੱਤੀ ਦੇਖਦੇ ਹੀ ਦੇਖਦੇ ਵੱਡੀ ਗਿਣਤੀ ਵਿੱਚ ਪੱਤਰਕਾਰ ਸਕੂਲ ਦੇ ਗੇਟ ਅੱਗੇ ਇਕੱਠੇ ਹੋ ਗਏ ਅਤੇ ਸਿਖਰ ਦੁਪਹਿਰੇ ਸਕੂਲ ਅੱਗੇ ਧਰਨਾ ਲਾ ਦਿੱਤਾ। ਪੱਤਰਕਾਰ ਮੰਗ ਕਰ ਰਹੇ ਸਨ ਕਿ ਪੰਜਾਬੀ ਬੋਲਣ ਤੋਂ ਨਾਂਹ ਕਰਨ ਵਾਲੇ ਇਸ ਸਕੂਲ ਦੀ ਮਾਨਤਾ ਤੁਰੰਤ ਰੱਦ ਕੀਤੀ ਜਾਵੇ ਅਤੇ ਛੁੱਟੀਆਂ ਵਿੱਚ ਵੀ ਵਿਦਿਆਰਥੀਆਂ ਨੂੰ ਗੈਰ ਕਾਨੂੰਨੀ ਢੰਗ ਨਾਲ ਸਕੂਲ ਬਲਾਉਣ ਕਾਰਣ ਇਸ ਸਕੂਲ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਕੁਝ ਘੰਟਿਆਂ ਦੇ ਧਰਨੇ ਤੋਂ ਬਾਅਦ ਆਖਰ ਸਕੂਲ ਪ੍ਰਬੰਧਕਾਂ ਨੂੰ ਝੁਕਣਾ ਪਿਆ। ਪੱਤਰਕਾਰ ਨਾਲ ਬਦਤਮੀਜੀ ਕਰਨ ਵਾਲੇ ਵਿਅਕਤੀ ਨੇ ਬਾਹਰ ਆ ਕੇ ਸਮੁੱਚੇ ਮੀਡੀਆ ਅਤੇ ਹੋਰ ਲੋਕਾਂ ਦੇ ਸਾਹਮਣੇ ਮੁਆਫੀ ਮੰਗੀ ਅਤੇ ਉਸ ਨੂੰ ਪੰਜਾਬੀ ਮਾਂ ਬੋਲੀ ਜਿੰਦਾਬਾਦ ਦਾ ਨਾਅਰਾ ਲਗਾ ਕੇ ਆਪਣਾ ਖਹਿੜਾ ਛਡਾਉਣਾ ਪਿਆ। ਮੌਕੇ ਤੇ ਹਾਜ਼ਰ ਪੱਤਰਕਾਰਾਂ ਨੇ ਐਲਾਨ ਕੀਤਾ ਕਿ ਜਿਹੜਾ ਵੀ ਸਕੂਲ ਪੰਜਾਬੀ ਬੋਲਣ ਵਾਲੇ ਵਿਦਿਆਰਥੀ ਨੂੰ ਸਜ਼ਾ ਦੇਵੇਗਾ ਜਾਂ ਪੰਜਾਬੀ ਬੋਲਣ ਤੋਂ ਰੋਕੇਗਾ ਉਸ ਵਿਰੁੱਧ ਧਰਨਾ ਲਗਾਵਾਂਗੇ ਅਤੇ ਉਸਦੀ ਮਾਨਤਾ ਰੱਦ ਕਰਵਾ ਕੇ ਛੱਡਾਂਗੇ।

## 5 ਕਿੱਲੋ ਭੁੱਕੀ ਬ੍ਰਾਮਦ

ਪਟਿਆਲਾ, 3 ਜੂਨ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਗੁਰਮੇਲ ਸਿੰਘ ਸਿੰਘ ਵਾਸੀ ਪਿੰਡ ਸ਼ੇਰਮਾਜਰਾ ਵਿਰੁੱਧ ਧਾਰਾ 15, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਗੁਰਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਸ਼ੇਰਮਾਜਰਾ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ’ਤੇ ਰੋਕ ਕੇ ਚੈੱਕ ਕਰਨ ’ਤੇ ਕਥਿਤ ਦੋਸ਼ੀ ਕੋਲੋਂ 5 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ।

# ਬਦਰੀਨਾਥ ਧਾਮ : ਹਿਮਾਲਿਆ ਦੀ ਗੋਦ ਵਿਚ ਆਸਥਾ ਅਤੇ ਕੁਦਰਤ ਦਾ ਅਲੌਕਿਕ ਸੰਗਮ

ਉੱਤਰਾਖੰਡ ਦੀਆਂ ਹਿਮਾਲਿਆਈ ਵਾਦੀਆਂ ਵਿੱਚ ਸਥਿਤ ਬਦਰੀਨਾਥ ਧਾਮ ਕੇਵਲ ਇੱਕ ਤੀਰਥ ਸਥਾਨ ਹੀ ਨਹੀਂ, ਸਗੋਂ ਭਾਰਤੀ ਆਸਥਾ, ਸੰਸਕ੍ਰਿਤੀ ਅਤੇ ਆਧਿਆਤਮਿਕ ਚੇਤਨਾ ਦਾ ਜੀਵੰਤ ਪ੍ਰਤੀਕ ਹੈ। ਸਮੁੰਦਰ ਤਲ ਤੋਂ ਲਗਭਗ 10,248 ਫੁੱਟ ਦੀ ਉਚਾਈ ’ਤੇ ਅਲਕਨੰਦਾ ਨਦੀ ਦੇ ਕਿਨਾਰੇ ਸਥਿਤ ਇਹ ਧਾਮ ਭਗਵਾਨ ਵਿਸ਼ਨੂੰ ਦੇ ਬਦਰੀ ਸਰੂਪ ਨੂੰ ਸਮਰਪਿਤ ਹੈ ਅਤੇ ਹਿੰਦੂ ਧਰਮ ਦੇ ਚਾਰ ਪ੍ਰਮੁੱਖ ਧਾਮਾਂ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਹਰ ਸਾਲ ਲੱਖਾਂ ਸ਼ਰਧਾਲੂ ਔਖੇ ਪਹਾੜੀ ਰਸਤੇ ਤੈਅ ਕਰਕੇ ਇੱਥੇ ਦਰਸ਼ਨਾਂ ਲਈ ਪਹੁੰਚਦੇ ਹਨ।ਹਿਮਾਲਿਆ ਦੀਆਂ ਉੱਚੀਆਂ ਬਰਫ਼ੀਲੀਆਂ ਚੋਟੀਆਂ, ਡੂੰਘੀਆਂ ਘਾਟੀਆਂ, ਅਲਕਨੰਦਾ ਦੀ ਕਲ-ਕਲ ਧੁਨੀ ਅਤੇ ਸ਼ਾਂਤ ਵਾਤਾਵਰਣ ਬਦਰੀਨਾਥ ਧਾਮ ਨੂੰ ਅਲੌਕਿਕ ਸਰੂਪ ਪ੍ਰਦਾਨ ਕਰਦੇ ਹਨ। ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਕੁਦਰਤ ਅਤੇ ਅਧਿਆਤਮ ਦਾ ਅਦਭੁੱਤ ਮਿਲਾਪ ਇਸੇ ਸਥਾਨ ’ਤੇ ਹੋਇਆ ਹੋਵੇ। ਇਹੀ ਕਾਰਨ ਹੈ ਕਿ ਪ੍ਰਾਚੀਨ ਸਮੇਂ ਤੋਂ ਰਿਸ਼ੀ-ਮੁਨੀ ਹਿਮਾਲਿਆ ਨੂੰ ਤਪੱਸਿਆ ਅਤੇ ਸਾਧਨਾ ਦਾ ਕੇਂਦਰ ਮੰਨਦੇ ਆਏ ਹਨ। ਇਤਿਹਾਸਕ ਮਾਨਤਾਵਾਂ ਅਨੁਸਾਰ ਭਗਵਾਨ ਵਿਸ਼ਨੂੰ ਨੇ ਇਸੇ ਸਥਾਨ ’ਤੇ ਤਪੱਸਿਆ ਕੀਤੀ ਸੀ । ਕਿਹਾ ਜਾਂਦਾ ਹੈ ਕਿ ਕਠੋਰ ਹਿਮਪਾਤ ਤੋਂ ਉਨ੍ਹਾਂ ਦੀ ਰੱਖਿਆ ਕਰਨ ਲਈ ਮਾਤਾ ਲਕਸ਼ਮੀ ਨੇ ਖੁਦ ਬਦਰੀ ਰੁੱਖ ਦਾ ਰੂਪ ਧਾਰਨ ਕਰ ਲਿਆ ਸੀ। ਇਸੇ ਕਾਰਨ ਭਗਵਾਨ ਵਿਸ਼ਨੂੰ ਬਦਰੀਨਾਥ ਦੇ ਨਾਮ ਨਾਲ ਪ੍ਰਸਿੱਧ ਹੋਏ। ਇੱਕ ਹੋਰ ਕਥਾ ਅਨੁਸਾਰ ਭਗਵਾਨ ਵਿਸ਼ਨੂੰ ਨੇ ਬਾਲ ਰੂਪ ਧਾਰਨ ਕਰਕੇ ਸ਼ਿਵ-ਪਾਰਵਤੀ ਤੋਂ ਇਹ ਸਥਾਨ ਧਿਆਨ ਅਤੇ ਯੋਗ ਲਈ ਪ੍ਰਾਪਤ ਕੀਤਾ ਸੀ। ਮਾਨਤਾ ਹੈ ਕਿ ਅੱਠਵੀਂ ਸਦੀ ਵਿੱਚ



ਆਦਿ ਸ਼ੰਕਰਾਚਾਰੀਆ ਨੇ ਇਸ ਧਾਮ ਦੀ ਪੁਨਰ-ਸਥਾਪਨਾ ਕੀਤੀ ਸੀ। ਉਨ੍ਹਾਂ ਨੇ ਅਲਕਨੰਦਾ ਨਦੀ ਤੋਂ ਭਗਵਾਨ ਬਦਰੀ ਨਰਾਇਣ ਦੀ ਮੂਰਤੀ ਪ੍ਰਾਪਤ ਕਰਕੇ ਮੰਦਰ ਵਿੱਚ ਸਥਾਪਿਤ ਕੀਤੀ। ਇਹ ਮੂਰਤੀ ਸ਼ਾਲਿਗ੍ਰਾਮ ਸ਼ਿਲਾ ਤੋਂ ਬਣੀ ਹੋਈ ਹੈ ਤੇ ਚਤੁਰਭੁਜ ਧਿਆਨ ਮੁਦਰਾ ਵਿੱਚ ਸਥਾਪਿਤ ਹੈ। ਅੱਜ ਵੀ ਇੱਥੇ ਦੱਖਣੀ ਭਾਰਤ ਦੇ ਨੰਬੂਦਰੀ ਬ੍ਰਾਹਮਣ ਮੁੱਖ ਪੁਜਾਰੀ ਵਜੋਂ ਸੇਵਾ ਨਿਭਾਉਂਦੇ ਹਨ, ਜੋ ਭਾਰਤੀ ਸੱਭਿਆਚਾਰਕ , ਸਮਾਜਿਕ ਅਤੇ ਧਾਰਮਿਕ ਏਕਤਾ ਦੀ ਸੁੰਦਰ ਮਿਸਾਲ ਪੇਸ਼ ਕਰਦੇ ਹਨ। ਬਦਰੀਨਾਥ ਯਾਤਰਾ ਆਮ ਤੌਰ ’ਤੇ ਹਰਿਦੁਆਰ ਅਤੇ ਰਿਸ਼ਿਕੇਸ਼ ਤੋਂ ਸ਼ੁਰੂ ਹੁੰਦੀ ਹੈ। ਰਸਤੇ ਵਿੱਚ ਦੇਵਪ੍ਰਯਾਗ, ਰੁਦ੍ਰਪ੍ਰਯਾਗ, ਕਰਨਪ੍ਰਯਾਗ, ਪੀਪਲ ਕੋਠੀ ਅਤੇ ਜੋਸ਼ੀ ਮਠ ਵਰਗੇ ਮਹੱਤਵਪੂਰਨ ਪੜਾਅ ਆਉਂਦੇ ਹਨ। ਜਿਵੇਂ-ਜਿਵੇਂ ਯਾਤਰਾ ਅੱਗੇ ਵਧਦੀ ਹੈ, ਕੁਦਰਤ ਦਾ ਰੂਪ ਹੋਰ ਵੀ ਸੁੰਦਰ ਹੁੰਦਾ ਜਾਂਦਾ ਹੈ। ਉੱਚੇ ਪਹਾੜ, ਡੂੰਘੀਆਂ ਖਾਈਆਂ, ਘੁੰਮਾਵਦਾਰ ਸੜਕਾਂ ਅਤੇ ਵਹਿੰਦੀਆਂ ਨਦੀਆਂ ਯਾਤਰੀਆਂ ਨੂੰ ਰੋਮਾਂਚ ਅਤੇ ਸ਼ਰਧਾ ਦੋਹਾਂ ਦਾ ਅਨੁਭਵ ਕਰਾਉਂਦੀਆਂ ਹਨ। ਮੰਦਰ ਦੇ ਸਾਹਮਣੇ ਸਥਿਤ ਤਪਤ ਕੁੰਡ ਸ਼ਰਧਾਲੂਆਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਬਰਫ਼ੀਲੇ ਮਾਹੌਲ ਦੇ ਬਾਵਜੂਦ ਇੱਥੋਂ ਦਾ ਪਾਣੀ ਕੁਦਰਤੀ ਤੌਰ ’ਤੇ ਗਰਮ ਰਹਿੰਦਾ ਹੈ ਅਤੇ ਸ਼ਰਧਾਲੂ ਦਰਸ਼ਨਾਂ ਤੋਂ ਪਹਿਲਾਂ ਇਸ ਵਿੱਚ ਇਸ਼ਨਾਨ ਕਰਦੇ ਹਨ। ਮੰਦਰ ਦੇ ਪਿੱਛੇ ਸਥਿਤ ਨੀਲਕੰਠ ਪਹਾੜ ਆਪਣੀ ਬਰਫ਼ ਨਾਲ ਢੱਕੀ ਚੋਟੀ ਨਾਲ ਇਸ ਧਾਮ ਦੀ ਦਿਵਤਾ ਨੂੰ ਹੋਰ ਵਧਾ ਦਿੰਦਾ ਹੈ। ਬਦਰੀਨਾਥ ਦੇ ਆਲੇ-ਦੁਆਲੇ ਕਈ ਪੁਰਾਤਨ ਅਤੇ ਦਰਸ਼ਨੀ ਸਥਾਨ ਸਥਿਤ ਹਨ। ਮਾਣਾ ਪਿੰਡ, ਜਿਸਨੂੰ ਭਾਰਤ ਦਾ ਆਖ਼ਰੀ ਪਿੰਡ ਕਿਹਾ ਜਾਂਦਾ ਹੈ, ਇੱਥੇ ਦਾ ਪ੍ਰਮੁੱਖ ਆਕਰਸ਼ਣ ਹੈ। ਇਸੇ ਖੇਤਰ ਵਿੱਚ ਵਿਆਸ ਗੁਫਾ, ਗਣੇਸ਼ ਗੁਫਾ, ਭੀਮ ਪੁਲ, ਚਰਨ ਪਾਦੁਕਾ, ਵਸੁਧਾਰਾ ਝਰਨਾ ਅਤੇ ਅਲਕਾਪੁਰੀ ਵਰਗੇ ਸਥਾਨ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਖ਼ਾਸ ਤੌਰ ’ਤੇ ਆਕਰਸ਼ਿਤ ਕਰਦੇ ਹਨ। ਮਾਨਤਾ ਹੈ ਕਿ ਵੇਦਾਂ ਅਤੇ ਮਹਾਭਾਰਤ ਦੀ ਰਚਨਾ ਇਸੇ ਖੇਤਰ ਵਿੱਚ ਹੋਈ ਸੀ। ਬਦਰੀਨਾਥ ਧਾਮ ਦੇ ਕਪਾਟ ਹਰ ਸਾਲ ਅਕਸ਼ੈ ਤੀਜ ਦੇ ਪਵਿੱਤਰ ਦਿਨ ਖੁੱਲ੍ਹਦੇ ਹਨ ਅਤੇ ਦੀਵਾਲੀ ਤੋਂ ਬਾਅਦ ਸਰਦੀਆਂ ਲਈ ਬੰਦ ਕਰ ਦਿੱਤੇ ਜਾਂਦੇ ਹਨ।ਗਰਮੀਆਂ ਵਿੱਚ ਇਹ ਸਮਾਂ ਯਾਤਰਾ ਲਈ ਸਭ ਤੋਂ ਢੁਕਵਾਂ ਮੰਨਿਆ ਜਾਂਦਾ ਹੈ, ਜਦਕਿ ਉਸ ਤੋਂ ਬਾਅਦ ਵਾਲੇ ਬਰਸਾਤੀ ਮੌਸਮ ਵਿੱਚ ਪਹਾੜੀਆਂ ਖਿਸਕਣ ਦਾ ਖ਼ਤਰਾ ਬਣਿਆ ਰਹਿੰਦਾ ਹੈ।ਸਮੇਂ ਦੇ ਨਾਲ ਤੀਰਥ ਯਾਤਰੀਆਂ ਦੀ ਵੱਧ ਰਹੀ ਗਿਣਤੀ ਨੇ ਵਾਤਾਵਰਣ ਸੰਬੰਧੀ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। ਪਲਾਸਟਿਕ ਕੂੜਾ, ਬੇਕਾਬੂ ਨਿਰਮਾਣ ਅਤੇ ਕੁਦਰਤੀ ਸੰਤੁਲਨ ਵਿੱਚ ਦਖ਼ਲ ਹਿਮਾਲਿਆ ਦੀਆਂ ਨਾਜ਼ੁਕ ਪ੍ਰਸਥਿਤੀਆਂ ਨੂੰ ਪ੍ਰਭਾਵਿਤ ਕਰ ਰਹੇ ਹਨ। ਲੋੜ ਇਸ ਗੱਲ ਦੀ ਹੈ ਕਿ ਸ਼ਰਧਾਲੂ ਅਤੇ ਪ੍ਰਸ਼ਾਸਨ ਮਿਲ ਕੇ ਇਸ ਪਵਿੱਤਰ ਧਾਮ ਦੀ ਕੁਦਰਤੀ ਸੁੰਦਰਤਾ ਅਤੇ ਪਵਿੱਤਰਤਾ ਨੂੰ ਸੁਰੱਖਿਅਤ ਰੱਖਣ ਲਈ ਯਤਨ ਕਰਨ।ਬਦਰੀਨਾਥ ਧਾਮ ਦੀ ਯਾਤਰਾ ਕੇਵਲ ਇੱਕ ਧਾਰਮਿਕ ਰਸਮ ਨਹੀਂ, ਸਗੋਂ ਆਤਮਿਕ ਅਨੁਭੂਤੀ ਦੀ ਯਾਤਰਾ ਹੈ। ਇਹ ਮਨੁੱਖ ਨੂੰ ਕੁਦਰਤ ਦੇ ਵਿਸ਼ਾਲ ਸਰੂਪ ਦੇ ਸਾਹਮਣੇ ਨਿਮਰ ਬਣਾਉਂਦੀ ਹੈ ਅਤੇ ਜੀਵਨ ਦੇ ਡੂੰਘੇ ਅਰਥਾਂ ਦਾ ਅਹਿਸਾਸ ਕਰਾਉਂਦੀ ਹੈ। ਹਿਮਾਲਿਆ ਦੀ ਗੋਦ ਵਿੱਚ ਸਥਿਤ ਇਹ ਧਾਮ ਅਸਲ ਵਿੱਚ ਭਾਰਤੀ ਆਸਥਾ ਅਤੇ ਅਧਿਆਤਮ ਦਾ ਅਮਰ ਪ੍ਰਤੀਕ ਹੈ।





